ੴ ਸਤਿਗੁਰ ਪ੍ਰਸਾਦਿ ॥

# ਤੀਜੇ ਗੁਰੂਦੇਵ, ਸ਼੍ਰੀ ਗੁਰੂ ਅਮਰਦਾਸ ਜੀ

**ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨ ਆਵੈ॥**

**1479-1574 ਈਸਵੀ**

**ਲਾਂਚ ਕਰਤਾ :**

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਜੀ ਚੈਰਿਟੇਬਲ ਟਰਸਟ, ਚੰਡੀਗੜ੍ਹ

Lunched By : Jasbir Singh
9988160484, 62390-45985
0172- 2696891

Type Setting By :
Radhe Shyam Choudhary
98149-66882

ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ

Download Free

# ਸ਼੍ਰੀ ਗੁਰੂ ਅਮਰਦਾਸ ਜੀ ਮਹਾਰਾਜ


1. ਸ਼੍ਰੀ ਗੁਰੂਅਮਰਦਾਸ ਜੀ ਦਾ ਪ੍ਰਕਾਸ਼

2. ਪੂਰਨ ਗੁਰੂਦੀ ਖੋਜ

3. ਜੋਗੀ ਸ਼ਿਵਨਾਥ

4. ਗੋਇੰਦਵਾਲ ਵਸਾਉਂਣਾ

5. ਅਮਰਦਾਸ ਜੀ ਨੂੰ ਗੁਰਗੱਦੀ ਦੀ ਪ੍ਰਾਪਤੀ

6. ਸਪੁੱਤਰੀ ਭਾਨੀ ਲਈ ਵਰ ਚੁਣਨਾਂ

7. ਪੀਣ ਵਾਲੇ ਪਾਣੀ ਲਈ ਨਿਤ ਕਲੇਸ਼

8. ਦਾਤੂਜੀ

9. ਦਾਸੂਜੀ ਦੁਆਰਾ ਗੁਰੂਕਹਾਉਣ ਦਾ ਅਸਫਲ ਯਤਨ

1●. ਬਾਉਲੀ (ਜਲਕੁੰਡ) ਦਾ ਨਿਰਮਾਣ-ਕਾਰਜ

11. ਗੁਰੂਦਾ ਲੰਗਰ

12. ਪੰਡਿਤ ਹਰੀਦਾਸ ਤਪੱਸਵੀ

13. ਭਾਈ ਸਾਵਣ ਮੱਲ ਜੀ

14. ਹਰੀਪੁਰ ਦਾ ਰਾਜਾ ਗੁਰੂਦਰਬਾਰ ਵਿੱਚ

15. ਸ਼੍ਰੀ ਗੁਰੂਅਮਰਦਾਸ ਜੀ ਗੁਰਮਤਿ ਪ੍ਰਚਾਰ ਯਾਤਰਾ ਤੇ

16. ਰੂੜੀਵਾਦੀਆਂ ਦੁਆਰਾ ਗੁਰਦੇਵ ਦੇ ਵਿਰੁਦ ਇਤਰਾਜ਼

17. ਭਾਈ ਲੰਗਾਹ ਜੀ

18. ਗੰਗੂਸ਼ਾਹ

19. ਨਥੋ ਅਤੇ ਮੁਰਾਰੀ

20. ਪੰਡਿਤ ਬੇਣੀ ਜੀ

21. ਭਾਈ ਪਾਰੋ ਜੁਲਕਾ ਜੀ

22. ਬੀਰਬਲ ਦਾ ਗੁਰੁਦੇਵ ਨਾਲ ਮਤਭੇਦ

23. ਬਾਦਸ਼ਾਹ ਅਕਬਰ ਨੂੰ ਜੇਠਾ ਜੀ ਨੇ ਸੰਤੁਸ਼ਟ ਕੀਤਾ

24. ਬਾਦਸ਼ਾਹ ਅਕਬਰ ਗੁਰੂਦਰਬਾਰ ਵਿਚ

25. ਗੋਇੰਦਵਾਲ ਦੀ ਬਾਉਲੀ ਗੰਗਾ ਸਮਾਨ

26. ਭਾਈ ਫਿਰਾਇਆ ਜੀ

27. ਭਾਈ ਜੇਠਾ ਜੀ ਦੀ ਸੇਵਾ ਭਗਤੀ

28. ਨਵੀਨ - ਨਗਰ ਦਾ ਨਿਰਮਾਣ

29. ਸੁਅਮ ਪਾਕੀ ਸੰਨਿਆਸੀ ਨੂੰ ਉਪਦੇਸ਼

30. ਗੋਇੰਦਵਾਲ ਵਿਚ ਵਿਸਾਖੀ ਪਰਵ

31. ਭਾਈ ਪ੍ਰਿਥਾ ਜੀ

32. ਪੰਡਿਤ ਬੂਲਾ ਜੀ

33. ਉੱਤਰਾਧਿਕਾਰੀ ਦੀ ਚੋਣ (ਚਹਨ)

34. ਗੁਰੁਦੇਵ ਪਰਮ - ਜੋਤੀ ਵਿਚ ਵਿਲੀਨ

# ਤੀਸਰੀ ਪਾਤਸ਼ਾਹੀ

# ਸ੍ਰੀ ਗੁਰੂਅਮਰਦਾਸ ਜੀ ਮਹਾਰਾਜ

**ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨ ਆਵੈ ॥**

**1479-1574 ਈਸਵੀ**

## ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼

**ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ (ਜਨਮ) 7 ਜੇਠ ਸੰਮਤ 1536 ਬਿਕਰਮੀ ਤਦ ਅਨੁਸਾਰ 5 ਮਈ ਸੰਨ 1579 ਈਸਵੀ ਵਿਚ "ਬਾਸਰਕੇ" ਪਿੰਡ (ਅੰਮ੍ਰਿਤਸਰ ਤੋਂ ਲਗਭਗ ਪੰਜ ਮੀਲ ਦੀ ਦੂਰੀ ਤੇ) ਵਿਚ ਹੋਇਆ। ਆਪ ਦੇ ਪਿਤਾ ਦਾ ਨਾਮ ਸ੍ਰੀ ਤੇਜਵਾਨ (ਭੱਲਾ) ਅਤੇ ਮਾਤਾ ਦਾ ਨਾਂ ਲੱਛਮੀ ਜੀ (ਸੁਲੱਖਣੀ) ਸੀ। ਸ੍ਰੀ ਤੇਜਭਾਨ ਜੀ ਦੇ ਚਾਰ ਬੇਟੇ ਸਨ।** ਇਹ ਇਕ ਪਰਿਵਾਰ ਦੇ ਰੂਪ ਵਿਚ ਜੀਵਨ ਨਿਰਬਾਹ ਕਰਦੇ ਸੀ। ਆਪ ਜੀ ਕੋਲ ਖੇਤੀਬਾੜੀ ਲਈ ਕਾਫੀ ਭੂਮੀ ਸੀ ਪਰੰਤੂਪਰਿਵਾਰ ਵੱਡਾ ਹੋਣ ਕਰਕੇ ਆਪ ਜੀ ਖੇਤੀਬਾੜੀ ਤੇ ਅਧਾਰਿਤ ਵਪਾਰ ਵੀ ਕਰਨ ਲੱਗੇ ਸਨ। ਆਪ ਜੀ ਕਿਸਾਨਾਂ ਤੋਂ ਉਹਨਾਂ ਦੇ ਉਤਪਾਦ ਖਰੀਦ ਦੇ ਸੀ ਅਤੇ ਉਸਦੇ ਬਦਲੇ ਉਨ੍ਹਾਂ ਦੀ ਜਰੂਰਤ ਦੀਆਂ ਵਸਤਾਂ ਆਦਿ ਦੀ ਵਿਕਰੀ ਕਰਦੇ ਸੀ ਜਿਸਤੋਂ ਲਾਭ ਹੋਣ ਕਾਰਨ ਵਪਾਰ ਖੂਬ ਚੱਲਪਿਆ ਸੀ ਪਰੰਤੁ ਸ੍ਰੀ ਅਮਰਦਾਸ ਜੀ ਅਧਿਆਤਮਕ ਜੀਵਨ ਜੀਉਣਾਂ ਚਾਹੁੰਦੇ ਸਨ।

ਆਪ ਜੀ ਵਿਆਹ ਕਰਨ ਦੇ ਇਛੁੱਕ ਨਹੀਂ ਸਨ। ਇਸ ਲਈ ਆਪ ਦੇ ਛੋਟੇ ਭਰਾਵਾਂ ਦਾ ਵਿਆਹ ਕਰ ਦਿੱਤਾ ਗਿਆ। ਕਿੰਤੂਸਮਾਜਿਕ ਦਬਾਅ ਪੈਣ ਤੇ ਆਪ ਵਿਆਹ ਦੇ ਲਈ 28 ਸਾਲ ਦੀ ਉਮਰ ਵਿਚ ਸਹਿਮਤ ਹੋਏ। ਮਾਪਿਆ ਦਾ ਤਰਕ ਸੀ ਕਿ ਗ੍ਰਹਿਸਥੀਆਂ ਦੇ ਵਿਚ ਰਹਿਣ ਤੇ ਵਿਆਹ ਜਰੂਰੀ ਹੈ ਨਹੀਂ ਤਾਂ ਸੰਨਿਆਸੀ ਬਣਕੇ ਘਰ ਤਿਆਗਣਾ ਪੈਂਦਾ ਹੈ। ਆਪ ਜੀ ਸੰਨਿਆਸੀ ਹੋਣਾ ਨਹੀਂ ਚਾਹੁੰਦੇ ਸੀ ਕਿਉਂਕਿ ਆਪ ਜੀ ਉਨ੍ਹਾਂ ਦੀ ਕਮਜ਼ੋਰੀਆਂ ਨੂੰ ਖੂਬ ਜਾਣਦੇ ਸੀ। ਸੰਨ 1507 ਈ. ਵਿੱਚ ਆਪ ਦਾ ਵਿਆਹ ਪਿੰਡ ਸਣਖੱਤਰੇ ਵਿਚ ਦੇਵੀਚੰਦ ਦੀ ਸਪੁੱਤਰੀ ਰਾਮ ਕੌਰ ਜੀ (ਜਿਨ੍ਹਾਂ ਦਾ ਨਾਮ ਸਸੁਰਾਲ ਵਿਚ ਮਨਸਾ ਦੇਵੀ ਰੱਖਿਆ ਗਿਆ) ਨਾਲ ਸੰਪੰਨ ਹੋਇਆ। ਆਪ ਜੀ ਦੀ ਚਾਰ ਸੰਤਾਨਾਂ ਹੋਈਆਂ ਦੋ ਪੁੱਤਰ ਅਤੇ ਦੋ ਪੁੱਤਰੀਆਂ, ਬਾਬਾ ਮੋਹਨ ਜੀ, ਬਾਬਾ ਮੋਹਰੀ ਜੀ ਬੀਬੀ ਭਾਨੀ ਜੀ ਅਤੇ ਬੀਬੀ ਦਾਨੀ ਜੀ।

ਆਪ ਸਨਾਤਨੀ ਹਿੰਦੂਸਨ। ਆਪ ਪਰੰਪਰਾਗਤ ਪ੍ਰਚੱਲਿਤ ਧਾਰਮਿਕ ਸੱਚ ਦੀ ਖੋਜ ਵਿੱਚ ਰਹਿੰਦੇ ਸਨ। ਆਪ ਪਰੰਪਰਾਗਤ ਪ੍ਰਚੱਲਿਤ ਧਾਰਮਿਕ ਕਰਮਕਾਂਡ, ਜਪ-ਤਪ, ਦਾਨ-ਪੁੰਨ, ਤੀਰਥ ਇਸਨਾਨ, ਸ਼ੁਭ-ਅਸ਼ੁਭ, ਜਾਤ-ਪਾਤ, ਉਚੀ-ਨੀਚ ਵਿਚ ਪੂਰਨ ਵਿਸ਼ਵਾਸ ਨਹੀਂ ਬਣਾ ਪਾ ਰਹੇ ਸੀ ਪਰੰਤੂਵਿਰਾਸਤ ਵਿਚ ਮਿਲੇ ਇੰਨ੍ਹਾਂ ਕਰਮਾਂ ਦੇ ਕਰਕੇ ਕੁਝ ਪ੍ਰਾਪਤੀਆ ਕਰਨਾਂ ਚਾਹੁੰਦੇ ਸਨ। ਜਦੋਂ ਆਪ ਜੀ ਇੰਨ੍ਹਾਂ ਕਰਮਾਂ ਤੋਂ ਅੱਕ ਗਏ ਤਾਂ ਆਪ ਜੀ ਨੇ 40 ਸਾਲ ਦੀ ਉਮਰ ਵਿੱਚ ਕਿਸੇ ਪੂਰਨ ਗਿਆਨੀ ਪੁਰਸ਼ ਦੀ ਖੋਜ ਵਿੱਚ ਹਰ ਸਾਲ ਗੰਗਾਂ ਇਸ਼ਨਾਨ ਦੇ ਬਹਾਨੇ ਹਰਿਦੁਆਰ ਜਾਣਾ ਪ੍ਰਾਰੰਭ ਕਰ ਦਿੱਤਾ। ਆਪ ਜੀ ਨੂੰ ਵਿਸ਼ਵਾਸ ਸੀ ਕਿ ਕਦੇ ਨਾ ਕਦੇ ਅਜਿਹੇ ਮਹਾਂਪੁਰਸ਼ ਨਾਲ ਜਰੂਰ ਭੇਂਟ ਹੋਏਗੀ ਜੋ ਉਹਨਾਂ ਨੂੰ ਅਸਲੀ ਗਿਆਨ ਪ੍ਰਦਾਨ ਕਰੇਗਾ। ਆਪ ਜੀ ਨਿਗਾਹ ਹਰਿਦੁਆਰ ਵਿੱਚ ਹਰ ਇੱਕ ਸੰਤ ਮਹਾਂਪੁਰਖ ਦੀ ਖੋਜ ਵਿਚ ਰਹਿੰਦੀ। ਪਰ ਆਪ ਜੀ ਦੀ ਕਸੌਟੀ ਤੇ ਕੋਈ ਸੰਨਿਆਸੀ, ਯੋਗੀ, ਸੰਤ, ਰਿਖੀ ਖ਼ਰਾ ਨਾ ਉਤਰਦਾ, ਆਪ ਨੇ ਵੀ ਖੋਜ ਜਾਰੀ ਰੱਖੀ। ਵਾਸਤਵਿਕਤਾ ਇਹ ਸੀ ਕਿ ਆਪ ਕੋਈ ਗਿਆਨੀ ਪੁਰਖਾਂ ਨੂੰ ਮਿਲੇ ਕਿੰਤੂਨਿਕਟਤਾ ਹੋਣ ਨਾਲ ਉਹ ਆਪ ਜੀ ਦੀ ਨਜ਼ਰ ਵਿੱਚ ਅਧੂਰੇ ਅਤੇ ਊਣਤਾਈਆਂ ਨਾਲ ਭਰੇ ਹੁੰਦੇ ਕਿਉਂਕਿ ਉਹ ਸਾਰੇ ਆਪਣੇ ਮਨ ਦੇ ਗੁਲਾਮ ਪਾਏ ਜਾਂਦੇ। ਆਪਦਾ ਉਦੇਸ਼ ਸੀ- ਮੈਂ ਉਸ ਮਹਾਂਪੁਰਖ ਨੂੰ ਗੁਰੂਧਾਰਨ ਕਰਾਂਗਾ, ਜਿਸਨੇ ਆਪਣਾ ਮਨ ਜਿੱਤ ਲਿਆ ਹੋਵੇ। ਆਖਿਰ 20 ਸਾਲਾਂ ਦੇ ਪਿਛੋਂ ਇੱਕ ਵਾਰ ਇੱਕ ਵੈਸ਼ਨਵ ਸਾਧੂਦੇ ਵਿਅੰਗ ਕਾਰਨ ਆਪਨੇ ਇਹ ਖੋਜ ਗੰਗਾਂ ਕਿਨਾਰੇ ਹਰਿਦੁਆਰ ਵਿਖੇ ਨਾਂ ਜਾ ਕੇ ਆਪਣੇ ਹੀ ਖੇਤਰ ਵਿਚ ਪ੍ਰਾਰੰਭ ਕਰ ਦਿੱਤੀ ਜੋ ਰੰਗ ਲਿਆਈ ਅਤੇ ਆਪ ਨੂੰ ਉੱਚ ਕੋਟੀ ਦੇ ਮਹਾਂਪੁਰਖਾਂ ਵਿੱਚ ਲਿਆ ਖੜਾ ਕੀਤਾ।

## ਪੂਰਨ ਗੁਰੂਦੀ ਖੋਜ

ਸੰਨ 1540 ਈਸਵੀ ਦਾ ਬਿਰਤਾਂਤ ਹੈ। ਸ੍ਰੀ ਅਮਰਦਾਸ ਜੀ ਆਪਣੇ ਜੀਵਨ ਦੇ ਵੀਹਵੀਂ ਵਾਰ ਹਰਿਦੁਆਰ ਗੰਗਾਂ ਇਸ਼ਨਾਨ ਯਤਾਰਾ ਕਰਕੇ ਆਪਣੇ ਪਿੰਡ ਬਾਸਰਕੇ (ਜਿਲ੍ਹਾ ਅੰਮ੍ਰਿਤਸਰ) ਵਾਪਸ ਆਰਹੇ ਸੀ ਤਾਂ ਰਸਤੇ ਵਿਚ ਮੇਹੜੇ ਪਿੰਡ ਵਿੱਚ ਪੰਡਿਤ ਦੁਰਗਾਦਾਸ ਦੀ ਸਰਾਂ ਵਿਚ ਠਹਿਰ ਗਏ। ਪੰਡਿਤ ਜੀ ਨੇ ਯਾਤਰੀਆਂ ਦੀ ਸੁਵਿਧਾ ਦੇ ਲਈ ਸਭ ਪ੍ਰਕਾਰ ਦੇ ਪ੍ਰਬੰਧ ਕਰ ਰੱਖੇ ਸੀ। ਭਾਵ ਯਾਤਰੀ ਏਥੋਂ ਸੰਤੁਸ਼ਟ ਜਾਇਆ ਕਰਦੇ ਸਨ। ਗੁਰੂਅਮਰਦਾਸ ਜੀ ਨੇ ਸਰਾਂ ਦੇ ਕੋਲ ਵਾਲੇ ਬਗੀਚੇ ਵਿੱਚ ਇੱਕ ਦਰੱਖਤ ਦੀ ਛਾਇਆ ਵਿੱਚ ਵਿਸ਼ਰਾਮ ਦੇ ਲਈ ਆਸਣ ਲਗਾਇਆ ਅਤੇ ਸੌਂ ਗਏ। ਪੰਡਿਤ ਜੀ ਉੱਥੇ ਯਾਤਰੀਆਂ ਦੀ ਖ਼ਬਰ ਲੈਣ ਪਹੁੰਚੇ। ਕੀ ਦੇਖਦੇ ਹਨ ਕਿ ਇੱਕ ਅੱਧਖੜ ਉਮਰ ਦਾ ਵਿਅਕਤੀ ਜੋ ਗਹਿਰੀ ਨੀਂਦ ਵਿੱਚ ਹੈ, ਉਸਦੇ ਚਰਣਾਂ ਵਿੱਚ ਪਦਮ ਰੇਖਾ ਹੈ। ਪੰਡਿਤ ਜੀ ਜੋਤਿਸ਼ ਵਿੱਦਿਆ ਦੇ ਗਿਆਨਵਾਨ ਸਨ, ਭਾਵ! ਉਹਨਾਂ ਦੀ ਵਿੱਦਿਆ ਅਨੁਸਾਰ ਪਦਮ ਚਿੰਨ ਵਾਲਾ ਵਿਅਕਤੀ ਕੋਈ ਪਰਾਕਰਮੀ ਪੁਰਖ ਹੋਣਾਂ ਚਾਹੁੰਦਾ ਹੈ ਜਾਂ ਫਿਰ ਚੱਕਰਵਰਤੀ

ਸਮਰਾਟ। ਪਰੰਤੂ ਏਥੇ ਉਹਨਾਂ ਨੂੰ ਉਸ ਵਿਅਕਤੀ ਵਿਚ ਕੋਈ ਵਿਸ਼ੇਸ਼ ਲੱਛਣ ਦਿਖਾਈ ਨਹੀਂ ਦਿੱਤਾ। ਭਾਵ: ਉਹ ਹੈਰਾਨੀ ਦੇ ਕਾਰਨ ਉੱਥੇ ਉਹਨਾਂ ਦੇ ਨਜ਼ਦੀਕ ਉੱਠਣ ਦੀ ਉਡੀਕ ਵਿਚ ਬੈਠ ਗਏ ਅਤੇ ਵਿਚਾਰਨ ਲੱਗੇ- ਮੇਰੀ ਵਿੱਦਿਆ ਅਰਥਾਤ ਸ਼ਾਸਤਰ ਕਦੇ ਗਲਤ ਨਹੀਂ ਹੋ ਸਕਦੇ। ਇਹ ਜਰੂਰ ਹੀ ਕੋਈ ਵੱਡੇ ਵਿਅਕਤੀ ਹਨ) ਜਦੋਂ ਅਮਰਦਾਸ ਜੀ ਦੀ ਨੀਂਦ ਖੁੱਲੀ ਤਾਂ ਉਹਨਾਂ ਨੇ ਪੰਡਿਤ ਜੀ ਤੋਂ ਪੁੱਛਿਆ- ਸ੍ਰੀਮਾਨ ਜੀ ਆਪ ਮੇਰੇ ਤੋ ਕੀ ਚਾਹੁੰਦੇ ਹੋ ਅਤੇ ਤੁਸੀਂ ਮੇਰੀ ਉਡੀਕ ਵਿੱਚ ਕਿਉਂ ਬੈਠੇ ਹੋ? ਇਸ ਤੇ ਪੰਡਿਤ ਜੀ ਨੇ ਕਿਹਾ- "ਜਜ਼ਮਾਨ ਕਿਰਪਾ ਕਰਕੇ ਤੁਸੀਂ ਮੈਨੂੰ ਦੱਸੋ ਕਿ ਤੁਸੀਂ ਕੌਣ ਹੋ? ਉੱਤਰ ਵਿੱਚ ਅਮਰਦਾਸ ਜੀ ਨੇ ਦੱਸਿਆ- ਮੈਂ ਵਾਸਤਵ ਵਿੱਚ ਇੱਕ ਸਧਾਰਣ ਪੁਰਖ ਹੀ ਹਾਂ ਪਰੰਤੂ ਮੈਂ ਹਰ ਸਾਲ ਗੰਗਾ ਇਸ਼ਨਾਨ ਕਰਨ ਜਾਂਦਾ ਹਾਂ ਅਤੇ ਇਸਤੋਂ ਇਲਾਵਾ ਇੱਥੇ ਇਸ ਸਰਾਂ ਵਿੱਚ ਠਹਿਰਦਾ ਹਾਂ। ਇਹ ਸੁਣਕੇ ਪੰਡਿਤ ਦੁਰਗਾਦਾਸ ਜੀ ਕਹਿਣ ਲੱਗੇ ਇਹ ਤਾਂ ਠੀਕ ਹੈ ਤੁਸੀਂ ਮੇਰੇ ਜਾਣਕਾਰ ਹੋ, ਮੈਂ ਕਈ ਵਾਰੀ ਆਪ ਜੀ ਨੂੰ ਆਉਂਦੇ ਜਾਂਦੇ ਦੇਖਿਆ ਹੈ ਪਰੰਤੂ ਅੱਜ ਸੰਯੋਗ ਨਾਲ ਆਪ ਜੀ ਦੇ ਚਰਣ ਦੇਖਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਜਿਸ ਵਿੱਚ ਪਦਮ ਰੇਖਾ ਹੈ। ਜੋਤਿਸ਼ ਵਿੱਦਿਆ ਅਨੁਸਾਰ ਇਹ ਲੱਛਣ ਅਥਵਾ ਚਿੰਨ ਅਸਾਧਾਰਣ ਹੈ। ਅਰਥਾਤ ਮੈਨੂੰ ਹੈਰਾਨੀ ਹੈ ਕਿ ਅਜੇ ਤੱਕ ਇਹ ਲੱਛਣ ਫਲੇ ਕਿਉਂ ਨਹੀਂ। ਇਸ ਤੇ ਅਮਰਦਾਸ ਜੀ ਮੁਸਕੁਰਾ ਪਏ ਤੇ ਕਿਹਾ- **"ਪੰਡਿਤ ਜੀ ਆਪ ਨੂੰ ਕੋਈ ਭੁੱਲ ਹੋਈ ਹੈ।"** ਉੱਤਰ ਵਿੱਚ ਪੰਡਿਤ ਜੀ ਕਹਿਣ ਲੱਗੇ ਅਜਿਹਾ ਨਹੀਂ ਹੋ ਸਕਦਾ। ਮੇਰੇ ਵਿਚਾਰ ਵਿਚ ਅਜੇ ਸਮਾਂ ਤੇ ਸੰਜੋਗ ਨਹੀਂ ਬਣਿਆ। ਖੈਰ ਆਪ ਜ਼ਰੂਰ ਹੀ ਕਿਸੀ ਮਹਾਨ ਅਵਸਥਾ ਨੂੰ ਪ੍ਰਾਪਤ ਕਰੋਗੇ ਅਜਿਹਾ ਮੇਰਾ ਪੂਰਣ ਵਿਸ਼ਵਾਸ਼ ਹੈ। ਇਸ ਤੇ ਅਮਰਦਾਸ ਜੀ ਪੰਡਿਤ ਨੂੰ ਕੁਝ ਧੰਨ ਦੱਖਣਾ ਰੂਪ ਵਿਚ ਦੇਣ ਲੱਗੇ ਤਾਂ ਪੰਡਿਤ ਜੀ ਨੇ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ- ਮੇਰੀ ਇਹ ਦੱਖਣਾ ਆਪ ਜੀ ਕੋਲ ਸੁਰੱਖਿਅਤ ਰਹਿਣੀ ਚਾਹੀਦੀ ਹੈ। ਜਦੋਂ ਆਪ ਜੀ ਨੂੰ ਮੇਰੀ ਭਵਿੱਖਬਾਣੀ ਅਨੁਸਾਰ ਪ੍ਰਾਪਤੀਆਂ ਹੋਣਗੀਆਂ ਤਾਂ ਉਦੋਂ ਮੈਂ ਆਪ ਜੀ ਤੋਂ ਮੰਗ ਲਵਾਂਗਾ।

ਅਮਰਦਾਸ ਜੀ ਉਥੋਂ ਆਪਣੇ ਪਿੰਡ ਬਾਸਰਕੇ ਦੇ ਲਈ ਚੱਲ ਪਏ। ਰਸਤੇ ਵਿੱਚ ਉਹਨਾਂ ਨੂੰ ਇੱਕ ਵੈਸ਼ਨਵ ਵੈਰਾਗੀ ਸਾਧੂ ਮਿਲਿਆ। ਯਾਤਰਾ ਦੀ ਮੰਜ਼ਿਲ ਇੱਕ ਸੀ। ਅਰਥਾਤ ਰਸਤੇ ਵਿਚ ਵਿਚਾਰਾਂ ਕਰਦੇ ਅੱਗੇ ਵਧਦੇ ਗਏ। ਸਾਧੂ ਨੂੰ ਅਮਰਦਾਸ ਜੀ ਦਾ ਵਿਵਹਾਰ ਬਹੁਤ ਚੰਗਾ ਲੱਗਾ। ਉਹ ਭੋਜਨ ਵੀ ਅਮਰਦਾਸ ਜੀ ਦੁਆਰਾ ਤਿਆਰ ਕੀਤਾ ਹੋਇਆ ਕਰਨ ਲੱਗੇ ਅਤੇ ਅੱਗੇ ਵਧਦੇ ਹੋਏ ਅਧਿਆਤਮਕ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਦੇ-ਕਰਦੇ ਬਾਸਰਕੇ ਪਿੰਡ ਪਹੁੰਚ ਗਏ। ਵੈਸ਼ਨਵ ਸਾਧੂ ਨੂੰ ਅਮਰਦਾਸ ਜੀ ਨੇ ਆਪਣੇ ਘਰ ਵਿੱਚ ਵਿਸ਼ਰਾਮ ਕਰਨ ਲਈ ਕਿਹਾ ਤਾਂ ਉਸਨੇ ਤੁਰੰਤ ਸਵੀਕਾਰ ਕਰ ਲਿਆ। ਅਮਰਦਾਸ ਜੀ ਦੇ ਘਰ, ਉਹਨਾਂ ਦੇ ਗੰਗਾਂ ਯਾਤਰਾ ਤੋਂ ਵਾਪਸ ਆਉਣ ਦਾ ਸਮਾਚਾਰ ਮਿਲਦੇ ਹੀ ਸਾਰੇ ਸਬੰਧੀ ਇਕੱਠੇ ਹੋਏ ਅਤੇ

ਆਦਰ ਨਾਲ ਬੇਨਤੀ ਕਰਨ ਲੱਗੇ। ਉਹਨਾਂ ਨੇ ਅਮਰਦਾਸ ਜੀ ਅਤੇ ਮਹਿਮਾਨ ਵੈਸ਼ਨਵ ਸਾਧੂਦਾ ਭਾਰੀ ਸਵਾਗਤ ਕੀਤਾ।

ਅਮਰਦਾਸ ਜੀ ਦੀ ਪਤਨੀ ਸ੍ਰੀਮਤੀ ਮਨਸਾ ਦੇਵੀ ਜੀ ਨੇ ਮਹਿਮਾਨ ਵੈਸ਼ਨਵ ਸਾਧੂਦੇ ਆਰਾਮ ਦਾ ਵਿਸ਼ੇਸ਼ ਪ੍ਰਬੰਧ ਕਰ ਦਿੱਤਾ। ਪਰੰਤੂਰਾਤ ਦੇ ਭੋਜਨ ਤੇ ਜਦੋਂ ਅਮਰਦਾਸ ਜੀ ਵੈਸ਼ਨਵ ਸਾਧੂਦੇ ਨਾਲ ਭੋਜਨ ਕਰਨ ਲੱਗੇ ਤਾਂ ਉਸਨੇ ਸਹਿਜਭਾਵ ਨਾਲ ਅਮਰਦਾਸ ਜੀ ਤੋਂ ਪੁੱਛ ਲਿਆ- ਤੁਹਾਡਾ ਅਧਿਆਤਮਕ ਗੁਰੂਕੌਣ ਹੈ? ਕਿਉਂਕਿ ਤੁਹਾਡੀ ਰੋਜ ਦੇ ਕੰਮ ਅਤੇ ਰਹਿਣ ਸਹਿਣ ਬਹੁਤ ਉੱਤਮ ਹੈ। ਇਹ ਪ੍ਰਸ਼ਨ ਸੁਣਕੇ ਅਮਰਦਾਸ ਜੀ ਬਹੁਤ ਗੰਭੀਰ ਮੁਦਰਾ ਵਿਚ ਚਲੇ ਗਏ ਤੇ ਗਹਿਰਾ ਸਾਹ ਲੈਂਦੇ ਹੋਏ ਉਹਨਾਂ ਨੇ ਕਿਹਾ- "ਮੈਂ ਕਿਸੇ ਪੂਰਣ ਪੁਰਸ਼ ਦੀ ਖੋਜ ਵਿਚ ਹਾਂ ਕਿੰਤੂਅਜੇ ਤੱਕ ਮੈਨੂੰ ਕੋਈ ਮਹਾਨ ਪੁਰਖ ਮਿਲਿਆ ਹੀ ਨਹੀਂ।" ਇਹ ਵਾਕ ਸੁਣਦੇ ਹੀ ਵੈਸ਼ਨਵ ਸਾਧੂਬੌਖਲਾ ਉੱਠਿਆ ਅਤੇ ਕਹਿਣ ਲੱਗਾ- ਮੇਰਾ ਸਰਵਨਾਸ਼ ਹੋ ਗਿਆ। ਮੈਨੂੰ ਕੀ ਪਤ ਸੀ ਕਿ ਤੁਸੀਂ ਨਿਗੁਰੇ ਪ੍ਰਾਣੀ ਹੋ। ਮੈਂ ਤੁਹਾਡੇ ਹੱਥਾਂ ਤੋਂ ਤਿਆਰ ਕੀਤਾ ਹੋਇਆ ਭੋਜਨ ਕੀਤਾ ਹੈ ਇਸ ਲਈ ਮੇਰੇ ਸਾਰੇ ਪੁੰਨ ਕਰਮ ਵਿਅਰਥ ਚਲੇ ਗਏ। ਨਿਗੁਰੇ ਵਿਅਕਤੀ ਦਾ ਨਾਮ ਵੀ ਲੈਣਾ ਬੁਰਾ ਹੁੰਦਾ ਹੈ। ਹੁਣ ਮੈਨੂੰ ਇਸਦੇ ਲਈ ਪਸ਼ਚਾਤਾਪ ਕਰਨਾ ਹੋਵੇਗਾ।" ਇਸ ਪ੍ਰਕਾਰ ਉਹ ਭੋਜਨ ਕੀਤੇ ਬਿਨਾਂ ਜਲਦੀ ਨਾਲ ਉਠਿਆ ਅਤੇ ਫਟਾਫਟ ਉਥੋ ਚਲਾ ਗਿਆ।

ਇਸ ਵਿਅੰਗ ਨਾਲ ਅਮਰਦਾਸ ਜੀ ਦੇ ਹਿਰਦੇ ਉੱਤੇ ਗਹਿਰੀ ਚੋਟ ਲੱਗੀ। ਉਹ ਆਪਣੇ ਆਪ ਨੂੰ ਕੋਸਣ ਲੱਗੇ ਕਿ ਵਾਸਤਵ ਵਿੱਚ ਮੈਂ ਜੀਵਨ ਦੇ ਅਮੁੱਲ ਸਾਲ ਕਰੜੀ ਸਾਧਨਾ ਕਰਨ ਵਿਚ ਹੀ ਗੁਆ ਦਿੱਤੇ ਹਨ ਅਰਥਾਤ ਉਹ ਬੇਚੈਨ ਹੋ ਗਏ। ਇਸ ਪਰੇਸ਼ਾਨੀ ਵਿੱਚ ਭੋਜਨ ਕਰਨਾ ਵੀ ਭੁੱਲ ਗਏ। ਉਸੇ ਵਕਤ ਆਪ ਦੀ ਪਤਨੀ ਨੇ ਆਪ ਜੀ ਨੂੰ ਦਿਲਾਸਾ ਦਿੱਤਾ ਤੇ ਕਿਹਾ- "ਇਹ ਸਾਧ ਸਿਰਫਿਰਿਆ ਹੈ। ਕਦੇ ਕੋਈ ਸ਼ੁਭ ਕਰਮ ਵਿਅਰਥ ਨਹੀਂ ਜਾਂਦਾ, ਮੈਂ ਇਹ ਤਾਂ ਮੰਨਦੀ ਹਾਂ ਕਿ ਪੂਰਨ ਗੁਰੂਦੀ ਜਰੂਰਤ ਹੈ ਕਿਉਂਕਿ ਉਹਨਾਂ ਤੋਂ ਆਤਮ ਗਿਆਨ ਪ੍ਰਾਪਤ ਹੁੰਦਾ ਹੈ ਜਿਸਤੋਂ ਵਿਅਕਤੀ ਪਾਰਬ੍ਰਹਮ ਵਿੱਚ ਅਭੇਦ ਹੋਣ ਦਾ ਮਾਰਗ ਜਾਣ ਜਾਂਦਾ ਹੈ ਪਰੰਤੂਪੂਰਣ ਗੁਰੂਦੀ ਖੋਜ ਵਿਚ ਦੇਰ-ਸਵੇਰ ਹੋ ਸਕਦੀ ਹੈ। ਅਗਰ ਇਹ ਸਾਧੂਸਿਰਫਿਰਿਆ ਨਾ ਹੁੰਦਾ ਤਾਂ ਤੁਹਾਡੀ ਸਮੱਸਿਆ ਦਾ ਕੋਈ ਹੱਲ ਦੱਸਦਾ ਅਤੇ ਤੁਹਾਡਾ ਮਾਰਗਦਰਸ਼ਨ ਕਰਦੇ ਹੋਏ ਕਿਸੇ ਪੂਰਨ ਪੁਰਖ ਦੇ ਵਿਸ਼ੇ 'ਚ ਜਾਣਕਾਰੀ ਦਿੰਦਾ।" ਅਮਰਦਾਸ ਜੀ ਤੇ ਉਸ ਸਮੇਂ ਇਹਨਾਂ ਗੱਲਾਂ ਦਾ ਕੋਈ ਵਿਸ਼ੇਸ਼ ਪ੍ਰਭਾਵ ਨਹੀਂ ਹੋਇਆ ਉਹ ਬੇਚੈਨ ਹੋ ਗਏ ਅਤੇ ਸੌਣ ਦਾ ਯਤਨ ਕਰਨ ਲੱਗੇ

ਪਰੰਤੂਉਹਨਾਂ ਦੀਆਂ ਅੱਖਾਂ ਵਿੱਚ ਨੀਂਦ ਕਿੱਥੇ? ਉਹ ਵਿਚਾਰਨ ਲੱਗੇ ਕਿ ਸ਼ਾਇਦ ਸਾਧੂਠੀਕ ਕਹਿੰਦਾ ਹੈ ਕਿ ਇਸ ਲਈ ਮੇਰੀ ਸਾਧਨਾ ਦਾ ਅਜੇ ਤੱਕ ਪਰਿਣਾਮ ਨਹੀਂ ਮਿਲਿਆ ਕਿਉਂਕਿ ਮੈਂ ਨਿਗੁਰਾ

ਪ੍ਰਾਣੀ ਹਾਂ। ਮੈਂ ਇਸ ਲਈ ਤੱਤ ਗਿਆਨ ਤੋਂ ਵਾਝਾਂ ਹਾਂ ਕਿਉਂਕਿ ਮੈਨੂੰ ਗੁਰੂ ਦੀ ਕਿਰਪਾ ਦੇ ਪਾਤਰ ਬਣਨ ਦਾ ਸੁਭਾਗ ਪ੍ਰਾਪਤ ਨਹੀਂ ਹੋਇਆ ਜਦੋਂ ਮੈਨੂੰ ਗੁਰੂਪ੍ਰਸਾਦ ਪ੍ਰਾਪਤ ਹੋ ਜਾਏਗਾ ਉਦੋਂ ਹੀ ਮੇਰੀ ਆਤਮਿਕ ਸ਼ੁੱਧੀ ਹੋ ਸਕਦੀ ਹੈ। ਬੱਸ ਇਹਨਾਂ ਹੀ ਵਿਚਾਰਾਂ ਵਿੱਚ ਅੰਮ੍ਰਿਤਵੇਲਾ ਦਾ ਸਮਾਂ ਹੋ ਗਿਆ ਅਤੇ ਉਹਨਾਂ ਨੇ ਆਪਣੇ ਛੋਟੇ ਭਰਾ ਮਾਣਕਚੰਦ ਦੇ ਘਰ ਤੋਂ ਕਿਸੇ ਨਾਰੀ ਸਵਰ ਵਿੱਚ ਮਧੁਰ ਆਵਾਜ਼ ਸੁਣਾਈ ਦੇਣ ਲੱਗੀ। ਇਹ ਸਵਰ ਉਹਨਾਂ ਨੂੰ ਪਹਿਲਾਂ ਵੀ ਕਈ ਵਾਰ ਸੁਣਾਈ ਦਿੱਤਾ ਸੀ। ਪਰੰਤੂ ਉਹਨਾਂ ਨੇ ਇਸ ਵੱਲ ਕਦੇ ਵਿਸ਼ੇਸ਼ ਧਿਆਨ ਨਹੀਂ ਦਿੱਤਾ ਸੀ। ਅੱਜ ਬੇਚੈਨੀ ਦੀ ਦਸ਼ਾ ਵਿੱਚ ਮਧੁਰ ਸਵਰ ਮਨ ਨੂੰ ਭਾਉਣ ਲੱਗਾ। ਅਰਥਾਤ ਉਹ ਜਲਦੀ ਨਾਲ ਬਿਸਤਰ ਤੋਂ ਉੱਠੇ ਅਤੇ ਆਵਾਜ਼ ਦੀ ਦਿਸ਼ਾ ਵਿੱਚ ਜਾ ਕੇ ਨਜ਼ਦੀਕ ਹੋ ਕੇ ਰਚਨਾ ਦੇ ਬੋਲ ਸੁਣਨ ਲੱਗੇ।

ਉਸ ਸਮੇਂ ਮਹਿਲਾ ਉਚਾਰਨ ਕਰ ਰਹੀ ਸੀ–

**ਕਰਣੀ ਕਾਗਦੁ ਮਨ ਮਸਵਾਣੀ ਬੁਰਾ ਪਲਾ ਦੁਇ ਲੇਖ ਪਾਇ॥**

**ਜਿਉਂ ਜਿਉਂ ਕਿਰਤੁ ਲਚਾਇ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ॥**

**ਚਿਤ ਚੇਤਸ ਕੀ ਨਹੀਂ ਬਾਵਰੀਆ**

**ਹਰਿ ਬਿਸਰਤ ਤੇਰੇ ਗੁਣ ਗਲੀਆ॥ ਰਹਾਉ॥**

**ਜਾਲੀ ਰੈਣ ਜਾਲੁ ਦਿਨ ਹੋਆ ਜੇਤੀ ਘੜੀ ਫਾਹੀ ਤੇਤੀ॥**

**ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਦਸਿ ਮੂੜੇ ਕਵਣ ਗੁਣੀ॥**

**ਕਾਈਆ ਆਰਣੁ ਮਨ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ॥**

**ਕੋਇਲੇ ਪਾਪ ਪੜੇ ਤਿਸੁ ਉਪਰਿ ਮਨ ਜਲਿਆ ਸਨਹੀ ਚਿੰਤ ਭਈ॥**

**ਭਇਆ ਮਨੂਰ ਕੰਚਨੁ ਫਿਰਿ ਹੋਵੈ ਜੇ ਗੁਰੂਮਿਲੈ ਤਿਨੇਹਾ॥**

**ਏਕੁ ਨਾਮੁ ਅੰਮ੍ਰਿਤੁ ਉਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ॥**

(ਗੁਰੂਗ੍ਰੰਥ ਸਾਹਿਬ, ਅੰਗ 11●)

ਅਮਰਦਾਸ ਜੀ ਦੇ ਹਿਰਦੇ ਵਿਚ ਵੈਸ਼ਨਵ ਸਾਧੂ ਦੇ ਮੈਣੇ ਦੀ ਪੀੜਾ ਕਿਸੇ ਅਗਿਆਤ ਅਧਿਆਤਮਕ ਗਿਆਨ ਦੇ ਲਈ ਭਟਕ ਰਿਹਾ ਸੀ। ਉਹ ਸਾਵਧਾਨ ਹੋਏ ਅਤੇ ਰਚਨਾ ਦੇ ਭਾਵ ਨੂੰ ਸਮਝਣ ਲੱਗੇ। ਇਸ ਰਚਨਾ ਦੀਆਂ ਅੰਤਿਮ ਤੁਕਾਂ ਨੇ ਉਹਨਾਂ ਦੇ ਚਿਹਰੇ ਤੇ ਖੁਸ਼ੀ ਦੀ ਲਹਿਰ ਲੈ ਆਂਦੀ। ਇਹ ਤੁਕਾਂ ਸਥਾਨੀ ਭਾਸ਼ਾਂ ਪੰਜਾਬੀ ਵਿੱਚ ਸਨ। ਇਸ ਲਈ ਉਹਨਾਂ ਨੂੰ ਸਮਝਣ ਵਿੱਚ ਇੱਕ ਪਲ ਵੀ ਨਾ ਲੱਗਿਆ। ਪੰਕਤੀਆਂ

ਵਿਚ ਕਿਹਾ ਗਿਆ ਸੀ- ਜੇਕਰ ਪੂਰਨ ਗੁਰੂਨਾਲ ਭੇਟ ਹੋ ਜਾਏ ਤਾਂ ਉਹ ਅੰਮ੍ਰਿਤ ਰੂਪੀ ਨਾਮ ਦਾ ਦਾਨ ਦੇਂਦਾ ਹੈ। ਜਿਸ ਨਾਲ ਸੜੇ ਹੋਏ ਲੋਹੇ ਵਰਗਾ ਹਿਰਦਾ ਵੀ ਫਿਰ ਤੋਂ ਸੋਨਾ ਬਣ ਕੇ ਨਿਖ਼ਰ ਆਉਂਦਾ ਹੈ। ਬੱਸ ਫਿਰ ਕੀ ਸੀ, ਸੂਰਜ ਚੜ੍ਹਨ ਤੇ ਅਮਰਦਾਸ ਜੀ ਆਪਣੇ ਛੋਟੇ ਭਰਾ ਦੇ ਘਰ ਪਹੁੰਚੇ ਅਤੇ ਭਾਬੀ ਨੂੰ ਬੇਨਤੀ ਕਰਨ ਲੱਗੇ ਕਿ ਮੈਨੂੰ ਵਹੁਟੀ ਨਾਲ ਮਿਲਾਓ। ਉਹ ਜੋ ਸਵੇਰ ਸਮੇਂ ਰਚਨਾਵਾਂ ਮਧੁਰ ਸੁਰ ਵਿੱਚ ਗਾਉਂਦੀ ਅਰਥਾਤ ਪੜ੍ਹਦੀ ਹੈ। ਉਹ ਮੈਂ ਦੁਬਾਰਾ ਉਸ ਤੋਂ ਸੁਣਨਾ ਚਾਹੁੰਦਾ ਹਾਂ। ਭਾਬੀ ਬਹੂਨੇ ਅਮਰਦਾਸ ਜੀ ਦਾ ਹਾਰਦਿਕ ਸਵਾਗਤ ਕੀਤਾ ਅਤੇ ਉਹਨਾਂ ਦੀ ਬੇਨਤੀ ਤੇ ਵਹੁਟੀ ਅਮਰੋ ਨੂੰ ਬੁਲਾ ਲਿਆ ਅਤੇ ਕਿਹਾ- "ਬੇਟੀ ਤੇਰੇ ਪਿਤਾ ਸਮਾਨ ਸਹੁਰਾ ਜੀ ਤੇਰੇ ਤੋਂ ਕੁਝ ਪੁੱਛਣਾ ਚਾਹੁੰਦੇ ਹਨ ਅਰਥਾਤ ਉਹੀ ਭਜਨ ਸੁਣਨਾ ਚਾਹੁੰਦੇ ਹਨ ਜੋ ਤੂੰ ਸਵੇਰੇ ਦਹੀ ਰਿੜਕਣ ਦੇ ਸਮੇਂ ਗਾਉਂਦੀ ਹੈ।" ਵਹੁਟੀ ਅਮਰੋ ਸ਼ਰਮਾਂ ਗਈ ਪਰੰਤੂਸੱਸ ਦੇ ਪਿਆਰ ਨਾਲ ਸਮਝਾਉਣ ਤੇ ਅਮਰਦਾਸ ਜੀ ਦੇ ਕੋਲ ਆਈ ਅਤੇ ਪੈਰ ਛੂਹ ਕੇ ਉਹਨਾਂ ਦੇ ਕੋਲ ਬੈਠਗਈ। ਗੁਰੂਅਮਰਦਾਸ ਜੀ ਨੇ ਉਸਦੇ ਸਿਰ ਤੇ ਹੱਥ ਰੱਖ ਕੇ ਅਸ਼ੀਰਵਾਦ ਦਿੱਤਾ ਅਤੇ ਪੁੱਛਿਆ- "ਬੇਟੀ, ਜੋ ਤੂੰ ਸਵੇਰੇ ਰਚਨਾ ਪੜ੍ਹੀ ਸੀ ਉਹ ਕਿਸ ਮਹਾਂਪੁਰਖ ਦੀ ਹੈ?" ਉੱਤਰ ਵਿੱਚ ਵਹੁਟੀ ਅਮਰੋ ਨੇ ਦੱਸਿਆ ਕਿ ਇਹ ਰਚਨਾ ਸ਼੍ਰੀ ਗੁਰੂਨਾਨਕ ਦੇਵ ਜੀ ਦੀ ਹੈ। ਇਸ ਰਚਨਾ ਨੂੰ ਮੇਰੇ ਪਿਤਾ ਜੀ ਨੇ ਇੱਕ ਵਾਰ ਇੱਕ ਸਿੱਖ ਭਰਾ ਜੋਧਾ ਜੀ ਦੇ ਮੁੱਖ ਤੋਂ ਸੁਣੀ ਸੀ। ਉਹ ਇਸਤੋਂ ਇੰਨੇ ਪ੍ਰਭਾਵਿਤ ਹੋਏ ਸੀ ਕਿ ਗੁਰੂਦਰਸ਼ਨਾਂ ਦੇ ਲਈ ਕਰਤਾਰਪੁਰ ਚਲੇ ਗਏ ਸੀ ਅਤੇ ਉਹਨਾਂ ਨੇ ਬਾਬਾ ਨਾਨਕ ਦੇਵ ਜੀ ਨੂੰ ਆਪਣਾ ਗੁਰੂਧਾਰਣ ਕੀਤਾ ਅਤੇ ਉਹਨਾਂ ਤੋਂ ਗੁਰੂਦੱਖ਼ਣਾ ਲੈ ਕੇ ਉੱਥੇ ਹੀ ਕਈ ਸਾਲ ਉਹਨਾਂ ਦੀ ਛਤਰ ਛਾਇਆ ਵਿੱਚ ਸੇਵਾ ਕਰਦੇ ਹੋਏ ਭਜਨ-ਬੰਦਗੀ ਦਾ ਅਭਿਆਸ ਕਰਦੇ ਰਹੇ।

ਅਮਰਦਾਸ ਜੀ ਇਹ ਸੁਣਕੇ ਬੋਲੇ, "ਬੇਟੀ ਮੈਂ ਵੀ ਗੁਰੂਬਾਬਾ ਨਾਨਕ ਜੀ ਦਾ ਨਾਮ ਅਧਿਆਤਮਿਕ ਦੁਨੀਆਂ ਵਿੱਚ ਕਈ ਵਾਰ ਸੁਣਿਆ ਹੈ ਪਰੰਤੂਮਨ ਵਿੱਚ ਪਤਾ ਨਹੀਂ ਕਿਉਂ ਨਹੀਂ ਵਿਚਾਰ ਪੈਦਾ ਹੋਇਆ ਕਿ ਮੈਂ ਉਹਨਾਂ ਦੇ ਦਰਸ਼ਨ ਕਰਨ ਜਾਵਾਂ। ਖੈਰ! ਦੇਰ ਹੀ ਸਹੀ, ਮੈਂ ਅੱਜ ਹੀ ਉਹਨਾਂ ਦੇ ਦਰਸ਼ਨਾਂ ਨੂੰ ਜਾਣ ਦੀ ਤਿਆਰੀ ਕਰਦਾ ਹਾਂ। ਇਸ ਤੇ ਬਹੂਅਮਰੋ ਕਹਿਣ ਲੱਗੀ- "ਪਿਤਾ ਜੀ ਉਹ ਤਾਂ ਸਵਰਗ ਸਿਧਾਰ ਗਏ ਹਨ ਉਹਨਾਂ ਦੀ ਜਗ੍ਹਾਂ ਤੇ ਉਹਨਾਂ ਦੇ ਉੱਤਰਾਧਿਕਾਰੀ ਦੇ ਰੂਪ ਵਿੱਚ ਮੇਰੇ ਪਿਤਾ, ਸ਼੍ਰੀ ਅੰਗਦਦੇਵ ਜੀ ਦੇ ਰੂਪ ਵਿੱਚ ਬਿਰਾਜਮਾਨ ਹਨ।" ਇਹ ਸੁਣਦੇ ਹੀ ਅਮਰਦਾਸ ਜੀ ਨੂੰ ਇੱਕ ਝਟਕਾ ਲੱਗਿਆ ਅਤੇ ਵਿਚਾਰਣ ਲੱਗੇ, ਮੈਂ ਜਾਣਦਾ ਤਾਂ ਸੀ ਕਿ ਭਾਈ ਲਹਿਣਾ ਕਿਸੀ ਗੁਰੂਤੋਂ ਦੀਖਿਆ ਲੈ ਕੇ ਆਪ ਗੁਰੂਬਣ ਗਿਆ ਹੈ ਪਰੰਤੂਮੈਨੂੰ ਇਹ ਨਹੀਂ ਪਤਾ ਲੱਗ ਸਕਿਆ ਕਿ ਉਹ ਪੂਰਨ ਗੁਰੂਨਾਨਕਦੇਵ ਜੀ ਦਾ ਚੇਲਾ ਰਹਿ ਚੁੱਕਾ ਹੈ। ਖ਼ੈਰ ਮੈਂ ਹੁਣ ਉਸਦੇ ਕੋਲ ਕਿਵੇਂ ਜਾ ਸਕਦਾ ਹਾਂ ਕਿਉਂਕਿ ਉਹ ਮੇਰੇ ਛੋਟੇ ਭਰਾ ਮਾਣਕਚੰਦ ਦੇ ਕੁਣਮ (ਸਬੰਧੀ) ਹਨ। ਦੁਨੀਆਦਾਰੀ ਵਿੱਚ ਰਿਸ਼ਤੇ-ਨਾਤਿਆਂ ਦਾ ਧਿਆਨ ਤਾਂ ਰੱਖਣਾ ਹੀ ਪਵੇਗਾ। ਉਹਨਾਂ ਦੇ ਮਨ ਵਿੱਚ ਫਿਰ ਵਿਚਾਰ ਆਇਆ- ਅਗਰ ਮੈਂ ਦੁਨੀਆਂਦਾਰੀ ਦੇ ਚੱਕਰਵਿਊਵਿੱਚ ਫੱਸ ਗਿਆ ਤਾਂ ਮੇਰਾ ਬਾਕੀ ਦਾ

ਜੀਵਨ ਵੀ ਨਸ਼ਟ ਹੋ ਜਾਏਗਾ ਅਤੇ ਸਮਾਂ ਹੱਥ ਤੋਂ ਨਿਕਲ ਜਾਏਗਾ। ਫਿਰ ਇਸ ਤਨ ਦਾ ਵੀ ਕੀ ਭਰੋਸਾ ਕਿ ਕਦੋਂ ਸਾਥ ਛੱਡ ਦੇਵੇ। ਅਰਥਾਤ ਜਲਦੀ ਹੀ ਮੈਨੂੰ ਕੋਈ ਉੱਚਿਤ ਨਿਰਣੈ ਲੈ ਲੈਣਾ ਚਾਹੀਦਾ ਹੈ। ਬੱਸ ਇਸੇ ਹੀ ਮਨ ਦੀ ਉੱਥਲ-ਪੁੱਥਲ ਵਿੱਚ ਉਹ ਦੁਬਾਰਾ ਬੋਲੇ- "ਮੈਂ ਤੇਰੇ ਪਿਤਾ ਜੀ ਨੂੰ ਮਿਲਣਾ ਚਾਹੁੰਦਾ ਹਾਂ ਜੇਕਰ ਤੂੰ ਮੇਰੇ ਨਾਲ ਚੱਲੇ ਤਾਂ ਸ਼ਾਇਦ ਗੱਲ ਬਣਨ ਵਿੱਚ ਆਸਾਨੀ ਹੋਏਗੀ, ਉੱਤਰ ਵਿੱਚ ਬਹੁਅਮਰੋ ਨੇ ਕਿਹਾ- "ਮੈਂ ਇਹਨੀਂ ਦਿਨੀਂ ਹੀ ਆਪਣੇ ਪੇਕਿਆਂ ਤੋਂ ਵਾਪਸ ਆਈ ਹਾਂ। ਹੁਣ ਇੰਨੀ ਜਲਦੀ ਕਿਸ ਤਰ੍ਹਾਂ ਵਾਪਸ ਜਾ ਸਕਦੀ ਹਾਂ? ਅਮਰਦਾਸ ਨੇ ਇਹ ਇਨਕਾਰ ਸੁਣਕੇ ਕਿਹਾ- "ਤੂੰ ਠੀਕ ਕਹਿੰਦੀ ਹੈ। ਮੈਂ ਆਪ ਹੀ ਚਲਾ ਜਾਵਾਂਗਾ। ਪਰੰਤੂ ਤੇਰਾ ਮੇਰੇ ਨਾਲ ਹੋਣਾ ਅਤੇ ਮੈਨੂੰ ਉਹਨਾਂ ਨੂੰ ਮਿਲਵਾਉਣਾਂ ਅਰਥਾਤ ਮੇਰੇ ਮਨ ਦੀ ਦਸ਼ਾ ਉਹਨਾਂ ਨੂੰ ਦੱਸਣਾ ਇਹ ਸਾਰੀਆਂ ਗੱਲਾਂ ਆਸਾਨ ਹੋ ਜਾਂਦੀਆਂ। ਨਹੀਂ ਤਾਂ ਉਹ ਮੈਨੂੰ ਕੁੜਮ ਦੇ ਵੱਡੇ ਭਰਾ ਹੋਣ ਦੇ ਨਾਤੇ ਸਵੀਕਾਰ ਨਹੀਂ ਕਰਨਗੇ। ਜਿਸ ਨਾਲ ਮੈਂ ਉਹਨਾਂ ਦੀ ਨੇੜਤਾ ਪ੍ਰਾਪਤ ਨਹੀਂ ਕਰ ਸਕਾਂਗਾ ਅਤੇ ਰਿਸ਼ਤੇ ਨਾਤਿਆਂ ਦੀ ਦੀਵਾਰ ਨਹੀਂ ਟੁੱਟੇਗੀ, ਆਤਮ ਸਮਰਪਣ ਨਹੀਂ ਹੋ ਸਕਦਾ। ਜਦ ਤੱਕ ਆਤਮ-ਸਮਰਪਣ ਨਹੀਂ ਹੁੰਦਾ, ਤੱਤ ਗਿਆਨ ਦੀ ਪ੍ਰਾਪਤੀ ਸੰਭਵ ਨਹੀਂ। ਅਰਥਾਤ ਵਹੁਟੀ, ਤੇਰਾ ਮੇਰੇ ਨਾਲ ਹੋਣਾ ਸ਼ੁਭ ਰਹੇਗਾ ਅਤੇ ਮੇਰੇ ਲਈ ਸਭ ਸਮਾਜਿਕ ਬੰਧਨ ਤੋੜ ਕੇ ਇੱਕ ਸੇਵਕ ਬਣਨ ਵਿੱਚ ਸਹਾਇਕ ਹੋ ਜਾਏਗਾ। ਇਸ ਤੇ ਵਹੁਟੀ ਨੇ ਉੱਤਰ ਦਿੱਤਾ, "ਮੈਨੂੰ ਤਾਂ ਵਾਪਿਸ ਆਉਣ ਵਿੱਚ ਮੁਸ਼ਕਿਲ ਨਹੀਂ ਹੈ, ਕੇਵਲ ਮਾਤਾ ਜੀ (ਸੱਸ ਮਾਂ) ਦੀ ਆਗਿਆ ਚਾਹੀਦੀ ਹੈ।" ਇਹ ਸਭ ਵਿਚਾਰਾਂ ਸੁਣਕੇ ਅਮਰਦਾਸ ਜੀ ਦੀ ਛੋਟੀ ਭਾਬੀ ਨੇ ਕਿਹਾ- ਜੇਕਰ ਆਪ ਨੂੰ ਵਹੁਟੀ ਦੇ ਸਾਥ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ ਅਤੇ ਆਪ ਦੇ ਕਾਰਜ ਦੀ ਸਫਲਤਾ ਵਿੱਚ ਜੇਕਰ ਇਹ ਸਹਾਹਿਕ ਹੋ ਸਕਦੀ ਹੈ ਤਾਂ ਮੈਨੂੰ ਤਾਂ ਬਹੁਤ ਹੀ ਖੁਸ਼ੀ ਹੋਏਗੀ। ਆਪ ਇਸ ਨੂੰ ਨਾਲ ਲਿਜਾ ਸਕਦੇ ਹੋ।"

ਇਸ ਪ੍ਰਕਾਰ ਅਮਰਦਾਸ ਜੀ ਬਾਸਰਕੇ ਤੋਂ ਖਡੂਰ ਨਗਰ ਪਹੁੰਚ ਗਏ। ਜਦੋਂ ਅਮਰਦਾਸ ਜੀ ਗੁਰੂਅੰਗਦਦੇਵ ਜੀ ਦੇ ਦਰਬਾਰ ਵਿਚ ਪਹੁੰਚੇ ਤਾਂ ਗੁਰੂਦੇਵ ਉਹਨਾਂ ਦੇ ਸਨਮਾਨ ਵਾਸਤੇ ਖੜ੍ਹੇ ਹੋ ਗਏ ਅਤੇ ਬੋਲੇ - ਆਪਨੇ ਸੁਨੇਹਾ ਭੇਜ ਦੇਣਾ ਸੀ। ਅਸੀਂ ਤੁਹਾਨੂੰ ਲੈਣ ਆ ਜਾਂਦੇ ਅਤੇ ਤੁਹਾਡੇ ਸੁਆਗਤ ਲਈ ਤਿਆਰ ਰਹਿੰਦੇ। ਉੱਤਰ ਵਿਚ ਅਮਰਦਾਸ ਜੀ ਨੇ ਕਿਹਾ- "ਮੈਂ ਹੁਣ ਆਪ ਜੀ ਨੂੰ ਕੁੜਮ ਦੇ ਨਾਤੇ ਮਿਲਣ ਨਹੀਂ ਆਇਆ। ਤੁਸੀ ਮੇਰੇ ਤੇ ਕਿਰਪਾ ਕਰੋ, ਮੈਂਨੂੰ ਆਪਣੇ ਚੇਲੇ ਦੇ ਰੂਪ ਵਿਚ ਸਵੀਕਾਰ ਕਰ ਲਓ ਅਤੇ ਉਹ ਗੁਰੂਚਰਨਾਂ ਵਿਚ ਨਮਸਕਾਰ ਕਰਨ ਲੱਗੇ ਇਸ ਤੇ ਗੁਰੂਦੇਵ ਜੀ ਨੇ ਉਹਨਾਂ ਨੂੰ ਉਠਾ ਕੇ ਆਪਣੇ ਗਲੇ ਲਗਾ ਲਿਆ ਅਤੇ ਕਿਹਾ- "ਆਪਨੇ ਬਹੁਤ ਸਾਰੀਆਂ ਤੀਰਥ ਯਾਤਰਾਵਾਂ ਕੀਤੀਆਂ ਹਨ ਪਰੰਤੂ ਹੁਣ ਆਪਨੂੰ ਅਧਿਆਤਮਕ ਪ੍ਰਾਪਤੀ ਦੇ ਲਈ ਆਤਰਿਕ ਯਾਤਰਾ ਕਰਨੀ ਹੋਏਗੀ ਜੋ ਕਿ ਬਾਹਰੀ ਕਰਮਕਾਂਡਾ ਤੋਂ ਨਹੀਂ

ਬਲਕਿ ਸ਼ਾਸ਼ਵਤ ਜੀਵਨ ਜੀਉਣ ਨਾਲ ਸ਼ੁਰੂਹੋਏਗੀ।" ਉੱਤਰ ਵਿਚ ਅਮਰਦਾਸ ਜੀ ਨੇ ਕਿਹਾ, "ਜਿਵੇਂ ਆਪਦੀ ਆਗਿਆ ਹੋਏ ਮੈਂ ਉਸੀ ਪ੍ਰਕਾਰ ਦਾ ਆਚਰਣ ਕਰਨ ਦਾ ਪ੍ਰਯਾਸ ਕਰੂੰਗਾ।" ਬੱਸ ਫਿਰ ਕੀ ਸੀ? ਅਮਰਦਾਸ ਜੀ ਦਿਨ ਰਾਤ ਸੇਵਾ ਵਿਚ ਜੁਟ ਗਏ। ਆਪ ਲੰਗਰ ਦੇ ਲਈ ਲੱਕੜੀਆਂ ਲਿਆਉਂਦੇ, ਅਤੇ ਸੰਗਤ ਦੇ ਜੂਠੇ ਬਰਤਨ ਸਾਫ ਕਰਦੇ ਅਤੇ ਪ੍ਰਭੂਭਜਨ ਵਿਚ ਲੀਨ ਰਹਿੰਦੇ ਇੱਕ ਸਾਲ ਬਤੀਤ ਹੋ ਗਿਆ। ਆਪ ਘਰ ਵਾਪਸ ਨਹੀਂ ਆਏ ਤਾਂ ਪਰਿਵਾਰ ਨੂੰ ਚਿੰਤਾ ਹੋਈ। ਉਹ ਲੋਕ ਆਪ ਨੂੰ ਮਿਲਣ ਬਾਸਰਕੇ ਪਿੰਡ ਵਿਚੋ ਖਡੂਰ ਨਗਰ ਪਹੁੰਚੇ। ਉਹਨਾਂ ਨੇ ਆਪਦੀ ਸਖਤ ਸੇਵਾ- ਭਗਤੀ ਨੂੰ ਨਹੀਂ ਸਮਝਿਆ। ਉਹ ਗੁਰੂ ਅੰਗਦ ਦੇਵ ਜੀ ਨਾਲ ਗਿਲਾ-ਸ਼ਿਕਵਾ ਕਰਨ ਲੱਗੇ ਕਿ ਅਮਰਦਾਸ ਜੀ ਦੀ ਬਿਰਧ-ਅਵਸਥਾ ਹੈ, ਆਪ ਉਹਨਾਂ ਤੋਂ ਸੇਵਾ ਵਿੱਚ ਕੋਈ ਸਧਾਰਣ ਕੰਮ ਕਰਵਾ ਲਓ। ਉਮਰ ਦਾ ਧਿਆਨ ਤਾਂ ਰੱਖਣਾ ਹੀ ਚਾਹੀਦਾ ਹੈ। ਪ੍ਰੰਤੂਜਦੋਂ ਇਸ ਗੱਲ ਦੀ ਜਾਣਕਾਰੀ ਅਮਰਦਾਸ ਜੀ ਨੂੰ ਹੋਈ ਤਾਂ ਉਹਨਾਂ ਨੇ ਗੁਰੂਦੇਵ ਤੋਂ ਮੁਆਫੀ ਮੰਗਦੇ ਹੋਏ ਕਿਹਾ- "ਮੇਰੇ ਪਰਿਵਾਰ ਵਾਲੇ ਛੋਟੀ ਬੁੱਧੀ ਵਾਲੇ ਜੀਵ ਹਨ ਉਹ, ਉਹਨਾਂ ਦੀ ਮਹਾਨਤਾ ਨੂੰ ਨਹੀਂ ਜਾਣਦੇ। ਉਹਨਾਂ ਦੇ ਕੋਲ ਉਹ ਦ੍ਰਿਸ਼ਟੀ ਨਹੀਂ ਹੈ ਜਿਸ ਨਾਲ ਗੁਰੂਸ਼ਿਸ਼ ਦੇ ਸਬੰਧ ਨੂੰ ਸਮਝ ਸਕਣ। ਕਿਰਪਾ ਕਰਕੇ ਆਪ ਉਹਨਾਂ ਦੀ ਅਵਗਿਆ ਤੇ ਧਿਆਨ ਨਾ ਦੇਣਾ। ਗੁਰੂਦੇਵ, ਅਮਰਦਾਸ ਜੀ ਤੇ ਪ੍ਰਸੰਨ ਹੋਏ ਅਤੇ ਉਹਨਾਂ ਨੂੰ ਇੱਕ ਸਿਰੋਪਾਓ (**ਇੱਕ ਛੋਟੀ ਪਗੜੀ**) ਉਪਹਾਰ ਵਿੱਚ ਦਿੱਤੀ ਅਤੇ ਨਾਲ ਹੀ ਸਵੇਰੇ ਸਮੇਂ (ਅੰਤਿਮ ਪਹਿਰ) ਵਿੱਚ ਆਪਣੇ ਇਸਨਾਨ ਕਰਨ ਦੀ ਸੇਵਾ ਵੀ ਸੌਂਪ ਦਿੱਤੀ। ਹੁਣ ਅਮਰਦਾਸ ਜੀ ਅਤਿਅੰਤ ਪ੍ਰਸੰਨ ਰਹਿਣ ਲੱਗੇ ਉਹਨਾਂ ਨੂੰ ਅਹਿਸਾਸ ਹੋ ਗਿਆ ਕਿ ਗੁਰੂਦੇਵ ਉਹਨਾਂ ਤੋਂ ਸੰਤੁਸ਼ਟ ਹਨ।

ਅਮਰਦਾਸ ਜੀ ਸਵੇਰੇ ਸਮੇਂ ਦੋ ਵਜੇ ਉੱਠ ਜਾਂਦੇ ਅਤੇ ਇਸਨਾਨ ਕਰਨ ਉਪਰੰਤ ਉਸ ਖੂਹ ਤੇ ਪਹੁੰਚ ਜਾਂਦੇ ਜਿੱਥੇ ਗੁਰ ਅੰਗਦਦੇਵ ਜੀ ਹਰ ਰੋਜ਼ ਇਸਨਾਨ ਕਰਿਆ ਕਰਦੇ ਸਨ। ਉੱਥੇ ਪਹਿਲਾਂ ਖੁਦ ਇਸਨਾਨੇ ਕਰਦੇ ਉਪਰੰਤ ਆਪਣੇ ਗੁਰੂਦੇਵ ਦੇ ਲਈ ਗਾਗਰ ਭਰ ਕੇ ਲਿਆਉਂਦੇ ਅਤੇ ਉਸ ਕੋਸੇ (ਗੁਣਗੁਣੇ) ਤਾਜ਼ੇ ਪਾਣੀ ਨਾਲ ਉਹਨਾਂ ਨੂੰ ਇਸਨਾਨ ਕਰਵਾਉਂਦੇ। ਆਪ ਜੀ ਸਵੱਛਤਾ ਅਤੇ ਪਵਿੱਤਰਤਾ ਦਾ ਬਹੁਤ ਧਿਆਨ ਰੱਖਦੇ ਕਿਉਂਕਿ ਆਪਜੀ ਸਨਾਤਨ ਧਰਮ ਦੇ ਹੋਣ ਕਾਰਨ ਇਹਨਾਂ ਸੰਸਕਾਰਾਂ ਨੂੰ ਆਪਣੇ ਸੁਭਾ ਵਿੱਚ ਢਾਲ ਚੁੱਕੇ ਸਨ। ਅਰਥਾਤ ਆਪ ਜੀ ਆਪਣੇ ਸ਼ਰੀਰ ਨੂੰ ਸਵਸਥ ਰੱਖਣ ਲਈ ਦਿਨ ਵਿਚ ਦੋ ਵਾਰ ਪੂਰਨ ਇਸਨਾਨ ਕਰਕੇ ਲੰਗਰ ਦੇ ਕਾਰਜ ਵਿੱਚ ਜੁਟ ਜਾਂਦੇ ਅਤੇ ਨਾਲ-ਨਾਲ ਚਿੰਤਨ-ਮਨਨ ਦਾ ਵੀ ਅਭਿਆਸ ਜਾਰੀ ਰੱਖਦੇ। ਇਸ ਪ੍ਰਕਾਰ ਕਰੜੀ ਸਾਧਨਾ ਕਰਨ ਨਾਲ ਆਪ ਜੀ ਦੇ ਬਚਨਾਂ ਵਿੱਚ ਇੱਕ ਵਿਸ਼ੇਸ਼ ਪ੍ਰਕਾਰ ਦੀ ਸ਼ਕਤੀ ਉਤਪੰਨ ਹੋ ਗਈ। ਆਪ ਦੇ ਮੂੰਹ ਤੋਂ ਸਹਿਜ ਸੁਭਾਅ ਵੀ ਕੋਈ ਗੱਲ ਕਹੀ ਜਾਂਦੀ

ਤਾਂ ਉਹ ਪੂਰੀ ਤਰ੍ਹਾਂ ਸੱਚ ਵਿੱਚ ਬਦਲ ਜਾਂਦੀ। ਇਸ ਲਈ ਆਪ ਸਾਵਧਾਨ ਰਹਿੰਦੇ, ਕਦੀ ਵੀ ਬਿਨਾਂ ਸੋਚੇ-ਸਮਝੇ ਗੱਲ ਨਹੀਂ ਕਰਦੇ। ਹੌਲੀ-ਹੌਲੀ ਆਪ ਜੀ ਦੀ ਅਧਿਆਤਮਿਕ ਅਵਸਥਾ ਉੱਚੀ ਹੁੰਦੀ ਗਈ ਅਤੇ ਆਪ ਨਿਸ਼ਠਾ ਨਾਲ ਸੇਵਾ ਵਿਚ ਹਮੇਸ਼ਾ ਤੱਤਪਰ ਰਹਿਣ ਲੱਗੇ। ਇਸ ਪ੍ਰਕਾਰ ਸਮਾਂ ਬਤੀਤ ਹੋਣ ਲੱਗਾ। ਗੁਰੂਦੇਵ ਜੀ ਆਪ ਨੂੰ ਹਰ ਸਾਲ ਇੱਕ ਸਿਰੋਪਾਓ ਪੁਰਸਕਾਰ ਵਿਚ ਦੇਂਦੇ ਅਤੇ ਸਿਮਰਨ ਕਰਨ ਦੀ ਜੁਗਤੀ ਦ੍ਰਿੜ ਕਰਵਾਉਣਦੇ ਲਈ ਕਰੜੀ ਸਾਧਨਾ ਕਰਵਾਉਂਦੇ। ਆਪ ਸਵਾਸ-ਸਵਾਸ ਚਿੰਤਨ-ਮਨਨ ਵਿੱਚ ਲੀਨ ਰਹਿੰਦੇ ਹੋਏ ਕਠੋਰ ਤੋਂ ਕਠੋਰ ਸੇਵਾ ਵਿਚ ਵਿਅਸਥ ਰਹਿੰਦੇ ਕੋਈ ਵੀ ਪਲ ਵਿਅਰਥ ਨ ਜਾਣ ਦੇਂਦੇ। ਸਿਮਰਨ (ਨਾਮ ਅਭਿਆਸ ਨਾਲ ਆਪ ਰਿੱਧੀਆਂ ਸਿੱਧੀਆਂ ਦੇ ਸੁਆਮੀ ਬਣ ਗਏ ਉਹ ਸਮਾਂ ਵੀ ਆ ਗਿਆ ਜਦੋਂ ਆਪ ਦੀ ਕਲਪਨਾ ਮਾਤ੍ਰ ਨਾਲ ਵੀ ਕੰਮ ਹੋਣ ਲੱਗੇ। ਪਰੰਤੂਆਪਨੇ ਆਪਣੇ ਉੱਪਰ ਪੂਰਨ ਨਿਯੰਤਰਣ ਰੱਖਿਆ। ਕਦੇ ਵੀ ਅਲੌਕਿਕ ਸ਼ਕਤੀਆਂ ਦਾ ਪ੍ਰਦਰਸ਼ਨ ਨਹੀਂ ਕੀਤਾ। ਆਪ ਜਾਣਦੇ ਸੀ ਕਿ ਰਿੱਧੀਆਂ ਸਿੱਧੀਆਂ ਦੀਆਂ ਚਮਤਕਾਰੀ ਸ਼ਕਤੀਆਂ ਵਿਅਕਤੀ ਨੂੰ ਪਰੇਸ਼ਾਨ ਕਰ ਦਿੰਦੀਆਂ ਹਨ ਅਤੇ ਵਿਅਕਤੀ ਆਪਣੇ ਵਾਸਤਵਿਕ ਉਦੇਸ਼ ਤੋਂ ਭਟਕ ਜਾਂਦਾ ਹੈ। ਵਿਅਕਤੀ ਅਭਿਮਾਨੀ ਹੋ ਜਾਂਦਾ ਹੈ ਜੋ ਕਿ ਵਾਸਤਵਿਕ ਸਾਧਨਾ ਦੇ ਮਾਰਗ ਵਿਚ ਭਾਰੀ ਹਾਨੀ ਪਹੁੰਚਾਉਂਦਾ ਹੈ। ਇਸ ਪ੍ਰਕਾਰ ਵਿਅਕਤੀ ਪ੍ਰਭੂਵਿਚ ਅਭੇਦ ਹੋਣ ਦਾ ਮੂਲ ਟੀਚਾ ਗੁਆ ਦਿੰਦਾ ਹੈ। ਵਰਣ ਆਸ਼ਰਮ ਦੇ ਚੱਕਰਵਿਊਨੂੰ ਸਦਾ ਦੇ ਲਈ ਤਿਆਗਣ ਦਾ ਆਦੇਸ਼ ਜਾਰੀ ਕਰ ਦਿੱਤਾ ਸੀ। ਅਰਥਾਤ ਮਨੁੱਖੀ ਏਕਤਾ ਦੇ ਲਈ ਲੰਗਰ ਸਫਲ ਯਤਨ ਸਿੱਧ ਹੋ ਰਿਹਾ ਸੀ। ਇਸ ਪ੍ਰਥਾ ਨੂੰ ਉਹਨਾਂ ਦੇ ਉੱਤਰਾਧਿਕਾਰੀ ਗੁਰੂਅੰਗਦ ਦੇਵ ਜੀ ਨੇ ਅੱਗੇ ਵਧਾਇਆ ਅਤੇ ਲੰਗਰ ਦਾ ਸਤਰ ਬਹੁਤ ਉੱਚਾ ਉਠਾਇਆ। ਉਹਨਾਂ ਦੇ ਲੰਗਰ ਵਿਚ ਹਰ ਸਮੇਂ ਸਵਾਦਿਸ਼ਟ ਪਕਵਾਨ ਖੀਰ ਆਦਿ ਵੀ ਹਰ ਰੋਜ਼ ਵੰਡੀ ਜਾਂਦੀ ਸੀ। ਇਸ ਪ੍ਰਕਾਰ ਇਹ ਪ੍ਰਥਾ ਗੁਰੂਅਮਰਦਾਸ ਜੀ ਦੇ ਜੀਵਨ ਕਾਲ ਵਿੱਚ ਅੱਗੇ ਵਧਦੀ ਚਲੀ ਗਈ। ਪ੍ਰੰਤੂਕੁਝ ਜਾਤ ਅਭਿਮਾਨੀ ਲੋਕ ਲੰਗਰ ਪ੍ਰਥਾ ਦੀ ਨਿੰਦਾ ਕਰਦੇ ਸੀ। ਉਹਨਾਂ ਦਾ ਮੰਨਣਾ ਸੀ ਕਿ ਸ਼ੂਦਰਾਂ ਨੂੰ ਅਲੱਗ ਲਾਈਨ ਵਿੱਚ ਬਿਠਾ ਕੇ ਭੋਜਨ ਕਰਵਾਇਆ ਜਾਣਾ ਚਾਹੀਦਾ ਹੈ। ਅਰਥਾਤ ਉਹ ਗੁਰੂਘਰ ਵਿੱਚ ਭੋਜਨ ਨਹੀਂ ਕਰ ਸਕਦੇ ਸੀ ਪਰੰਤੂ ਗੁਰੂਦਰਸ਼ਨਾਂ ਦੇ ਲਈ ਗੁਰੂ ਦਰਬਾਰ ਵਿੱਚ ਹਾਜ਼ਿਰ ਹੋ ਜਾਂਦੇ ਸੀ। ਜਦੋਂ ਇਸ ਬਾਰੇ ਵਿੱਚ ਗੁਰ ਅਮਰਦਾਸ ਜੀ ਨੂੰ ਪਤਾ ਲੱਗਾ ਤਾਂ ਉਹਨਾਂ ਨੇ ਇੱਕ ਵਿਸ਼ੇਸ਼ ਆਦੇਸ਼ ਜਾਰੀ ਕਰ ਦਿੱਤਾ ਕਿ ਕੋਈ ਵੀ ਨਵਾਂ ਦਰਸ਼ਨ ਅਭਿਲਾਖੀ ਲੰਗਰ ਵਿਚ ਭੋਜਨ ਛੱਕੇ ਬਿਨਾਂ ਮੇਰੇ ਦਰਸ਼ਨਾਂ ਨੂੰ ਨਹੀਂ ਆ ਸਕਦਾ। ਹਰ ਇੱਕ ਦਰਸ਼ਨਾਰਥੀ ਅਤੇ ਜਗਿਆਸੂ ਨੂੰ ਸਭ ਤੋਂ ਪਹਿਲਾਂ ਲੰਗਰ ਵਿੱਚ ਭੋਜਲ ਛਕਣਾ ਜਰੂਰੀ ਘੋਸ਼ਿਤ ਕਰ ਦਿੱਤਾ ਗਿਆ।

ਲੰਗਰ ਤਿਆਰ ਕਰਨ ਅਤੇ ਵਰਤਾਉਣ ਦੀ ਪ੍ਰਕ੍ਰਿਆ ਵਿੱਚ ਬਹੁਤ ਸਾਰੇ ਭਗਤਜਨਾਂ ਨੂੰ ਸੇਵਾ ਦਾ ਸ਼ੁਭ ਅਵਸਰ ਉਪਲਬ ਹੋਣ ਲੱਗਾ। ਇਸ ਕਾਰਜ ਵਿਚ ਕਈ ਪ੍ਰਕਾਰ ਦੀ ਸੇਵਾ ਮਿਲਣ ਦੀ ਸੰਭਾਵਨਾ ਰਹਿੰਦੀ ਸੀ। ਖੂਹ ਤੋਂ ਪਾਣੀ ਲਿਆਉਣਾਂ, ਜੰਗਲ ਵਿਚ ਬਾਲਣ ਦੇ ਰੂਪ ਵਿੱਚ ਲੱਕੜੀ ਲਿਆਉਣਾਂ, ਬਰਤਨ ਸਾਫ ਕਰਨਾਂ, ਚਾਰੇ ਤਰਫ ਦੇ ਖੇਤਰ ਦੀ ਸਫਾਈ ਕਰਨਾਂ ਆਦਿ ਕਠਿਨ ਕਾਰਜ ਵੀ ਕਈ ਭਗਤਜਨਾਂ ਨੂੰ ਬਹੁਤ ਚੰਗਾ ਲੱਗਦਾ ਸੀ। ਗੁਰੁਦੇਵ ਦਾ ਲੰਗਰ ਸਵੇਰ ਸਮੇਂ ਤੋਂ ਆਰੰਭ ਹੋ ਜਾਂਦਾ ਅਤੇ ਅੱਧ-ਰਾਤ ਤੱਕ ਜਾਰੀ ਰਹਿੰਦਾ। ਜਦੋਂ ਭੋਜਨ ਕਰਨ ਦਾ ਕੋਈ ਇਛੁੱਕ ਬਾਕੀ ਨਾ ਰਹਿੰਦਾ ਤਾਂ ਸਾਰੇ ਬਰਤਨ ਖਾਲੀ ਤੇ ਸਾਫ ਕਰਕੇ ਮੂਧੇ ਕਰ ਦਿੱਤੇ ਜਾਂਦੇ ਤੇ ਫਿਰ ਤੋਂ ਸਵੇਰੇ ਦੁਬਾਰਾ ਤਾਜ਼ਾ ਭੋਜਨ ਤਿਆਰ ਕੀਤਾ ਜਾਂਦਾ। ਲੰਗਰ ਤਿਆਰ ਕਰਨ ਵਿਚ ਮਹਿਲਾਵਾਂ ਦਾ ਸਭ ਤੋਂ ਵੱਡਾ ਯੋਗਦਾਨ ਇਹ ਹੁੰਦਾ ਸੀ ਕਿ ਉਹ ਹਰ ਇੱਕ ਕਾਰਜ ਕਰਦੇ ਸਮੇਂ ਨਾਮ ਬਾਣੀ ਦਾ ਅਭਿਆਸ ਕਰਦੀ ਰਹਿੰਦੀ। ਜਿਸਤੋਂ ਹਰ ਇੱਕ ਭੋਜਨ ਪਦਾਰਥ ਵਿੱਚ ਪ੍ਰਭੂਨਾਮ ਦਾ ਰਸ ਵੀ ਸ਼ਾਮਿਲ ਹੁੰਦਾ ਰਹਿੰਦਾ। ਅਰਥਾਤ ਲੰਗਰ ਸਧਾਰਣ ਭੋਜਨ ਨਾ ਰਹਿ ਕੇ ਅਤਿ ਸਵਾਦਿਸ਼ਟ ਪ੍ਰਸ਼ਾਦ ਰੂਪ ਬਣ ਜਾਂਦਾ। ਜੋ ਵੀ ਜਗਿਆਸੂ ਲੰਗਰ ਛਕਦਾ ਉਸ ਦਾ ਅੰਤਹ ਕਰਣ ਪ੍ਰਭੂ-ਚਰਨਾਂ ਵਿੱਚ ਲੀਨ ਰਹਿਣ ਲੱਗਦਾ। ਇਸਦੇ ਇਲਾਵਾ ਜੋ ਵੀ ਵਿਅਕਤੀ ਆਪਣੀ ਜੀਵਿਕਾ ਦੇ ਸਾਧਨਾਂ ਵਿੱਚੋ ਆਪਣੀ ਆਮਦਨ ਦਾ ਦਸਵੰਧ (**ਦਾਨ**) ਸਫਲ ਕਰਨਾ ਚਾਹੁੰਦਾ ਤਾਂ ਉਸਨੂੰ ਇੱਥੇ ਸਹਿਜ ਵਿੱਚ ਉਹ ਸਥਾਨ ਉਪਲੱਬਧ ਹੁੰਦਾ। ਇੱਥੇ ਉਸ ਧਨ ਦਾ ਉੱਚਿਤ ਪ੍ਰਯੋਗ ਹੋਏਗਾ ਅਤੇ ਉਸਦੇ ਮਨ ਨੂੰ ਸ਼ਾਂਤੀ ਮਿਲੇਗੀ। ਅਰਥਾਤ- ਧਰਮਾਰਥ ਦੇ ਵਿਚਾਰ ਤੋਂ ਦੂਰ-ਦੂਰ ਤੋਂ ਲੋਕ ਧਨ ਅਤੇ ਅਨਾਜ ਗੁਰੂਦੇ ਲੰਗਰ ਦੇ ਲਈ ਭੇਂਟ ਵਿੱਚ ਲਿਆਉਂਦੇ।

ਗੁਰੁਦੇਵ ਦੇ ਲੰਗਰ ਵਿੱਚ ਹਮੇਸ਼ਾ ਭੀੜ ਬਣੀ ਰਹਿੰਦੀ ਜੋ ਵੀ ਭੋਜਨ ਛਕਣ। ਉਹ ਗੁਰੂਨਾਨਕ ਦੇਵ ਜੀ ਦੀ ਉਸਤੱਤੀ ਕਰਦਾ ਹੋਇਆ ਜਾਂਦਾ। ਪਰੰਤੂ ਕੁਝ ਈਰਖਾਲੂ ਵਿਅਕਤ ਜੋ ਦਵੈਸ਼ ਦੇ ਕਾਰਨ ਲੰਗਰ ਪ੍ਰਥਾ ਦਾ ਵਿਰੋਧ ਕਰਦੇ ਸੀ। ਉਹ ਗੁਰੁਦੇਵ ਦੀ ਕੀਰਤੀ ਸੁਣਕੇ ਦੁਖੀ ਹੁੰਦੇ ਰਹਿੰਦੇ। ਉਹਨਾਂ ਦਾ ਮੰਨਣਾ ਇਹ ਸੀ ਕਿ ਇਹ ਲੰਗਰ ਪ੍ਰਥਾ ਮਾਨਵ ਕਲਿਆਣ ਨਹੀਂ ਮਾਨਵ ਵਿਨਾਸ਼ ਹੈ ਕਿਉਂਕਿ ਇੱਥੇ ਉੱਚੇ-ਨੀਵੇਂ ਵਿਅਕਤੀਆਂ ਦਾ ਭੇਦਭਾਵ ਹੀ ਨਹੀਂ ਕੀਤਾ ਜਾਂਦਾ। ਜਦੋਂ ਕਿ ਬ੍ਰਾਹਮਣ ਵਰਗ ਸਰਵ-ਉੱਤਮ ਹੈ, ਉਹਨਾਂ ਨੂੰ ਸਭ ਤੋਂ ਪਹਿਲਾਂ ਭੋਜਨ ਕਰਾਉਣਾਂ ਚਾਹੀਦਾ ਹੈ ਅਤੇ ਉਹਨਾਂ ਦੇ ਲਈ ਵਿਸ਼ੇਸ਼ ਸਥਾਨ ਸੁਰੱਖਿਅਤ ਰੱਖਿਆ, ਜਾਣਾ ਚਾਹੀਦਾ ਸੀ। ਇਸ ਪ੍ਰਕਾਰ ਤਾਂ ਧਰਮ ਹੀ ਭ੍ਰਿਸ਼ਟ ਕਰ ਦਿੱਤਾ ਗਿਆ ਹੈ।

# ਜੋਗੀ ਸ਼ਿਵਨਾਥ

ਖਡੂਰ ਨਗਰ ਵਿੱਚ ਲੰਬੇ ਸਮੇਂ ਤੋਂ ਇੱਕ ਜੋਗੀ ਰਹਿੰਦਾ ਸੀ। ਜਿਸਦਾ ਨਾਮ ਸ਼ਿਵਨਾਥ ਸੀ। ਲੋਕ ਇਸਨੂੰ ਵੀ ਤਪੱਸਵੀਰ ਜਾਣ ਕੇ ਅਨਾਜ ਦੁੱਧ ਆਦਿ ਜਰੂਰਤ ਦੀਆਂ ਵਸਤਾਂ ਭੇਟ ਵਿੱਚ ਦੇ ਜਾਂਦੇ ਸੀ। ਇਸ ਪ੍ਰਕਾਰ ਇਸਦਾ ਵੀ ਗੁਜ਼ਰ ਬਸਰ ਚੱਲ ਰਿਹਾ ਸੀ ਕਿੰਤੂ ਗੁਰੂ ਅੰਗਦ ਦੇਵ ਜੀ ਦੇ ਖਡੂਰ ਵਿਚ ਵਾਪਸ ਪ੍ਰਗਟ ਹੋਣ ਤੇ ਉਸਦੀ ਆਮਦਨ ਵਿੱਚ ਰੁਕਾਵਟ ਪੈਦਾ ਹੋ ਗਈ ਸੀ। ਇਸ ਪ੍ਰਕਾਰ ਕਹਿ ਸਕਦੇ ਹਾਂ ਕਿ ਉਹ ਗੁਰੂਦੇਵ ਦੇ ਵੱਧਦੇ ਹੋਏ ਪ੍ਰਤਾਪ ਨਾਲ ਈਰਖਾ ਕਰਨ ਲੱਗਾ। ਕਿੰਤੂ ਉਸਦੇ ਵੱਸ ਵਿੱਚ ਕੁਝ ਵੀ ਨਹੀਂ ਸੀ। ਅਰਥਾਤ ਉਹ ਹਮੇਸ਼ਾ ਗੁਰੂਦੇਵ ਦੀ ਨਿੰਦਿਆ ਕਰਦਾ ਰਹਿੰਦਾ ਅਤੇ ਕਹਿੰਦਾ ਅਸੀਂ ਤਾਂ ਤਿਆਗੀ ਪੁਰਖ ਹਾਂ ਪਰੰਤੂ ਅੰਗਦ ਗ੍ਰਹਿਸਥੀ ਹੈ ਅਤੇ ਪੂਜਾ ਕਰਵਾਉਂ ਦਾ ਹੈ ਆਦਿ। ਗੁਰੂਦੇਵ ਸ੍ਰੀ ਗੁਰੂਨਾਨਕ ਦੇਵ ਜੀ ਦੇ ਸਿਧਾਂਤਾਂ ਦਾ ਪ੍ਰਚਾਰ-ਪ੍ਰਸਾਰ ਕਰਦੇ ਰਹਿੰਦੇ। ਜਿਸਦੇ ਅਨੁਸਾਰ ਉਹ ਆਪਣੇ ਪ੍ਰਵਚਨਾਂ ਵਿੱਚ ਸੰਗਤ ਨੂੰ ਸੰਬੋਧਿਤ ਕਰਦੇ ਹੋਏ ਕਹਿੰਦੇ ਕਿ ਸਾਰੀ ਮਾਨਵ ਜਾਤੀ ਦਾ ਕਲਿਆਣ ਆਪਸ ਵਿੱਚ ਪ੍ਰੇਮ ਕਰਨ ਵਿੱਚ ਹੈ। ਕੇਵਲ ਪ੍ਰੇਮਾ ਭਗਤੀ ਹੀ ਸਾਨੂੰ ਉਸ ਸਰਵਵਿਆਪਕ, ਸਰਵਸ਼ਕਤੀਮਾਨ ਪਾਰਬ੍ਰਹਮ ਪ੍ਰਮੇਸ਼ਵਰ ਦੇ ਨਜ਼ਦੀਕ ਲਿਜਾ ਸਕਦੀ ਹੈ। ਇਸਤੋਂ ਇਲਾਵਾ ਕਰਮਕਾਂਡ ਹਮੇਸ਼ਾ ਪ੍ਰਭੂਮਿਲਾਪ ਵਿੱਚ ਰੁਕਾਵਟ ਹੀ ਬਣੇ ਰਹਿਣਗੇ ਕਿਉਂਕਿ ਇਹਨਾਂ ਵਿੱਚ ਅਹੰਕਾਰ ਭਾਵ ਉਤਪੰਨ ਹੁੰਦਾ ਹੈ। ਜੋ ਸਾਡੇ ਕਾਰਜਾਂ ਨੂੰ ਪ੍ਰਫੁੱਲਿਤ ਨਹੀਂ ਹੋਣ ਦਿੰਦਾ। ਇਸ ਪ੍ਰਕਾਰ ਗੁਰੂਦੇਵ ਜਨ-ਸਧਾਰਣ ਨੂੰ ਸਮਝਾਉਂਦੇ ਹਨ ਕਿ ਸਾਨੂੰ ਪ੍ਰਭੂਦੇ ਉੱਪਰ ਪੂਰਣ ਵਿਸ਼ਵਾਸ ਰੱਖਣਾ ਚਾਹੀਦਾ ਹੈ ਕਿ ਉਹ ਹਰ ਸਮੇਂ ਸਾਡਾਭਲਾ ਹੀ ਕਰਦਾ ਹੈ ਕਿਉਂਕਿ ਉਹ ਸਾਡਾ ਪਿਤਾ ਹੈ। ਸਾਨੂੰ ਹਮੇਸ਼ਾ ਸੰਤੁਸ਼ਟ ਰਹਿਣਾ ਚਾਹੀਦਾ ਹੈ।

ਖਡੂਰ ਨਗਰ ਵਿਚ ਜਨਜੀਵਨ ਸਮਾਨ ਰੂਪ ਵਿੱਚ ਚੱਲ ਰਿਹਾ ਸੀ। ਗੁਰੂਦੇਵ ਦੇ ਸੇਵਕ ਅਮਰਦਾਸ ਜੀ ਆਪਣੇ ਘਰੇਲੂਕੰਮ ਸੰਬੰਧੀ ਕੁਝ ਦਿਨ ਦੀ ਛੁੱਟੀ ਲੈ ਕੇ ਆਪਣੇ ਪਿੰਡ ਬਾਸਰਕੇ ਚਲੇ ਗਏ। ਉਹਨੀਂ ਦਿਨੀ੍ਹ ਵਰਖਾ ਨਾ ਹੋਣ ਕਰਕੇ ਕਿਸਾਨਾਂ ਦੀ ਖੇਤੀਬਾੜੀ ਵਿੱਚ ਸੋਕਾ ਉਤਪੰਨ ਹੋਣ ਲਗਾ। ਉਹ ਵਰਖਾ ਦੇ ਲਈ ਮਿਲਕੇ ਗੁਰੂਦੇਵ ਦੇ ਸਾਹਮਣੇ ਬੇਨਤੀ ਕਰਨ ਲੱਗੇ। ਗੁਰੂਦੇਵ ਨੇ ਗੁਰਮਤਿ ਅਨੁਸਾਰ ਉਹਨਾਂ ਨੂੰ ਹੌਂਸਲ ਦਿੱਤਾ ਅਤੇ ਕਿਹਾ ਕਿ ਪ੍ਰਭੂਸਾਡਾ ਪਿਤਾ ਹੈ, ਉਹ ਸਾਡੀਆਂ ਜਰੂਰਤਾਂ ਨੂੰ ਜਾਣਦਾ ਹੈ। ਉਹ ਸਾਡੇ ਲਈ ਭਲਾ ਹੀ ਕਰੇਗਾ। ਸਾਨੂੰ ਚਿੰਤਾ ਕਰਨ ਦੀ ਜਰੂਰਤ ਨਹੀਂ। ਕਿੰਤੂਕੁਝ ਕਿਸਾਨ ਬ੍ਰਹਮ ਗਿਆਨ ਦੇ ਪਾਠ ਨੂੰ ਸਮਝਣੇ ਵਾਲੇ ਨਹੀਂ ਸੀ। ਉਹਨਾਂ ਨੂੰ ਤਾਂ ਵਰਖਾ ਚਾਹੀਦੀ ਸੀ। ਅਰਥਾਤ ਉਹ ਜੋਗੀ ਸ਼ਿਵਨਾਥ ਦੇ ਕੋਲ ਚਲੇ ਗਏ ਅਤੇ ਉੱਥੇ ਵੀ ਵਰਖਾ ਚਾਹੁਣ ਦੀ ਗੱਲ ਦੁਹਰਾਉਣ ਲੱਗੇ। ਇਸਤੇ ਜੋਗੀ ਨੇ ਕਿਹਾ-ਤੁਸਾਂ ਲੋਕਾਂ ਨੂੰ ਹੁਣ ਅਕਲ ਆਈ ਹੈ, ਤਿਆਗੀਆਂ ਨੂੰ ਛੱਡ ਕੇ ਗ੍ਰਹਿਸਥੀਆਂ ਦੀ ਪੂਜਾ ਕਰਦੇ ਹੋ। ਇਸ ਲਈ ਇਹ ਪ੍ਰਕ੍ਰਿਤਕ

ਪ੍ਰਕੋਪ ਹੋਇਆ ਹੈ। ਹੁਣ ਤੁਸੀਂ ਸੋਕੇ ਨਾਲ ਮਰੋਗੇ। ਕੁਝ ਕਿਸਾਨ ਉਸਦੇ ਪੈਰੀਂ ਪੈ ਗਏ ਕਿ ਮਹਾਰਾਜ ਕੁਝ ਤਾਂ ਕਰੋ।” ਉੱਤਰ ਵਿੱਚ ਜੋਗ ਨੇ ਕਿਹਾ- ਮੈਂ ਵਰਖਾ ਕਰਵ ਸਕਦਾ ਹਾਂ, ਜੇਕਰ ਤੁਸੀ ਗੁਰੂਅੰਗਦ ਨੂੰ ਖਡੂਰ ਨਗਰ ਨੂੰ ਛਡ ਤੇ ਮਜਬੂਰ ਕਰ ਦੇਵੋ। ਇਸਤੇ ਕਿਸਾਨ ਗੁਰੂਦੇਵ ਦੇ ਕੋਲ ਆਏ ਅਤੇ ਬੇਨਤੀ ਕਰਨ ਲੱਗੇ ਕਿ ਜੋਗੀ ਵਰਖਾ ਕਰਵਾਉਣ ਦਾ ਦਾਅਵਾ ਕਰਦਾ ਹੈ। ਉਸਦੀ ਕੇਵਲ ਇੱਕ ਸ਼ਰਤ ਹੈ ਕਿ ਆਪ ਖਡੂਰ ਨਗਰ ਛੱਡ ਕੇ ਕਿਤੇ ਹੋਰ ਜਾ ਵੱਸੋ। ਇਹ ਸੁਣਕੇ ਗੁਰੂਦੇਵ ਨੇ ਕਿਹਾ ਸਾਨੂੰ ਤਾਂ ਖੁਸ਼ੀ ਹੋਏਗੀ ਜੇਕਰ ਉਹ ਵਰਖਾ ਕਰਵਾਉਣ ਵਿਚ ਸਫਲ ਹੋ ਜਾਂਦਾ ਹੈ ਅਤੇ ਉਹਨਾਂ ਨੇ ਸੇਵਕਾਂ ਨੂੰ ਹੁਕਮ ਦਿੱਤਾ ਕਿ ਤੁਰੰਤ ਇਹ ਨਗਰ ਤਿਆਗ ਕੇ ਇਸੀ ਪਲ ਦੂਸਰੇ ਨਗਰ ਚਲੋ। ਅਤੇ ਗੁਰੂਦੇਵ ਨੇ ਨਗਰ ਤਿਆਗ ਦਿੱਤਾ। ਕਿਸਾਨਾਂ ਨੇ ਜੋਗੀ ਨੂੰ ਸੂਚਨਾ ਦੇ ਦਿੱਤੀ ਕਿ ਗੁਰੂਦੇਵ ਖਡੂਰ ਨਗਰ ਤਿਆਗ ਕੇ ਕਿਤੇ ਚਲੇ ਗਏ ਹਨ ਕਿੰਤੂਜੋਗੀ ਸੰਤੁਸ਼ਟ ਨਹੀਂ ਹੋਇਆ। ਉਹ ਕਹਿਣ ਲੱਗਾ ਕਿ ਉਸਨੂੰ 25-30 ਕੋਹ ਦੂਰ ਜਾਣ ਲਈ ਕਹੋ।

ਜਿਸਥਾਂ ਤੋਂ ਉਸਦੇ ਵਾਪਸ ਆਉਣ ਦੀ ਦੀ ਸੰਭਾਵਨਾ ਨਾ ਰਹੇ। ਕਿਸਾਨਾਂ ਨੇ ਅਜਿਹਾ ਹੀ ਕੀਤਾ ਅਤੇ ਜੋਗੀ ਨੂੰ ਕਿਹਾ- **“ਹੁਣ ਤੁਰੰਤ ਵਰਖਾ ਕਰਵਾ ਦਿਓ।”** ਉੱਤਰ ਵਿੱਚ ਜੋਗੀ ਕਹਿਣ ਲੱਗਾ- “ਮੈਂ ਹਰ ਪ੍ਰਕਾਰ ਦੇ ਤੰਤਰ-ਮੰਤਰ ਕਰ ਰਿਹਾ ਹਾਂ, ਜਲਦੀ ਹੀ ਮੇਰਾ ਵਰਖਾ ਵਾਲਾ ਮੰਤਰ ਫਲੀਭੂਤ ਹੋ ਕੇ ਰੰਗ ਦਿਖਾਏਗਾ। ਆਪ ਇਸ ਵਿਚ ਭਾਗ ਲਓ ਅਤੇ ਮੇਰੀ ਸਹਾਇਤਾ ਕਰੋ।” ਇਸ ਪ੍ਰਕਾਰ ਬਹਾਨੇਬਾਜ਼ੀ ਵਿੱਚ ਤਿੰਨ ਚਾਰ ਦਿਨ ਹੋਰ ਬਤੀਤ ਹੋ ਗਏ। ਤਦ ਸ੍ਰੀ ਅਮਰਦਾਸ ਜੀ ਆਪਣੇ ਪਿੰਡ ਬਾਸਰਕੇ ਤੋਂ ਵਾਪਸ ਆਏ। ਉਹਨਾਂ ਨੇ ਦੇਖਿਆ ਕਿ ਗੁਰੂਦਰਬਾਰ ਖਾਲੀ ਪਿਆ ਹੈ ਅਤੇ ਸੰਗਤ ਤੇ ਗੁਰੂਦੇਵ ਕਿਤੇ ਦਿਖਾਈ ਨਹੀਂ ਦੇਂਦੇ। ਪੁੱਛਣ ਤੇ ਪਤਾ ਲੱਗਾ ਕਿ ਇਹ ਸਭ ਕਾਰਜ ਈਰਖਾਲੂਸ਼ਿਵਨਾਥ ਜੋਗੀ ਦਾ ਹੈ ਤਾਂ ਉਹਨਾਂ ਤੋਂ ਆਪਣੇ ਗੁਰੂਦੇਵ ਦਾ ਅਪਮਾਨ ਸਹਿਣ ਨਹੀਂ ਹੋਇਆ। ਉਹ ਕਿਸਾਨਾਂ ਦੇ ਭੋਲੇਪਾਣ ਤੇ ਬਹੁਤ ਹੈਰਾਨ ਹੋਏ। ਉਹਨਾਂ ਨੇ ਤੁਰੰਤ ਕਿਸਾਨਾਂ ਨੂੰ ਕਿਹਾ- ਜਾਓ ਜੋਗੀ ਨੂੰ ਕਹੋ ਕਿ ਉਹ ਜਲਦੀ ਵਰਖਾ ਕਰਵਾ ਦੇਵੇ ਨਹੀਂ ਤਾਂ ਅਸੀਂ ਵਰਖਾ ਕਰਨ ਦਾ ਉਪਚਾਰ ਦੱਸ ਦੇਵਾਂਗੇ ਕਿਸਾਨ ਇਸ਼ਾਰਾ ਸੁਣਦੇ ਸਾਰ ਹੀ ਜੋਗੀ ਤੇ ਦਬਾ ਪਾਉਣ ਲੱਗੇ ਕਿ ਆਪਣੇ ਵਾਅਦੇ ਅਨੁਸਾਰ ਵਰਖਾ ਕਰਵਾ ਦਿਓ ਨਹੀਂ ਤਾਂ ਤੂੰ ਆਪਣੇ ਆਸ਼ਰਮ ਤੋਂ ਬਾਹ ਨਿਕਲ। ਜੋਗੀ ਢੋਂਗੀ ਸੀ ਅਰਥਾਤ ਉਹ ਬਹਾਨੇਬਾਜ਼ੀ ਕਰਨ ਲੱਗਾ। ਇਸਤੇ ਅਮਰਦਾਸ ਜੀ ਨੇ ਕਿਹਾ, “ਇਸ ਪਾਪੀ ਨੇ ਗੁਰੂਨੂੰ ਖਡੂਰ ਤਿਆਗਣ ਦਾ ਢੋਂਗ ਰਚਿਆ ਸੀ। ਹੁਣ ਤੁਸੀਂ ਜਿਉਂ ਹੀ ਇਸਨੂੰ ਮੱਠ ਤੋਂ ਬਾਹਰ ਘਸੀਟੋ ਗੇ ਤਿਉਂ ਹੀ ਵਰਖਾ ਸੁਰੂਹੋ ਜਾਏਗੀ। ਅਤੇ ਜਿਉਂ ਹੀ ਨਗਰ ਦੇ ਬਾਹਰ ਕੱਢ ਦਿਓਗੇ, ਵਰਖਾ ਦੀ ਕਿਤੇ ਵੀ ਕਮੀ ਨਹੀਂ ਰਹੇਗੀ ਕਿਸਾਨਾਂ ਨੇ ਅਜਿਹਾ ਹੀ ਕੀਤਾ। ਜੋਗੀ ਨੂੰ ਬਲਪੂਰਵਕ ਜਿਉਂ ਹੀ ਮੱਠ ਤੋਂ ਬਾਹਰ ਲਿਆਏ ਵਰਖਾ ਸ਼ੁਰੂਹੋ ਗਈ। ਕਿੰਤੂਉਸ ਨੂੰ ਬਾਹਰ ਕੱਢਣ ਦੇ ਚੱਕਰ ਵਿੱਚ ਜੋਗੀ ਕਿਸਾਨਾਂ ਦੁਆਰਾ

ਬਲਪੂਰਵਕ ਘਸੀਟ ਨਾਲ ਮਾਰਿਆ ਗਿਆ। ਵਰਖਾ ਦੀ ਇੱਛਾ ਸੰਪੂਰਨ ਹੋਣ ਤੇ ਕਿਸਾਨ ਅਮਰਦਾਸ ਜੀ ਦੇ ਨਾਲ ਗੁਰੂਦੇਵ ਨੂੰ ਵਾਪਸ ਬੁਲਾਉਣ ਅਤੇ ਆਪਣੀ ਭੁੱਲ ਦੀ ਮਾਫੀ ਮੰਗਣ ਲਈ 'ਖਾਨ ਰਜਾਦੇ ਦੀ ਜੂਹ' ਨਾਂ ਦੇ ਪਿੰਡ ਵਿਚ ਪਹੁੰਚ ਗਏ। ਉਹਨੀ ਦਿਨੀਂ ਗੁਰੂਦੇਵ ਇਥੇ ਹੀ ਗੁਰਮਤਿ ਦਾ ਪ੍ਰਚਾਰ ਕਰ ਰਹੇ ਸੀ। ਅਮਰਦਾਸ ਜੀ ਨੂੰ ਦੇਖ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਉਹਨਾਂ ਵੱਲ ਪਿੱਠ ਕਰ ਦਿੱਤੀ ਅਤੇ ਦਰਸ਼ਨ ਨਹੀਂ ਦਿੱਤੇ। ਜਦੋਂ ਅਮਰਦਾਸ ਜੀ ਦੂਜੀਤਰਫੋ ਜਾ ਕੇ ਉਹਨਾਂ ਦੇ ਚਰਨ ਛੂਹਣ ਲੱਗੇ ਤਾਂ ਫਿਰ ਉਹਨਾਂ ਨੇ ਚਰਨ ਛੂਹਣ ਨਹੀਂ ਦਿੱਤੇ ਅਤੇ ਮੂੰਹ ਦੂਜੇ ਪਾਸੇ ਕਰ ਲਿਆ। ਇਸ ਤੇ ਅਮਰਦਾਸ ਜੀ ਨੇ ਆਪਣੀ ਭੁੱਲ ਦੇ ਲਈ ਆਪਣੇ ਗਲੇ ਵਿਚ ਸਫੇਦ ਕੱਪੜਾ ਪਾ ਕੇ ਦੋਨੋਂ ਹੱਥ ਜੋੜ ਕੇ ਨਤਮਸਤਕ ਹੋ ਕੇ ਮੁਆਫੀ ਮੰਗੀ ਤੇ ਕਿਹਾ– "ਮੈਨੂੰ ਮੁਆਫ਼ ਕਰ ਦਿਓ। ਮੈ ਅਗਿਆਨੀ ਪੈਰ ਪੈਰ ਭੁੱਲਾਂ ਕਰਦਾ ਹਾਂ। ਆਪ ਕਿਰਪਾਲੂ ਹੋ, ਦਿਆਲੂ ਹੋ, ਇਸ ਦਾਸ ਦੇ ਅਵਗੁਣਾਂ ਤੇ ਧਿਆਨ ਨਾ ਦਿਓ ਗੁਰੂਦੇਵ ਨੇ ਅਮਰਦਾਸ ਜੀ ਨੂੰ ਕਿਹਾ, "ਜੋਗੀ ਪ੍ਰਤਿਸ਼ਠਾ ਅਤੇ ਮਾਇਆ ਦਾ ਭੁੱਖਾ ਸੀ, ਉਸਦੀ ਰੋਜ਼ੀ–ਰੋਟੀ ਦਾ ਪ੍ਰਸ਼ਨ ਸੀ ਪਰੰਤੂਆਪਨੇ ਉਸਦੀ ਹੱਤਿਆ ਕਰਵਾ ਦਿੱਤੀ ਅਤੇ ਪ੍ਰਕ੍ਰਿਤੀ ਦੇ ਕਾਰਜਾਂ ਵਿੱਚ ਦਖਲ ਦੇ ਕੇ ਆਤਮ–ਸ਼ਕਤੀ ਦਾ ਪ੍ਰਗਟਾਵਾ ਕੀਤਾ ਜੋ ਕਿ ਆਤਮਿਕ ਉੱਨਤੀ ਵਿੱਚ ਬਹੁਤ ਵੱਡੀ ਰੁਕਾਵਟ ਪਾਉਂਦੀ ਹੈ। ਖਡੂਰ ਦੇ ਕਿਸਾਨਾਂ ਨੇ ਵੀ ਮੁਆਫੀ ਮੰਗੀ ਅਤੇ ਪ੍ਰਾਥਨਾ ਕੀਤੀ ਕਿ ਆਪ ਆਪਣੇ ਨਗਰ ਖਡੂਰ ਵਾਪਸ ਆ ਜਾਓ। ਗੁਰੂਦੇਵ ਨੇ ਵਾਪਸੀ ਦਾ ਵਿਚਾਰ ਬਣਾਇਆ ਅਤੇ ਖਡੂਰ ਸਾਹਿਬ ਪਹੁੰਚ ਗਏ।

## ਗੋਇੰਦਵਾਲ ਵਸਾਉਂਣਾ

ਸ੍ਰੀ ਗੁਰੂ ਅੰਗਦਦੇਵ ਜੀ ਦੇ ਦਰਬਾਰ ਵਿੱਚ ਇੱਕ ਜ਼ਿਮੀਂਦਾਰ ਗੋਇੰਦਾ ਹਾਜ਼ਿਰ ਹੋਇਆ ਅਤੇ ਉਸਨੇ ਗੁਰੂਦੇਵ ਦੇ ਚਰਨਾਂ ਵਿੱਚ ਪ੍ਰਾਰਥਨਾ ਕੀਤੀ ਕਿ ਮੇਰੇ ਕੋਲ ਬਿਆਸ ਨਦੀ ਦੇ ਤੱਟ ਦੇ ਦੂਜੇ ਪਾਸੇ ਸ਼ਾਹੀ ਸੜਕ ਤੇ ਬਹੁਤ ਜ਼ਮੀਨ ਹੈ। ਮੈਂ ਉਸਨੂੰ ਕਈ ਸਾਲਾਂ ਤੋਂ ਵਸਾਉਣ ਦਾ ਪ੍ਰਯਤਨ ਕਰ ਰਿਹਾ ਹਾਂ, ਪਰੰਤੂਕਦੀ ਹੜ੍ਹ ਤੇ ਕਦੀ ਸੋਕਾ ਆਦਿ ਪ੍ਰਾਕ੍ਰਿਤਕ ਬਿਪਤਾ ਦੇ ਕਾਰਨ ਵਸਾ ਨਹੀਂ ਸਕਿਆ। ਭੂਮੀ ਉਪਜਾਊਹੈ। ਅਰਥਾਤ ਮੇਰੇ ਚਚੇਰੇ ਭਰਾਵਾਂ ਨੇ ਉਸ ਤੇ ਅਵੈਧ ਕਬਜ਼ਾ ਕਰ ਲਿਆ ਸੀ। ਹੁਣ ਲੰਬੇ ਸਮੇਂ ਦੀ ਮੁਕੱਦਮੇਬਾਜ਼ੀ ਦੇ ਪਸ਼ਚਾਤ ਮੈਂ ਦੁਬਾਰਾ ਉਸ ਭੂਮੀ ਦਾ ਪੱਟਾ ਪ੍ਰਾਪਤ ਕਰਨ ਵਿਚ ਸਫਲ ਹੋ ਗਿਆ ਹਾਂ। ਇਹਨੀ ਦਿਨੀਂ ਮੈਂ ਬਹੁਤ ਯਤਨ ਕੀਤੇ ਹਨ ਕਿ ਨਗਰ ਵੱਸ ਜਾਏ ਪਰੰਤੂਮੇਰੇ ਵਿਰੋਧੀ ਈਰਖਾ ਕਾਰਨ ਦਿਨ ਦਾ ਨਿਰਮਾਣ ਕਾਰਜ, ਰਾਤ ਦੇ ਹਨੇਰੇ ਵਿੱਚ ਵਿਨਾਸ਼ ਵਿੱਚ ਬਦਲ ਦਿੰਦੇ ਹਨ ਅਤੇ ਕਿਸ਼ਾਨਾਂ ਵਿੱਚ ਅਫਵਾਹ ਫੈਲਾਉਂਦੇ ਹਨ ਕਿ ਇਹ ਸਥਾਨ **"ਭਾਰੀ"** ਹੈ। ਇਸ ਸਥਾਨ ਤੇ ਪ੍ਰੇਤ ਆਤਮਾਵਾਂ ਰਹਿੰਦੀਆਂ ਹਨ। ਅਰਥਾਤ ਕਈ ਕਿਸਾਨ ਡਰਦੇ ਕਾਰਣ ਕੰਮ ਛੱਡ ਕੇ ਭੱਜ ਗਏ ਹਨ। ਜੇਕਰ ਆਪ ਮੇਰੀ ਸਹਾਇਤਾ ਕਰੋ ਤਾਂ ਇਹ ਸਥਾਨ ਵੱਸ ਜਾਣ ਨਾਲ

ਇੱਥੋਂ ਦੇ ਰਹਿਣ ਵਾਲੇ ਨਿਵਾਸੀਆਂ ਨੂੰ ਬਹੁਤ ਲਾਭ ਹੋਏਗਾ ਕਿਉਂਕਿ ਏਥੇ ਬਿਆਸ ਨਦੀ ਦੇ ਪਤਨ ਤੇ ਯਾਤਰੀਆਂ ਦਾ ਆਵਾਗਵਨ ਹਮੇਸ਼ਾ ਬਨਿਆ ਰਹਿੰਦਾ ਹੈ। ਅਰਥਾਤ ਉੱਥੇ ਇੱਕ ਵਧੀਆ ਵਿਉਪਾਰਕ ਕੇਂਦਰ ਬਣ ਦੀ ਸੰਭਾਵਨਾ ਹੈ।

ਭਾਈ ਗੋਇੰਦੇ ਦੀ ਪਵਿੱਤਰ ਭਾਵਨਾ ਨੂੰ ਦੇਖ ਕੇ ਦੂਰਦਰਸ਼ੀ ਸਵਾਮੀ ਗੁਰੂ ਅੰਗਦਦੇਵ ਜੀ ਨੇ ਉਸਨੂੰ ਹੌਂਸਲਾ ਦਿੱਤਾ ਤੇ ਕਿਹਾ– **"ਅਸੀਂ ਤੁਹਾਡੀ ਸਹਾਇਤ ਕਰਾਂਗੇ"** ਅਤੇ ਉਹਨਾਂ ਨੇ ਆਪਣੇ ਪਰਮ ਸੇਵਕ ਸ੍ਰੀ ਗੁਰ ਅਮਰਦਾਸ ਜੀ ਨੂੰ ਆਦੇਸ਼ ਦਿੱਤਾ ਤੇ ਕਿਹਾ– "ਆਪ ਭਾਈ ਗੋਇੰਦੇ ਜੀ ਦੇ ਨਾਲ ਜਾਓ ਅਤੇ ਗੁਰੂ ਨਾਨਕਦੇਵ ਜੀ ਦੀ ਓਟ ਲੈ ਕੇ ਨਗਰ ਦੀ ਅਧਾਰਸ਼ਿਲਾ ਰੱਖੋ। ਪ੍ਰਮਾਤਮਾ ਨੇ ਚਾਹਿਆ ਤਾਂ ਸਭ ਕਾਰਜਾਂ ਵਿੱਚ ਸਿੱਧੀ ਮਿਲੇਗੀ।

ਹੁਕਮ ਪਾਉਂਦੇ ਹੀ ਸ੍ਰੀ ਅਮਰਦਾਸ ਜੀ ਗੋਇੰਦੇ ਦੀ ਜ਼ਮੀਨ ਤੇ ਪਹੁੰਚੇ, ਜੋ ਕਿ ਖਡੂਰ ਨਗਰ ਤੋ 3 ਕੋਸ ਦੂਰ ਬਿਆਸ ਨਦੀ ਦੇ ਪੱਛਮੀ ਤੱਟ ਤੇ ਸਥਿਤ ਸੀ। ਉੱਥੇ ਪਹੁੰਚਦੇ ਹੀ ਅਮਰਦਾਸ ਜੀ ਨੇ ਇੱਕ ਪ੍ਰਾਰਥਨਾ–ਸਮਾਰੋਹ ਦਾ ਆਯੋਜਨ ਕੀਤਾ, ਜਿਸ ਵਿਚ ਵਿਰੋਧੀ ਪੱਖ ਨੂੰ ਵੀ ਬੁਲਾਇਆ ਗਿਆ ਅਤੇ ਨਗਰ ਦੀ ਅਧਾਰਸ਼ਿਲਾ ਇੱਕ ਕਿਸਾਨ ਤੋਂ ਗੁਰੂਜੀ ਦੀ ਓਟ ਲੈ ਕੇ ਰਖਵਾ ਦਿੱਤੀ ਗਈ। ਇਸ ਪ੍ਰਕਾਰ ਨਿਰਮਾਣ ਕਾਰਜ ਪ੍ਰਾਰੰਭ ਕਰ ਦਿੱਤਾ ਗਿਆ ਇਸ ਸਮਾਰੋਹ ਨਾਲ ਵਿਰੋਧੀ ਪੱਖ ਦਾ ਵੀ ਮਨਮੁਟਾਵ ਮਿਟ ਗਿਆ, ਜਿਸਤੇ ਉਹਨਾਂ ਨੇ ਵੀ ਸਹਿਯੋਗ ਦੇਣਾਂ ਸ਼ੁਰੂਕਰ ਦਿੱਤਾ। ਦੇਖਦੇ ਹੀ ਦੇਖਦੇ ਕੁਝ ਹੀ ਦਿਨਾਂ ਵਿੱਚ ਇੱਕ ਛੋਟੇ ਜਿਹੇ ਨਗਰ ਦੀ ਰੂਪ ਰੇਖਾ ਸਪੱਸ਼ਟ ਦਿਖਾਈ ਦੇਣ ਲੱਗੀ ਨਗਰ ਦੇ ਹੋਂਦ ਵਿੱਚ ਆਉਣ ਨਾਲ ਭਾਈ ਗੋਇੰਦਾ ਬੇਹੱਦ ਖੁਸ਼ ਹੋਇਆ। ਉਸਨੇ ਕੁਝ ਜ਼ਮੀਨ ਗੁਰੂਨਾਨਕਦੇਵ ਜੀ ਦੀ ਸਿੱਖਿਆ ਦੇ ਪ੍ਰਸਾਰ ਦੇ ਲਈ ਸੁਰੱਖਿਅਤ ਰੱਖ ਦਿੱਤੀ ਅਤੇ ਅਮਰਦਾਸ ਜੀ ਦੇ ਲਈ ਇੱਕ ਵਿਸ਼ੇਸ਼ ਹਵੇਲੀ ਦਾ ਨਿਰਮਾਣ ਕਰਵਾਇਆ, ਜੋ ਕਿ ਬਹੁਤ ਹੀ ਸੁੰਦਰ ਅਤੇ ਅਤਿ ਆਧੁਨਿਕ ਸੀ। ਹਵੇਲੀ ਦੇ ਸੰਪੂਰਨ ਹੋਣ ਦ ਸੂਚਨਾ ਪਾਉਂਦੇ ਹੀ ਗੁਰੂ ਅੰਗਦਦੇਵ ਜੀ ਨੇ ਅਮਰਦਾਸ ਜੀ ਨੂੰ ਆਦੇਸ਼ ਦਿੱਤਾ ਕਿ ਆਪ ਬਾਸਰਕੇ ਪਿੰਡ ਤੋਂ ਆਪਣਾ ਪਰਿਵਾਰ ਭਾਈ ਗੋਇੰਦੇ ਦੀ ਨਗਰੀ ਵਿੱਚ ਲੈ ਆਉਣ ਅਤੇ ਉੱਥੇ ਵੱਸ ਜਾਣ। ਹੁਕਮ ਸੁਣਦਿਆਂ ਹੀ ਅਮਰਦਾਸ ਜੀ ਨੇ ਅਜਿਹਾ ਹੀ ਕੀਤਾ ਪਰੰਤੂਜਦੋਂ ਉਹ ਹਵੇਲੀ ਵਿੱਚ ਪ੍ਰਵੇਸ਼ ਕਰਨ ਲੱਗ ਤਾਂ ਉਹਨਾਂ ਨੇ ਦੇਖਿਆ ਕਿ ਇਹ ਹਵੇਲੀ ਮੇਰੇ ਗੁਰੂਦੇ ਨਿਵਾਸ ਸਥਾਨ ਤੋ ਕਿਤੇ ਉੱਤਮ ਹੈ। ਅਰਥਾਤ ਉਹਨਾਂ ਨੇ ਉਸ ਵਿੱਚ ਪ੍ਰਵੇਸ਼ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ। "ਮੈਂ ਤਾਂ ਇੱਕ ਨਿਮਾਣਾ ਜਿਹਾ ਸੇਵਕ ਹਾਂ। ਮੇਰਾ ਨਿਵਾਸ ਸਥਾਨ ਗੁਰ ਦੇ ਨਿਵਾਸ ਤੋਂ ਉੱਤਮ ਨਹੀਂ ਹੋਣਾ ਚਾਹੀਦਾ।" ਬੱਸ ਫਿਰ ਕੀ ਸੀ ਦੇਖਦੇ ਹੀ ਦੇਖਦੇ ਹਵੇਲੀ ਨੂੰ ਅੱਗ ਲੱਗ ਗਈ। ਕਰਮਚਾਰੀਆਂ ਨੇ ਬਹੁਤ ਯਤਨ ਕੀਤਾ ਕਿ ਅੱਗ ਬੁਝਾਉਣ ਵਿਚ ਸਫਲਤਾ ਮਿਲ ਜਾਏ ਪਰੰਤੂਸਭ ਅਸਫਲ

ਰਿਹਾ। ਇਸ ਤੇ ਅਮਰਦਾਸ ਜੀ ਇੱਕ ਛੋਟਾ ਜਿਹਾ ਸਧਾਰਣ ਚੁਬਾਰਾ ਬਣਵਾ ਕੇ ਉਸ ਵਿੱਚ ਰਹਿਣ ਲੱਗੇ ਪਰੰਤੂ ਅਮਰਦਾਸ ਜੀ ਨੂੰ ਆਪਣੇ ਗੁਰੂਦਾ ਵਿਯੋਗ ਅਸਹਿ ਸੀ। ਉਹ ਬਿਰਹੋਂ ਵਿੱਚ ਤੜਫਣ ਲੱਗੇ। ਉਹਨਾਂ ਨੂੰ ਨਾ ਰਾਤ ਵਿੱਚ ਚੈਨ ਨਾ ਦਿਨ ਵਿੱਚ ਭੁੱਖ ਉਹ ਹਿਰਦੈ ਦੀ ਵੇਦਨਾ ਨੂੰ ਛਿਪਾ ਨਹੀਂ ਪਾਏ ਉਹਨਾਂ ਦੇ ਨੇਤਰ ਭਰ ਕੇ ਬਾਰ-ਬਾਰ ਡੁੱਲ ਜਾਂਦੇ। ਅਜਿਹੇ ਵਿੱਚ ਉਹਨਾਂ ਨੇ ਇੱਕ ਜੁਗਤੀ ਖੋਜੀ। ਉਹ ਅੱਧੀ ਰਾਤ ਨੂੰ ਚੰਦਰਮਾ ਦੇ ਧੁੰਧਲੇ ਪ੍ਰਕਾਸ਼ ਵਿਚ ਬਿਆਸ ਨਦੀ ਤੇ ਇਸ਼ਨਾਨ ਕਰਕੇ ਉੱਥੋਂ ਹੀ ਘਰ ਵਾਪਸ ਨਾ ਆ ਕੇ ਗਾਗਰ ਭਰ ਕੇ ਆਪਣੇ ਪਿਆਰੇ ਨੂੰ ਇਸ਼ਨਾਨ ਕਰਵਾਉਣ ਖਡੂਰ ਨਗਰ ਚਲੇ ਜਾਂਦੇ। ਉੱਧਰ ਗੁਰ ਅੰਗਦਦੇਵ ਜੀ ਵੀ ਉਹਨਾਂ ਦੇ ਮਨੋਵੇਗ ਨੂੰ ਅਨੁਭਵ ਕਰ ਰਹੇ ਸੀ ਅਤੇ ਉਹ ਵੀ ਪ੍ਰੇਮ ਦੇ ਵੱਸ ਵਿੱਚ ਆਪਣੇ ਭਗਤ ਦੀ ਪੀੜਾ ਦਾ ਅਹਿਸਾਸ ਕਰਕੇ ਅਸ਼ਾਂਤ ਸਨ। ਅਰਥਾਤ ਉਹ ਇਸ ਮਿਲਣ ਤੇ ਅਸੰਤੋਸ਼ ਵਿਅਕਤ ਕਰਕੇ ਉਹਨਾਂ ਨੂੰ ਸੇਵਾ ਤੋਂ ਵੰਚਿਤ ਨਹੀਂ ਕਰਨਾਂ ਚਾਹੁੰਦੇ ਸਨ। ਇਹ ਕਰਮ ਲੰਬੇ ਸਮੇਂ ਤੱਕ ਚੱਲਦਾ ਰਿਹਾ। ਅਮਰਦਾਸ ਜੀ ਗੁਰੂਦੇਵ ਨੂੰ ਇਸ਼ਨਾਨ ਕਰਵਾਉਣ ਦੇ ਬਹਾਨੇ ਹਾਜ਼ਿਰ ਹੋ ਜਾਂਦੇ ਅਤੇ ਸਾਰਾ ਦਿਨ ਲੰਗਰ ਦੀ ਸੇਵਾ ਕਰਕੇ ਸ਼ਾਮ ਨੂੰ ਵਾਪਸ ਗੋਇੰਦੇ ਦੀ ਨਗਰੀ ਚਲੇ ਜਾਂਦੇ। ਹੌਲੀ-ਹੌਲੀ ਭਾਈ ਗੋਇੰਦੇ ਦੀ ਨਗਰੀ ਬਹੁਤ ਵਿਕਸਿਤ ਹੋ ਗਈ ਅਰਥਾਤ ਇਸ ਨਗਰ ਦਾ ਨਾਮ ਗੋਇੰਦੇ ਦੀ ਨਗਰੀ ਤੋਂ ਗੋਇੰਦਵਾਲ ਹੋ ਗਿਆ।

## ਅਮਰਦਾਸ ਜੀ ਨੂੰ ਗੁਰਗੱਦੀ ਦੀ ਪ੍ਰਾਪਤੀ

ਇੱਕ ਵਾਰ ਤੜਕਸਾਰ ਅਮਰਦਾਸ ਜੀ ਗੁਰੂਦੇਵ ਨੂੰ ਇਸ਼ਨਾਨ ਕਰਾਉਣ ਲਈ ਗਾਗਰ ਭਰਕੇ ਜਲ ਲਿਆ ਰਹੇ ਸਨ ਤਾਂ ਵਰਖਾ ਰੁੱਤ ਅਤੇ ਹਨੇਰ ਦੇ ਕਾਰਣ ਉਹ ਗੁਰੂਦੇਵ ਦੇ ਘਰ ਦੇ ਨਜ਼ਦੀਕ ਇੱਕ ਜੁਲਾਹੇ ਦੀ ਖੱਡੀ ਨਾਲ ਟੱਕਰਾ ਗਏ ਜਿਸ ਤੇ ਜੁਲਾਹੇ ਨੇ ਆਹਟ ਸੁਣਕੇ ਕਿਹਾ- "ਇਸ ਸਮੇਂ ਬਾਰ ਕੌਣ ਹੋ ਸਕਦਾ ਹੈ? ਜੁਲਾਹੀ ਨੇ ਤੁਰੰਤ ਉੱਤਰ ਦਿੱਤਾ "ਉਹੀ ਅਮਰੂਨਿਥਾਵਾਂ (ਬੇਘਰ) ਹੋਵੇਗਾ ਜੋ ਕੁਣਮਾਂ (ਸਮੰਧੀ) ਦੇ ਘਰ ਪਾਣੀ ਢੋਂਦਾ ਰਹਿੰਦਾ ਹੈ। ਜਦੋ ਇਹ ਵਿਅੰਗ ਅਮਰਦਾਸ ਜੀ ਨੇ ਸੁਣਿਆਂ ਤਾਂ ਉਹਨਾਂ ਦੇ ਮੂੰਹ ਤੋਂ ਸਹਿਜ ਨਾਲ ਹੀ ਨਿਕਲਿਆ "ਕਮਲੀਏ ਮੈਂ ਪਹਿਲਾ ਤਾਂ ਜ਼ਰੂਰ ਹੀ ਨਿਥਾਵਾਂ ਸੀ ਪਰੰਤੂਹੁਣ ਤਾਂ ਮੈਂ ਗੁਰੂਵਾਲਾ ਹਾਂ। ਹੁਣ ਮੈ ਨਿਥਾਵਾਂ (ਬੇਘਰ) ਕਿਵੇਂ ਹੋ ਸਕਦਾ ਹਾਂ।" ਅਮਰਦਾਸ ਜੀ ਦੇ ਮੁਖਾਰਬਿੰਦ ਤੋਂ ਇਹ ਵਾਕ ਨਿਕਲਣ ਹੀ ਸੀ ਕਿ ਜੁਲਾਹੀ ਉਸੇ ਪਲ ਕਮਲੀ ਅਰਥਾਤ ਪਾਗਲ ਹੋ ਗਈ। ਉਹ ਮਾਰ-ਕੁਟਾਈ ਕਰਨ ਲੱਗੀ। ਜੁਲਾਹੇ ਨੇ ਲੋਕਾਂ ਦੀ ਸਹਾਇਤਾ ਨਾਲ ਉਸਨੂੰ ਬੰਨਿਆ ਅਤੇ ਮੁਆਫੀ ਮੰਗਣ ਲਈ ਗੁਰੂਦਰਬਾਰ ਵਿਚ ਪੇਸ਼ ਹੋਇਆ। ਦੂਸਰੀ ਤਰਫ ਜਦੋਂ ਅਮਰਦਾਸ ਜੀ ਜਲਦੀ ਗਾਗਰ ਲੈ ਕੇ ਗੁਰੂਦੇਵ ਨੂੰ ਇਸ਼ਨਾਨ ਕਰਵਾਉਣ ਪਹੁੰਚੇ ਤਾਂ ਉਹ ਇਸ਼ਨਾਨ ਕਰ ਚੁੱਕੇ ਸੀ। ਉਹਨਾਂ ਨੇ ਉਹੀ ਜਲ ਲੈ ਕੇ ਉਲਟਾ ਅਮਰਦਾਸ ਜੀ ਨੂੰ ਇਸ਼ਨਾਨ ਕਰਵਾਇਆ ਕਿਉਂਕਿ ਉਹ ਡਿੱਗਣ ਕਾਰਨ ਚਿਕੱੜ ਨਾਲ ਭਰ ਗਏ ਸਨ। ਫਿਰ ਉਹਨਾਂ ਨੂੰ ਦਰਬਾਰ ਵਿੱਚ ਲੈ ਆਏ ਅਤੇ ਆਪਣੇ ਆਸਣ (**ਗੁਰਗੱਦੀ**) ਤੇ ਬਿਠਾਦਿੱਤਾ ਅਤੇ ਬਾਹਰਾ ਵਰਦਾਨ ਦਿੱਤੇ।

ਤਦ ਆਪਣੇ ਗੁਰੂਭਾਈ ਬਾਬਾ ਬੁੱਢਾ ਜੀ ਨੂੰ ਬੁਲਾ ਕੇ ਉਹਨਾਂ ਦੇ ਕਰ ਕਮਲਾਂ ਨਾਲ ਵਿਧੀ-ਪੂਰਵਕ ਸਾਰੀਆਂ ਉਪਚਾਰਿਕਤਾਵਾਂ ਪੂਰੀਆਂ ਕਰਵਾ ਕੇ ਅਮਰਦਾਸ ਜੀ ਨੂੰ ਤੀਸਰਾ ਗੁਰੂਨਾਨਕ ਘੋਸ਼ਿਤ ਕਰਕੇ ਖ਼ੁਦ ਉਹਨਾਂ ਦੇ ਚਰਨਾਂ ਵਿੱਚ ਨਤਮਸਤਕ ਹੋ ਕੇ (**ਝੁਕ ਕੇ**) ਪ੍ਰਣਾਮ ਕੀਤਾ ਅਤੇ ਸੰਗਤ ਨੂੰ ਵੀ ਅਜਿਹਾ ਹੀ ਕਰਨ ਦਾ ਆਦੇਸ਼ ਦਿੱਤਾ। ਇਸ ਪ੍ਰਕਾਰ ਅਮਰਦਾਸ ਜੀ ਗੁਰੂਨਾਨਕ ਦੇਵ ਜੀ ਦੇ ਦੂਜੇ ਉੱਤਰਾਧਿਕਾਰੀ ਬਣਾ ਦਿੱਤੇ ਗਏ। ਜਦੋਂ ਗੁਰੂ ਅੰਗਦਦੇਵ ਜੀ ਦੇ ਸਪੁੱਤਰਾਂ ਨੂੰ ਪੱਤਾ ਲੱਗਾ ਕਿ ਗੁਰੂਗੱਦੀ ਦਾ ਉੱਤਰਾਧਿਕਾਰੀ ਅਮਰਦਾਸ ਜੀ ਨੂੰ ਬਣਾਂ ਦਿੱਤਾ ਗਿਆ ਹੈ ਤਾਂ ਉਹ ਬਹੁਤ ਦੁਖੀ ਹੋਏ। ਵਾਸਤਵ ਵਿੱਚ ਉਹ ਚਾਹੁੰਦੇ ਸਨ ਕਿ ਉਹਨਾਂ ਵਿੱਚੋ ਕਿਸੇ ਇੱਕ ਨੂੰ ਪਿਤਾ ਗੁਰੂਦੇਵ ਆਪਣਾ ਉੱਤਰਾਧਿਕਾਰੀ ਘੋਸ਼ਿਤ ਕਰਦੇ ਇਸ ਲਈ ! ਉਹ ਗੁਰੂਅਮਰਦਾਸ ਜੀ ਦੇ ਚਰਨਾਂ ਤੇ ਨਹੀਂ ਝੁਕੇ। ਇਹ ਸਭ ਕੁਝ ਦੇਖ ਕੇ ਗੁਰੂਅੰਗਦਦੇਵ ਜੀ ਨੇ ਆਪਣੇ ਪੁੱਤਰਾਂ ਦਾਤੂਜੀ ਅਤੇ ਦਾਸੂਜੀ ਨੂੰ ਬਹੁਤ ਸਮਝਾਇਆ ਕਿ ਗੁਰੂਗੱਦੀ ਦਾ ਉੱਤਰਾਧਿਕਾਰ ਪ੍ਰਾਪਤ ਕਰਨਾਂ ਬਹੁਤ ਕਠਿਨ ਹੈ। ਇਹ ਸਭ ਵਿਰਾਸਤ ਦੀ ਵਸਤੂਨਹੀਂ ਹੈ। ਇਹ ਤਾਂ ਅਲੌਕਿਕ ਉਪਹਾਰ ਹੈ ਜੋ ਕਿ ਕਿਸੇ ਪਰਾਕਰਮੀ ਪੁਰਸ਼ ਦੇ ਲਈ ਸੁਰੱਖਿਅਤ ਹੁੰਦਾ ਹੈ। ਪਰੰਤੂਇਹ ਗਿਆਨ ਉਹਨਾਂ ਦੀ ਸਮਝ ਵਿੱਚ ਆਉਣ ਵਾਲਾ ਨਹੀਂ ਸੀ। ਅਰਥਾਤ ਉਹ ਈਰਖਾ ਕਰਨ ਲੱਗੇ। ਇਸ ਤੇ ਗੁਰੂਅੰਗਦਦੇਵ ਜੀ ਨੇ ਗੁਰੂਅਮਰਦਾਸ ਜੀ ਨੂੰ ਆਦੇਸ਼ ਦਿੱਤਾ ਕਿ ਆਪ ਨੂੰ ਗੋਇੰਦਵਾਲ ਵਿੱਚ ਹੀ ਰਹਿਣ ਹੈ ਅਤੇ ਉੱਥੇ ਹੀ ਗੁਰੂਨਾਨਕ ਦੇਵ ਜੀ ਦੇ ਸਿਧਾਤਾਂ ਦਾ ਪ੍ਰਚਾਰ ਪ੍ਰਸਾਰ ਕਰਨਾ ਹੈ ਅਤੇ ਉਸੇ ਸਮੇਂ ਉਹਨਾਂ ਨੇ ਉਹ ਸਾਰਾ ਗੁਰੂਬਾਣੀ ਦਾ ਭੰਡਾਰ ਜੋ ਗੁਰੂਨਾਨਕ ਦੇਵ ਜੀ ਦੁਆਰਾ ਉਹਨਾਂ ਨੂੰ ਦਿੱਤਾ ਗਿਆ ਸੀ, ਹੁਣ ਗੁਰੂਅਮਰਦਾਸ ਜੀ ਨੂੰ ਸੌਂਪ ਦਿੱਤਾ।

## ਸਪੁੱਤਰੀ ਭਾਨੀ ਲਈ ਵਰ ਚੁਣਨਾਂ

ਸ੍ਰੀ ਗੁਰੂ ਅਮਰਦਾਸ ਜੀ ਯੁਵਾ ਅਵਸਥਾ ਵਿੱਚ ਘਰ ਗ੍ਰਹਿਸਥੀ ਤੋਂ ਬਚਣਾਂ ਚਾਹੁੰਦੇ ਸੀ। ਇਸ ਕਾਰਣ ਉਹਨਾਂ ਨੇ ਵਿਆਹ ਵਿਚ ਕੋਈ ਰੁਚੀ ਨਹੀਂ ਦਿਖਾਈ। ਇਸ ਲਈ ਉਹਨਾਂ ਤੋਂ ਛੋਟੇ ਭਰਾਵਾਂ ਦਾ ਵਿਆਹ ਕਰ ਦਿੱਤਾ ਗਿਆ ਪਰੰਤੂ ਸਮਾਜਿਕ ਦਬਾਅ ਜਿਆਦਾ ਸੀ। ਇਸ ਲਈ ਉਹਨਾਂ ਨੇ ਵੱਡੀ ਉਮਰ ਵਿਚ ਵਿਆਹ ਕਰ ਲਿਆ ਅਤੇ ਉਹਨਾਂ ਦੀਆਂ ਸੰਤਾਨ ਵੀ ਦੇਰ ਨਾਲ ਪੈਦ ਹੋਈਆਂ। ਆਪ ਜਦੋਂ ਗੋਇੰਦਵਾਲ ਵਿੱਚ ਨਿਵਾਸ ਕਰਦੇ ਸੀ ਤਾਂ ਆਪਦੀ ਛੋਟੀ ਪੁੱਤਰੀ ਬੀਬੀ ਭਾਨੀ ਜੀ ਵਰ ਯੋਗ ਹੋ ਗਈ। ਇਸ ਲਈ ਉਸਦੀ ਮਾਤਾ ਜੀ ਨੂੰ ਚਿੰਤਾ ਹੋ ਗਈ ਕਿ ਬੇਟੀ ਦਾ ਵਰ ਲੱਭ ਕੇ ਉਸਦਾ ਵਿਆਹ ਕਰ ਦਿੱਤਾ ਜਾਏ। ਉੱਤਰ ਵਿਚ ਗੁਰੂਦੇਵ ਨੇ ਕਿਹਾ- ਆਪਨੂੰ ਬੇਟੀ ਲਈ ਵਰ ਕਿਹੋ ਜਿਹਾ ਚਾਹੀਦਾ ਹੈ ਤਾਂ ਮਨਸਾ ਦੇਵੀ ਜੀ ਨੇ ਉੱਤਰ ਦਿੱਤਾ ਕਿ ਉਹ ਨੌਜਵਾਨ ਜੋ ਉਬਲੇ ਹੋਏ ਛੋਲੇ ਵੇਚ ਰਿਹਾ ਹੈ, ਇਸ ਤਰ੍ਹਾਂ ਦਾ ਹੋਣਾਂ ਚਾਹੀਦਾ ਹੈ। ਗੁਰੂਦੇਵ

ਜੀ ਨੌਜਵਾਨ ਨੂੰ ਦੇਖ ਕੇ ਮੁਸਕੁਰਾਏ ਅਤੇ ਕਿਹਾ- ਇਸ ਵਰਗਾ ਤਾਂ ਕੋਈ ਨੌਜਵਾਨ ਹੈ ਹੀ ਨਹੀਂ। ਕੇਵਲ ਇਸ ਜੈਸਾ ਤਾਂ ਇਹ ਹੀ ਹੈ। ਕੀ ਇਹੀ ਠਕੀ ਰਹੇਗਾ। ਮਨਸਾ ਦੇਵੀ ਜੀ ਨੇ ਕਿਹਾ- ਮੈਨੂੰ ਕੀ ਪਤਾ ਆਪ ਹੀ ਠੀਕ ਨਿਰਣਾ ਕਰੋ। ਉੱਤਰ ਵਿਚ ਗੁਰੂਦੇਵ ਜੀ ਨੇ ਕਿਹਾ- ਇਹ ਨੌਜਵਾਨ। ਵਿਵੇਕੀ ਗੁਣਾਂ ਨਾਲ ਭਰਪੂਰ ਹੈ, ਜੇ ਕਹੋ ਤਾਂ ਰਿਸ਼ਤਾ ਨਿਸ਼ਚਤ ਕਰ ਦੇਵਾਂ। ਉੱਤਰ ਵਿਚ ਮਨਸਾ ਦੇਵੀ ਨੇ ਕਿਹਾ- ਆਪ ਦੂਰ ਦ੍ਰਿਸ਼ਟੀਵਾਨ ਹੋ ਜਿਸ ਤਰ੍ਹਾਂ ਠੀਕ ਸਮਝੋ ਕਰੋ। ਤਦ ਉਹਨਾਂ ਨੇ ਬੇਟੀ ਭਾਨੀ ਨੂੰ ਦੂਰ ਤੋਂ ਨੌਜਵਾਨ ਜੇਠਾ ਜੀ ਨੂੰ ਦਿਖਾਇਆ ਜੋ ਉਸ ਸਮੇਂ ਛੋਲੇ ਵੇਚ ਰਹੇ ਸਨ ਅਤੇ ਪੁੱਛਿਆ- ਬੇਟੀ ਇਹ ਨੌਜਵਾਨ ਤੈਨੂੰ ਆਪਣੇ ਲਈ ਵਰ ਦੇ ਰੂਪ ਵਿਚ ਸਵੀਕਾਰ ਹੈ। ਉੱਤਰ ਵਿਚ ਭਾਨੀ ਜੀ ਨੇ ਸਿਰ ਝੁਕਾ ਕੇ ਚੁੱਪ-ਚੁਪੀਤੇ ਸਵੀਕਾਰਦੇ ਹੋਏ ਕਿਹਾ- ਮੈਨੂੰ ਕੀ ਪਤਾ ਆਪ ਹੀ ਠੀਕ ਫੈਸਲਾ ਲਓ। ਬੱਸ ਫਿਰ ਕੀ ਸੀ। ਗੁਰੂਦੇਵ ਨੇ ਜੇਠਾ ਜੀ ਨੂੰ ਬੁਲਾ ਲਿਆ। ਬਹੁਤ ਸਨੇਹਪੂਰਵਕ ਕਿਹਾ- ਅਸੀਂ ਤੈਨੂੰ ਆਪਣੀ ਕੰਨਿਆਂ ਲਈ ਵਰ ਰੂਪ ਵਿਚ ਚੁਣਿਆ ਹੈ ਤੈਨੂੰ ਤਾਂ ਕੋਈ ਇਤਰਾਜ਼ ਨਹੀਂ। ਇਹ ਵਾਕ ਸੁਣਕੇ ਜੇਠ ਜੀ ਨੂੰ ਹੈਰਾਨੀ ਹੋਈ, ਉਹ ਇਹ ਕਲਪਨਾ ਵੀ ਨਹੀਂ ਕਰ ਸਕਦੇ ਸੀ ਕਿ ਉਸ ਗਰੀਬ ਨੂੰ ਇੰਨਾਂ ਸਨਮਾਨ ਮਿਲ ਸਕਦਾ ਹੈ। ਉਦੋਂ ਹੀ ਉਹ ਹੱਥ ਜੋੜ ਨਿਮਰਤਾਪੂਰਵਕ ਬੋਲੇ- ਮੈਂ ਆਪ ਦੀ ਚਰਨਾਂ ਦੀ ਧੂੜ ਹਾਂ। ਅਰਥਾਤ ਮੈਂ ਇਸ ਯੋਗ ਨਹੀਂ ਹਾਂ ਕਿ ਆਪਦੇ ਨਾਲ ਰਿਸ਼ਤਾ ਜੋੜਾ। ਪਰੰਤੂ ਗੁਰੂਦੇਵ ਨੇ ਕਿਹਾ- ਬੇਟਾ, ਮੇਰੀ ਦ੍ਰਿਸ਼ਟੀ ਵਿੱਚ ਗੁਣ ਬੜੇ ਹਨ, ਸੰਸਾਰਿਕ ਵਸਤਾਂ ਤੁਛ। ਇਸ ਲਈ ਅਸੀਂ ਅਜਿਹਾ ਚਾਹੁੰਦੇ ਹਾਂ ਕਿ ਤੁਸੀਂ ਇਹ ਰਿਸ਼ਤਾ ਸਵੀਕਾਰ ਕਰੋ। ਇਸਤੇ ਜੇਠਾ ਜੀ ਗੁਰੂਦੇਵ ਦੇ ਚਰਨਾਂ ਵਿੱਚ ਨਤਮਸਤਕ ਹੋ ਕੇ ਪ੍ਰਣਾਮ ਕਰਨ ਲੱਗੇ ਅਤੇ ਉੱਤਰੀ ਦਿੱਤਾ- ਜਿਸ ਤਰ੍ਹਾਂ ਆਪ ਦੀ ਇੱਛਾ। ਉਦੋਂ ਹੀ ਗੁਰੂਦੇਵ ਨੇ ਹੁਕਮ ਦਿੱਤਾ- ਘਰ ਵਾਪਸ ਜਾਓ ਅਤੇ ਬਾਰਾਤ ਲੈ ਕੇ ਆਓ, ਜਿਸ ਨਾਲ ਤੁਹਾਡੇ ਵਿਆਹ ਭਾਨੀ ਨਾਲ ਸੰਪੂਰਨ ਕਰ ਦਿੱਤਾ ਜਾਏ। ਉੱਤਰ ਵਿੱਚ ਜੇਠਾ ਜੀ ਬੋਲੇ ਗੁਰੂਦੇਵ ਜਿਵੇਂ ਕਿ ਆਪ ਜੀ ਜਾਣਦੇ ਹੋ ਕਿ ਮੈਂ ਅਨਾਥ ਹਾਂ। ਮੇਰਾ ਪਾਲਣ ਪੋਸ਼ਣ ਤਾਂ ਨਾਨੀ ਨੇ ਹੀ ਕੀਤਾ ਹੈ। ਮੇਰਾ ਤਾਂ ਆਪਦੇ ਇਲਾਵਾ ਕੋਈ ਵੀ ਨਹੀਂ। ਗੁਰੂਦੇਵ ਨੇ ਹੌਂਸਲਾਂ ਦਿੰਦੇ ਹੋਏ ਕਿਹਾ- ਮੈਂਨੂੰ ਸਭ ਪਤਾ ਹੈ। ਜਦੋਂ ਤੇਰੀ ਨਾਨੀ ਮਾਂ ਤੈਨੂੰ 7 ਸਾਲ ਦੀ ਉਮਰ ਵਿੱਚ ਲਾਹੌਰ ਚੂਨਾ ਮੰਡੀ ਤੋਂ ਲੈ ਕੇ ਆਪਣੇ ਪਿੰਡ ਬਾਸਰਕੇ ਵਾਪਸ ਆਈ ਸੀ ਤਾਂ ਸਭ ਤੋਂ ਪਹਿਲਾਂ ਸਾਡੀ ਗੋਦੀ ਵਿਚ ਤੈਨੂੰ ਬਿਠ ਦਿੱਤਾ ਸੀ ਅਤੇ ਸਾਨੂੰ ਦੱਸਿਆ ਸੀ ਕਿ ਇਸ ਬਾਲਕ ਦੇ ਮਾਤਾ-ਪਿਤਾ ਦਾ ਦੇਹਾਂਤ ਹੋ ਗਿਆ ਹੈ ਅਤੇ ਇਸਦੇ ਰੱਖਿਆਕ ਹੁਣ ਆਪ ਹੀ ਹੋ। ਖੈਰ ਇਸ ਸਭ ਗੱਲਾਂ ਅਤੀਤ ਦੀਆਂ ਹਨ। ਹੁਣ ਤੂੰ ਬਾਸਰਕੇ ਤੋਂ ਨਾਨੀ ਮਾਂ ਨੂੰ ਲੈ ਕੇ ਲਾਹੌਰ ਆਪਣੇ ਚਾਚਾ-ਤਾਇਆ ਆਦਿ ਦੇ ਕੋਲ ਜਾਓ ਅਤੇ ਉਥੋਂ ਬਾਰਾਤ ਲੈ ਕੇ ਆਓ। ਇਸ ਤੇ ਜੇਠਾ ਜੀ ਸੱਤ ਬਚਨ (**ਜੋ ਆਪ ਦੀ ਆਗਿਆ**) ਕਹਿ ਕੇ **ਬਾਸਰਕੇ ਨਾਨੀ ਮਾਂ ਕੋਲ ਚਲੇ ਗਏ।**

ਜੇਠਾ ਜੀ ਦਾ ਜਨਮ 24 ਸਤੰਬਰ 1534 ਈ. ਨੂੰ ਲਾਹੌਰ ਨਗਰ ਦੀ ਚੂਨਾ ਮੰਡੀ ਵਿੱਚ ਹੋਇਆ ਸੀ। ਤਿੰਨ ਸਾਲ ਦੀ ਉਮਰ ਵਿਚ ਆਪਦੀ ਮਾਤਾ ਦਇਆ ਕੌਰ ਜੀ ਦਾ ਦੇਹਾਂਤ ਗਿਆ। ਜਦੋਂ ਆਪਦੀ ਉਮਰ 7 ਸਾਲ ਦੀ ਸੀ ਤਾਂ ਆਪਦੇ ਪਿਤਾ ਹਰੀਦਾਸ ਜੀ ਦਾ ਵੀ ਦੇਹਾਂਤ ਹੋ ਗਿਆ। ਇਸ ਲਈ ਨਾਨੀ ਮਾਂ ਆਪਣੇ ਪਿੰਡ ਬਾਸਰਕੇ ਲੈ ਆਈ। ਇਹ ਪਿੰਡ ਗੁਰੂ ਅਮਰਦਾਸ ਜੀ ਦੇ ਪੂਰਵਜਾਂ ਦਾ ਪਿੰਡ ਵੀ ਸੀ। ਨਾਨੀ ਮਾਂ ਦੀ ਆਰਥਿਕ ਦਸ਼ਾ ਵੀ ਕੋਈ ਵਧੀਆ ਨਹੀਂ ਸੀ। ਪਰੰਤੂ ਉਹਨਾਂ ਨੇ ਜੇਠਾ ਜੀ ਦਾ ਪਾਲਣ ਪੋਸ਼ਣ ਬਹੁਤ ਲਗਨ ਨਾਲ ਕੀਤਾ। ਕਦੇ ਵੀ ਉਹਨਾਂ ਨੂੰ ਮਾਤਾ-ਪਿਤਾ ਦੇ ਪਿਆਰ ਦੀ ਕਮੀ ਦਾ ਅਹਿਸਾਸ ਨਹੀਂ ਹੋਣ ਦਿੱਤਾ ਅਤੇ ਸਭ ਪ੍ਰਕਾਰ ਦੇ ਵਿਵੇਕੀ ਗੁਣ ਦੇ ਕੇ ਉਹਨਾਂ ਨੂੰ ਸ਼ੁਭ ਸੰਸਕਾਰਾਂ ਵਾਲਾ ਯੁਵਕ ਬਣਾਇਆ। ਜਦੋਂ ਜੇਠਾ ਜੀ ਸਿੱਖਿਆ ਪੂਰਣ ਕਰ ਚੁੱਕੇ ਤਾਂ ਉਹਨਾਂ ਦਿਨ੍ਹਾਂ ਵਿੱਚ (ਗੁਰੂ) ਅਮਰਦਾਸ ਜੀ ਨੂੰ ਗੁਰਗੱਦੀ ਦੀ ਪ੍ਰਾਪਤੀ ਹੋ ਗਈ ਅਤੇ ਉਹਨਾਂ ਨੇ ਨਵਿਨ ਨਗਰ ਗੋਇੰਦਵਾਲ ਵਸਾਇਆ ਸੀ ਜਿਸ ਵਿਚ ਰੌਜ਼ਗਾਰ ਦੇ ਬਹੁਤ ਸਾਰੇ ਨਵੇਂ ਸਾਧਨ ਉਪਲੱਬਧ ਹੋ ਰਹੇ ਸੀ। ਅਰਥਾਤ ਯੁਵਕ ਜੇਠਾ ਜੀ ਵੀ ਨਾਨੀ ਮਾਂ ਤੋਂ ਆਗਿਆ ਲੈ ਕੇ ਆਪਣੀ ਜੀਵਿਕਾ ਕਮਾਉਣ ਦੇ ਲਈ ਗੋਇੰਦਵਾਲ ਵਿਚ ਭਾਗਾਂ ਦੀ ਪਰੀਖਿਆ ਕਰਨ ਦੇ ਲਈ ਮੇਹਨਤ ਕਰਨ ਲੱਗੇ। ਆਪ ਸਵੇਰੇ ਉੱਠਕੇ ਗੁਰੂਦਰਬਾਰ ਵਿਚ ਪਹੁੰਚ ਕੇ ਕੀਰਤਨ ਅਤੇ ਪ੍ਰਵਚਨ ਸੁਣਦੇ ਅਤੇ ਫਿਰ ਲੰਗਰ ਆਦਿ ਸਥਾਨਾਂ ਦੀ ਸੇਵਾ ਵਿਚ ਜੁਟ ਜਾਦੇ। ਉਥੋਂ ਵਿਹਲੇ ਹੋ ਕੇ ਘਰ ਪਹੁੰਚ ਕੇ ਆਪਣੇ ਹੱਥਾ ਨਾਲ ਭੋਜਨ ਤਿਆਰ ਕਰਕੇ ਛਕਦੇ ਅਤੇ ਉਬਲੇ ਹੋਏ ਛੋਲੇ ਲੈ ਕੇ ਛਾਬੜੀ ਦੁਆਰਾ ਨਗਰ ਦੇ ਕਿਸੇ ਕੋਨੇ ਵਿਚ ਬੈਠ ਕੇ ਉਹਨਾਂ ਦੀ ਵਿਕਰੀ ਕਰਦੇ, ਇਸਤੋਂ ਜੋ ਆਮਦਨ ਹੁੰਦੀ ਉਸ ਵਿਚੋਂ ਦਸਵੰਧ (ਆਮਦਨ ਦਾ ਦਸਵਾਂ ਹਿੱਸਾ) ਕੱਢਕੇ ਆਪਣੀ ਗੁਜ਼ਰ-ਬਸਰ ਕਰਦੇ। ਇਹ ਦਸਵੰਧ ਉਹ ਗੁਰੂਦੇ ਲੰਗਰ ਦੇ ਲਈ ਭੇਟ ਕਰ ਦਿੰਦੇ ਅਰਥਾਤ ਜਰੂਰਤ ਮੰਦਾਂ ਨੂੰ ਖੋਜ ਕੇ ਉਨ੍ਹਾਂ ਤੇ ਖਰਚ ਕਰ ਦਿੰਦੇ। ਉਹ ਲੰਗਰ ਵਿਚ ਭੋਜਨ ਕਦੇ ਨਹੀਂ ਕਰਦੇ ਸਨ। ਉਹਨਾਂ ਦਾ ਵਿਚਾਰ ਸੀ ਕਿ ਲੰਗਰ ਕੇਵਲ ਯਾਤਰੀਆਂ ਦੇ ਲਈ ਅਰਥਾਤ ਬੇਸਹਾਰਾ, ਮੋਹਤਾਜ ਲੋਕਾਂ ਦੇ ਲਈ ਹੈ।

## ਪੀਣ ਵਾਲੇ ਪਾਣੀ ਲਈ ਨਿਤ ਕਲੇਸ਼

ਸ਼੍ਰੀ ਗੁਰੂਅਮਰਦਾਸ ਜੀ ਨੇ ਗੋਇੰਦਵਾਲ ਨਗਰ ਵਸਾਉਂਣ ਵਿਚ ਸਥਾਨਕ ਚੋਧਰੀ ਗੋਇੰਦਾ ਮਰਵਾਹ ਦੀ ਹਰ ਪਖੋ ਸਹਾਇਤਾ ਕੀਤੀ। ਉਸ ਨੇ ਵੀ ਗੁਰੂਦੇਵ ਨੂੰ ਉਥੇ ਵਸਣ ਲਈ ਥਾਂ ਦਿਤੀ ਅਤੇ ਧਰਮਸ਼ਾਲਾ ਆਦਿ ਬਣਵਾਉਣ ਵਿਚ ਸਹਿਯੋਗ ਦਿਤਾ ਪਰ ਉਸ ਦੇ ਦੇਹਾਂਤ ਤੋਂ ਬਾਦ ਉਸ ਦੇ ਦੋਨੋਂ ਪੁੱਤਰ ਉਸ ਵਰਗੀ ਵਿਚਾਰਧਾਰਾ ਅਤੇ ਦੂਰਦ੍ਰਿਸ਼ਟੀ ਵਾਲੇ ਨਹੀਂ ਸਨ। ਜਲਦੀ ਪੁਛਾਵਤ ਵਿਚ ਆ ਜਾਂਦੇ ਸਨ ਅਤੇ ਥੋੜ੍ਹੇ ਜਿਹੇ ਸੁਆਰਥ ਦੇ ਕਾਰਣ ਗੁਰੂਦੇਵ ਅਤੇ ਸੰਗਤ ਨਾਲ ਅਣਬਣ ਕਰਨ ਲਈ ਤਿਆਰ ਹੋ ਜਾਂਦੇ ਸਨ।

ਜਿਵੇਂ-ਜਿਵੇਂ ਨਗਰ ਦਾ ਵਿਕਾਸ ਹੋਇਆ, ਨਗਰ ਦੀ ਅਬਾਦੀ ਵਧਣ ਲੱਗੀ ਤਿਉਂ-ਤਿਉਂ ਪੀਣ ਵਾਲੇ ਪਾਣੀ ਦੀ ਘਾਟ ਲੋਕ ਮਹਿਸੂਸ ਕਰਣ ਲਗੇ। ਇਸ ਧਰਤੀ ਤੇ ਸਿਰਫ ਇਕ ਹੀ ਖੂਹ ਸੀ। ਜਿਸ ਤੋਂ ਸਾਰੇ ਨਗਰ ਨਿਵਾਸੀਆਂ ਨੂੰ ਪੀਣ ਵਾਲਾ ਪਾਣੀ ਮਿਲਦਾ ਸੀ। ਦੂਜਾ ਖੂਹ ਪੁਟੀਆ ਨਹੀਂ ਜਾ ਸਕਦਾ ਸੀ ਕਿਉਂਕਿ ਹੇਠਾਂ ਸਖਤ ਚਟਾਨਾਂ ਸਨ। ਇਸ ਲਈ ਖੂਹ ਤੇ ਹਮੇਸ਼ਾ ਭੀੜ ਬਣੀ ਰਹਿੰਦੀ ਸੀ। ਇਸ ਲਈ ਪਾਣੀ ਦੀ ਕਮੀ ਦੇ ਕਾਰਣ ਸਥਾਨਿਕ ਲੋਕਾਂ **ਵਿਚ ਤੂੰ-ਤੂੰ, ਮੈਂ-ਮੈਂ ਹੋ ਜਾਂਦੀ ਸੀ।** ਕਦੇ-ਕਦੇ ਤਾਂ ਲੋਕ ਧੜੇ ਬੰਦੀ ਕਰਕੇ ਮਾਰ-ਕੁਟ ਲਈ ਤਿਆਰ ਹੋ ਜਾਂਦੇ ਸਨ। ਚੌਧਰੀ ਗੋਇੰਦੇ ਦੇ ਮੁੰਡੇ ਅਪਣੇ ਆਪ ਨੂੰ ਖੂਹ ਦਾ ਮਾਲਿਕ ਮੰਨਦੇ ਸਨ। ਇਸ ਲਈ ਓਹ ਪਾਣੀ ਭਰਨ ਵਿਚ ਨਾਜਾਇਜ਼ ਫਾਇਦਾ ਲੈਂਦੇ ਸਨ। ਜਿਸ ਕਾਰਨ ਗੁਰੁਘਰ ਦੇ ਸੇਵਾਦਾਰ ਜੋ ਲੰਗਰ ਦੇ ਲਈ ਪਾਣੀ ਭਰਨ ਆਉਂਦੇ ਸਨ, ਲੰਬੀ ਇੰਤਜ਼ਾਰ ਵਿਚ ਖਲੋਤੇ ਵਿਖਾਈ ਦਿੰਦੇ ਸਨ। ਕੁਝ ਸੇਵਾਦਾਰਾਂ ਨੇ ਗੁਰੁਦੇਵ ਪਾਸ ਬੇਨਤੀ ਕੀਤੀ ਕਿ ਗੋਇੰਦੇ ਮਰਵਾਹ ਪਰਿਵਾਰ ਦੇ ਦੁਰਵਿਵਹਾਰ ਤੋਂ ਸਾਨੂੰ ਬਚਾਓ। ਓਹ ਲੋਕ ਸਾਡੇ ਘੜੇ ਤੋੜ ਦਿੰਦੇ ਹਨ ਅਤੇ ਪਾਣੀ ਨਹੀਂ ਭਰਨ ਦੇਂਦੇ। ਸਾਨੂੰ ਲੰਬਾ ਸਮਾਂ ਇੰਤਜਾਰ ਵਿਚ ਖਲੋਤਾ ਰਹਿਣਾ ਪੈਂਦਾ ਹੈ। ਤੁਸਾਂ ਦੇ ਹੁਕਮ ਅਨੁਸਾਰ ਝਗੜਾ ਵੀ ਨਹੀਂ ਕਰ ਸਕਦੇ। ਗੁਰੁਦੇਵ ਨੇ ਸੇਵਾਕਾਂ ਨੂੰ ਧੀਰਜ ਵਿਚ ਰਹਿਣ ਲਈ ਆਖਿਆ ਅਤੇ ਉਨ੍ਹਾਂ ਨੂੰ ਵਿਸਵਾਸ ਦੁਆਇਆ ਕਿ ਅਸੀਂ ਛੇਤੀ ਹੀ ਇਕ ਬਾਉਲੀ ਤਿਆਰ ਕਰਵਾਂਵਾਂਗੇ ਜਿਸ ਨਾਲ ਪਾਣੀ ਭਰਨੇ ਦੀ ਸਮਸਿਆ ਦਾ ਹਲ ਹੋ ਜਾਏਗਾਂ ਅਤੇ ਤੁਸਾਂ ਨੂੰ ਲੰਬੀ-ਲੰਬੀ ਕਤਾਰਾਂ ਨਹੀਂ ਲਗਾਉਣੀਆਂ ਪੈਣ ਗਿਆ ਪਰ ਬਾਉਲੀ ਬਣਾਉਣ ਵਿੱਚ ਸਮਾਂ ਲਗਣਾ ਸੀ ਉਦੋਂ ਤਕ ਇਸੇ ਖੂਹ ਤੇ ਨਿਰਭਰ ਰਹਿਣਾ ਪੈਣਾ ਸੀ। ਮਰਵਾਹ ਭਾਈ ਅਪਣੇ ਸੁਭਾਅ ਅਨੁਸਾਰ ਗੁਰੁ ਸੇਵਕਾਂ ਨੂੰ ਪਰੇਸ਼ਾਨ ਕਰਦੇ ਰਹਿੰਦੇ ਸਨ। ਕਦੇ ਉਨ੍ਹਾਂ ਦੀਆਂ ਮਸ਼ਕਾਂ ਵਿਚ ਛੇਦ ਕਰ ਦਿੰਦੇ ਅਤੇ ਕਦੇ ਉਨ੍ਹਾਂ ਦੀਆਂ ਗਾਗਰਾਂ ਜਾਂ ਘੜਿਆਂ ਨੂੰ ਤੋੜਨ ਨੇ ਦਾ ਯਤਨ ਕਰਦੇ ਪਰ ਗੁਰੁਸੇਵਕ ਗੁਰੁ ਹੁਕਮ ਅਨੁਸਾਰ ਸ਼ਾਂਤ-ਚਿਤ ਬਣੇ ਰਹਿੰਦੇ। ਉਨ੍ਹਾਂ ਦਿਨ੍ਹਾਂ 'ਚ ਇਕ ਸ਼ਸਤਧਾਰੀ ਸੰਨਿਆਸੀਆਂ ਦਾ ਦਲ ਦੇਸ਼ ਭਰਮਣ ਕਰਦਾ ਹੋਇਆ ਗੋਇੰਦਵਾਲ ਵਿਚ ਪੜਾਵ ਪਾਇਆ ਅਤੇ ਰਹਿਣ ਲਗੇ। ਉਨ੍ਹਾਂ ਦਾ ਖੇਮਾ ਖੂਹ ਦ ਲਾਗੇ ਸੀ। ਓਹ ਲੋਕ ਖੇਮਾ ਲਾਉਣ ਤੋਂ ਪਹਿਲਾ ਕਿਸੀ ਪੀਣ ਵਾਲੇ ਪਾਣੀ ਦੇ ਸ੍ਰੋਤ ਨੂੰਧਿਆਨ ਵਿਚ ਰਖਦੇ ਸਨ। ਮਰਵਾਰ ਪਰਿਵਾਰ ਦੇ ਸਦਸਿਆਂ ਨੇ ਇਨ੍ਹਾਂ ਸੰਨਿਆਸੀ ਦੇ ਨਾਲ ਵੀ ਭੈੜਾ ਸਲੂਕ ਕੀਤਾ। ਪਹਿਲਾਂ ਤਾਂ ਜ਼ਿਆਦਕੀ ਬਰਦਾਸ਼ ਕਰ ਗਏ ਪਰ ਅਤਿ ਹੋਣ ਤੇ ਓਹ ਇਕੱਠੇ ਹੋਕੇ ਬੇਇੰਸਾਫੀ ਦੇ ਵਿਰੁੱਧ ਡਟ ਗਏ। ਅਪਣੇ ਸੁਅਭਾਵ ਅਨੁਸਾਰ ਮਰਵਾਹ ਪਰਿਵਾਰ ਨੇ ਉਨ੍ਹਾਂ ਲੋਕਾਂ ਦੇ ਭਾਂਡੇ ਵੀ ਤੋੜ-ਭੰਨ ਸੁਟੇ। ਬਸ ਫਿਰ ਕੀ ਸੀ। ਸੰਨਿਆਸੀਆਂ ਨੇ ਅਪਣੇ ਸ਼ਸਤ੍ਰ ਅਤੇ ਡਾਂਗਾਂ ਸੂਤ ਲਈਆਂ, ਮਰਵਾਹ ਪਰਿਵਾਰ ਅਤੇ ਉਨ੍ਹਾਂ ਦੇ ਸਹਾਇਕ ਲੋਕਾਂ ਤੇ ਟੁਟ ਪਏ, ਭਿਆਨਕ ਲੜਾਈ ਹੋਈ। ਇਸ ਲੜਾਈ ਵਿਚ ਦੋਨਾਂ ਪੱਖਾਂ ਨੂੰ ਕਾਫੀ ਨੁਕਸਾਨ ਉਠਾਉਣਾ ਪਿਆ। ਸੰਨਿਆਸੀ ਤਾਂ ਉਥੋ ਚਲੇ ਗਏ, ਪਰ ਮਰਵਾਹ ਪਰਿਵਾਰ ਨੂੰ ਬਹੁਤ ਨਿਮੋਸ਼ੀ ਸੈਣੀ ਪਈ, ਉਨ੍ਹਾਂ ਦੀ ਆਕੜ

ਟੁਟ ਗਈ। ਇਸ ਤਰ੍ਹਾਂ ਕੁਝ ਦਿਨ ਸ਼ਾਂਤੀ ਨਾਲ ਨਿਕਲ ਗਏ ਪਰ ਉਨ੍ਹਾਂ ਦੀ ਪੁਰਾਣੀ ਆਦਤ ਨਹੀਂ ਜਾਂਦੀ ਸੀ, ਓਹ ਲੋਕ ਫਿਰ ਤੋਂ ਸਿੱਖਾਂ ਦੇ ਨਾਲ ਭੈੜਾ ਵਤੀਰਾ ਕਰਣ ਲਗੇ ਤਦ ਕੁਦਰਤ ਨੇ ਇਕ ਭਾਣਾ ਵਰਤਾਇਆ। ਇਕ ਸ਼ਾਮ ਸਰਕਾਰੀ ਕਰਮਚਾਰੀ ਲਾਹੌਰ ਨਗਰ ਤੋਂ ਖਜ਼ਾਨਾ ਲੈ ਕੇ ਦਿੱਲੀ ਜਾਂ ਰਹੇ ਸਨ। ਉਨ੍ਹਾਂ ਰਾਤ ਦੇ ਲਈ ਗੋਇੰਦ ਵਾਲ ਪੜਾਵ ਕਰ ਲਿਆ ਕਿਉਂਕਿ ਇਥੇ ਹਰ ਤਰ੍ਹਾਂ ਦੀਆਂ ਸਹੂਲਤਾਂ ਸਨ। ਓਹ ਲੋਕ ਸੋਚ ਰਹੇ ਸਨ ਕਿ ਸਵੇਰੇ ਬਿਆਸ ਦਰਿਆ ਪਾਰ ਕਰ ਲਵਾਂਗੇ ਪਰ ਜਦੋਂ ਸੂਰਜ ਨਿਕਲਿਆ ਤਾਂ ਉਨ੍ਹਾਂ ਨੇ ਵੇਖਿਆ ਕਿ ਇਕ ਖੱਚਰ ਜੋ ਕਿ ਚਾਂਦੀ ਦੇ ਸਿੱਕਿਆਂ ਨਾਲ ਲੱਦੀ ਹੋਈ ਸੀ ਘਟ ਹੈ। ਬਸ ਫਿਰ ਕੀ ਸੀ, ਓਹ ਲੋਕ ਨਗਰ ਦਾ ਕੋਨਾ-ਦੋਨਾ ਛਾਣਨੇ ਲਗੇ ਅਤੇ ਪੁਛਤਾਛ ਕਰਨੇ ਲਗੇ ਕਿ ਕਿਤੇ ਤੁਸਾਂ ਲੋਕਾਂ ਨੇ ਖੱਚਰ ਤਾਂ ਨਹੀਂ ਵੇਖੀ। ਖੱਚਰ ਗੁਵਾਚ ਜਾਣ ਤੇ ਉਨ੍ਹਾਂ ਦਾ ਵਡਾ ਹਾਕਮ-ਬਹੁਤ ਗੁਸੇ ਵਿਚ ਸੀ ਕਿਉਂਕਿ ਉਸ ਦੀ ਇਜ਼ਤ ਦਾਅ ਤੇ ਲਗੀ ਹੋਈ ਸੀ। ਇਸ ਲਈ ਓਹ ਘਰ-ਘਰ ਤਲਾਸ਼ੀ ਲੈਣ ਲਗੇ। ਇਸ ਕਾਰਜ ਸਮੇਂ ਉਨ੍ਹਾਂ ਨੂੰ ਖੱਚਰ ਦੇ ਹਿਣਕਣ ਦੀ ਆਵਾਜ਼ ਸੁਣਾਈ ਦਿਤੀ। ਝਟ ਖੱਚਰ ਖੋਜ ਲਈ ਗਈ। ਖੱਚਰ ਗੋਇੰਦੇ ਮਰਵਾਹ ਦੇ ਬੇਟਿਆਂ ਦੇ ਘਰ ਤੋਂ ਬਰਾਮਦ ਕਰ ਲਈ ਗਈ। ਗੁਸੇ ਵਿਚ ਸਿਪਾਹੀਆਂ ਨੇ ਉਸੀ ਵਕਤ ਗੋਇੰਦੇ ਦੇ ਵਡੇ ਮੁੰਡੇ ਨੂੰ ਮੌਤ ਦੀ ਸੱਜਾ ਦਿਤੀ ਪਰ ਛੋਟੇ ਮੁੰਡੇ (ਬੇਟੇ) ਨੂੰ ਉਸ ਦੀ ਮਾਤਾ ਨੇ ਗੁਰਦੇਵ ਦੀ ਸ਼ਰਣ ਵਿਚ ਪਹੁੰਚਾ ਦਿਤਾ, ਜਿੱਥੇ ਉਸ ਦੀ ਜਿੰਦਗੀ ਬੱਚਾ ਲਈ ਗਈ। ਇਸ ਪ੍ਰਕਾਰ ਗੋਇੰਦਵਾਲ ਵਿਚ ਮੁੜ ਕੇ ਸ਼ਾਂਤੀ ਛਾ ਗਈ।

## ਦਾਤੂ ਜੀ

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਛੋਟੇ ਪੁੱਤਰ ਦਾਤੂਜੀ ਨੇ ਆਪਣੇ ਵੱਡੇ ਭਰਾ ਦਾਸੂਜੀ, ਜੋ ਗੁਰੂਬਣਨ ਦਾ ਨਾਟਕ ਕਰ ਚੁੱਕੇ ਸੀ, ਉਹਨਾਂ ਦੀ ਦਸ਼ਾ ਦੇਖੀ ਸੀ ਅਤੇ ਉਹਨਾਂ ਨੂੰ ਖਿਮਾ ਮੰਗਦੇ ਵੀ ਦੇਖਿਆ ਸੀ ਪਰੰਤੂਉਹਨਾਂ ਦੇ ਮਨ ਵਿੱਚ ਦੱਬੀ ਹੋਈ ਅਭਿਲਾਖਾ ਸ਼ਾਂਤ ਨਹੀਂ ਹੋਈ। ਉਹ ਵਿਚਾਰਣ ਲੱਗੇ-ਗੁਰੂਕਿਸ ਵਿਧੀ ਨਾਲ ਬਣਿਆ ਜਾ ਸਕਦਾ ਹੈ ਅਤੇ ਸਾਡੇ ਵਿਚ ਕੀ ਕਮੀ ਹੈ ਜੋ ਅਸੀਂ ਗੁਰੂਨਹੀਂ ਬਣ ਸਕਦੇ। ਉਹਨਾਂ ਨੇ ਧਿਆਨ ਦਿੱਤਾ ਕਿ ਗੁਰੂਨਾਨਕਦੇਵ ਜੀ ਦੇ ਸਪੁੱਤਰ ਸ੍ਰੀ ਚੰਦ ਜੀ ਆਪਣੇ ਆਪ ਨੂੰ ਗੁਰੂਕਹਾਉਂਦੇ ਹਨ, ਭਲੇ ਹੀ ਉਹਨਾਂ ਨੂੰ ਗੁਰਗੱਦੀ ਨਹੀਂ ਮਿਲੀ। ਹਾਂ ਇਹ ਗੱਲ ਅਲੱਗ ਹੈ ਕਿ ਉਹ ਜਤੀ ਹਨ ਅਤੇ ਯੋਗ ਸਾਧਨਾ ਦੁਆਰ ਸਿੱਧੀ ਆਦਿ ਪ੍ਰਾਪਤ ਵੈਰਾਗੀ।

ਉਹ ਵਿਚਾਰਨ ਲੱਗੇ ਕਿ ਜੇਕਰ ਮੈਂ ਯੋਗ ਦੁਆਰਾ ਸਿੱਧੀ ਪ੍ਰਾਪਤ ਕਰ ਲਵਾਂ ਤਾਂ ਇਹ ਸਮੱਸਿਆ ਹੱਲ ਹੋ ਸਕਦੀ ਹੈ। ਅਰਥਾਤ ਉਹਨਾਂ ਨੇ ਇਸ ਲਕਸ ਪ੍ਰਾਪਤੀ ਦੇ ਲਈ ਸਿੱਧ ਆਸਣ ਸਿੱਖਣੇ ਪ੍ਰਾਰੰਭ ਕਰ ਦਿੱਤੇ, ਯੋਗ ਤੇ ਉਹਨਾਂ ਨੇ ਕਈ ਸਾਲਾਂ ਦੇ ਬਾਦ ਇੱਕ-ਅੱਧ ਸਿੱਧੀ ਪ੍ਰਾਪਤ ਹੋ ਗਈ। ਬੱਸ ਉਸਨੂੰ ਉਹ

ਪੂਰਨਤਾ ਦੀ ਨਿਸ਼ਾਨੀ ਸਮਝ ਕੇ, ਉਤਸ਼ਾਹਿਤ ਹੋ ਕੇ ਬੋਖਲਾ ਗਏ। ਇਸ ਪ੍ਰਕਾਰ ਉਹਨਾਂ ਨੇ ਅਪਣੀ ਚਾਪਲੂਸ ਮੰਡਲੀ ਦੇ ਬਹਿਕਾਵੇ ਵਿੱਚ ਇੱਕ ਦੁਸ਼ਸਾਹਸਪੂਰਨ ਯੋਜਨਾ ਬਣਾ ਲਈ ਅਤੇ ਇੱਕ ਦਿਨ ਉਹ ਆਪਣੀ ਚੰਡਾਲ ਚੌਕੜੀ ਦੇ ਨਾਲ ਗੋਇੰਦਵਾਲ ਪਹੁੰਚ ਗਏ। ਉਸ ਸਮੇਂ ਉੱਥੇ ਸ਼ਾਮ ਦਾ ਦੀਵਾਨ ਸਜਿਆ ਹੋਇਆ ਸੀ ਅਤੇ ਉਥੇ ਕੀਰਤਨੀਏ ਕੀਰਤਨ ਕਰ ਰਹੇ ਸਨ। ਗੁਰੂਦੇਵ ਆਪਣੇ ਆਸਣ ਤੇ ਬਿਰਾਜਮਾਨ ਹੋ ਕੇ ਸੰਗਤ ਵਿੱਚ ਸੁਸ਼ੋਭਿਤ ਹੋ ਰਹੇ ਸੀ ਕਿ ਪਿੱਛੋਂ ਆ ਕੇ ਦਾਤੂਜੀ ਨੇ ਗੁਰੂਦੇਵ ਨੂੰ ਆਪਣੀ ਲੱਤ ਨਾਲ ਵਾਰ ਕੀਤਾ। ਜਿਸ ਕਾਰਨ ਗੁਰਦੇਵ ਆਸਣ ਤੋਂ ਹੇਠਾਂ ਡਿੱਗ ਪਏ। ਜਿਵੇਂ ਹੀ ਉਹ ਸੰਭਲੇ ਉਹਨਾਂ ਨੇ ਦੇਖਿਆ ਕਿ ਉਹਨਾਂ ਦੇ ਗੁਰੂਪੁੱਤਰ ਦਾਤੂਜੀ ਚਰਨ ਫੜ ਕੇ ਕਿਹਾ-ਆਪ ਮੇਰੇ ਗੁਰੂਪੁੱਤਰ ਹੋ। ਆਪਨੇ ਇਸ ਸੇਵਕ ਨੂੰ ਸੰਦੇਸ਼ ਭੇਜਿਆ ਹੁੰਦਾ ਤਾਂ ਮੈਂ ਆਪ ਨੂੰ ਲੈਣ ਲਈ ਖੁਦ ਪਹੁੰਚਦਾ। ਆਪਨੇ ਠੀਕ ਹੀ ਕੀਤਾ ਹੈ ਮੈਨੂੰ ਦੰਡ ਦੇ ਕੇ, ਮੈਂ ਆਪਦਾ ਸ਼ੁਕਰਗੁਜ਼ਾਰ ਹਾਂ। ਆਪਦੇ ਚਰਣ ਕੋਮਲ ਹਨ, ਮੇਰਾ ਬੁੱਢਾ ਸਰੀਰ ਕਰੜਾ ਹੋ ਚੁੱਕਾ ਹੈ ਕਿਤੇ ਆਪ ਜੀ ਨੂੰ ਚੋਟ ਤਾਂ ਨਹੀਂ ਲੱਗੀ? ਅਤੇ ਉਹ ਦਾਤੂਜੀ ਦੇ ਚਰਨ ਦਬਾਉਂਦੇ ਰਹੇ। ਇਹ ਸਭ ਅਸਹਿਣਸ਼ੀਲ ਦ੍ਰਿਸ਼ ਸੰਗਤ ਦੇਖ ਰਹੀ ਸੀ ਪਰੰਤੂਗੁਰੂਦੇਵ ਦਾ ਸੰਕੇਤ ਪਾ ਕੇ ਸਭ ਚੁੱਪ ਸਨ। ਉਹ ਵੀ ਵਿਚਾਰ ਰਹੇ ਸਨ ਕਿ ਇੱਕ ਤਰਫ ਗੁਰੂਪੁੱਤਰ ਦਾਤੂਜੀ ਹਨ, ਦੂਸਰੀ ਤਰਫ ਸ਼ਾਂਤੀ ਦੇ ਪੁੰਜ ਅਮਰਦਾਸ ਜੀ ਹਨ। ਕੀ ਕੀਤਾ ਜਾਏ ਅਤੇ ਕੀ ਨਾ ਕੀਤਾ ਜਾਏ। ਸੰਗਤ ਇਸ ਦੁਰਘਟਨਾ ਨਾਲ ਬਹੁਤ ਦੁਖੀ ਹੋ ਰਹੀ ਸੀ ਪਰੰਤੂਕਿਸੇ ਦੀ ਕੁਝ ਸਮਝ ਵਿੱਚ ਨਹੀ ਆ ਕਿਹਾ ਸੀ ਕਿ ਉਹ ਸਭ ਕੀ ਹੋ ਰਿਹਾ ਹੈ। ਉਦੋਂ ਹੀ ਦਾਤੂਜੀ ਬੋਲੇ-ਅਸੀਂ ਗੁਰੂਗੱਦੀ ਦੇ ਵਾਰਿਸ ਹਾਂ। ਅਰਥਾਤ ਤੁਸੀਂ ਸੇਵਕ ਹੋ। ਹੁਣ ਸਾਨੂੰ ਤੁਹਾਡੀ ਸੇਵਾ ਦੀ ਜ਼ਰੂਰਤ ਨਹੀਂ, ਤੁਸੀ ਵਾਪਸ ਪਰਤ ਜਾਓ। ਗੁਰੂਦੇਵ ਨੇ ਅਜਿਹਾ ਹੀ ਕੀਤਾ। ਉਥੋਂ ਉੱਠ ਕੇ ਉਹ ਬਾਹਰ ਚਲੇ ਗਏ। ਅਤੇ ਫਿਰ ਕਿੱਥੇ ਗਏ, ਕਿਸੇ ਨੂੰ ਪਤਾ ਨਹੀਂ ਲੱਗਾ। ਉੱਧਰ ਸੰਗਤ ਹੌਲੀ-ਹੌਲੀ ਉੱਠ ਕੇ ਚਲੀ ਗਈ ਅਤੇ ਸਾਰਿਆ ਨੇ ਦਾਤੂਜੀ ਦੇ ਕਾਰਜ ਦੀ ਘੋਰ ਨਿੰਦਾ ਕੀਤੀ। ਜਦ ਦਰਬਾਰ ਵਿੱਚ ਕੋਈ ਵੀ ਸੰਗਤ ਰੂਪ ਵਿੱਚ ਨਾ ਰਿਹਾ ਤਾਂ ਦਾਤੂਜੀ ਦਾ ਮੱਥਾ ਠਣਕਿਆ। ਉਹਨਾਂ ਨੂੰ ਕੁਝ-ਕੁਝ ਗਲਤੀ ਦਾ ਅਹਿਸਾਸ ਹੋਇਆ ਪਰੰਤੂਚਾਪਲੂਸਾਂ ਨੇ ਉਹਨਾਂ ਨੂੰ ਹੌਂਸਲਾ ਦਿੱਤਾ ਤੇ ਕਿਹਾ ਕੱਲ ਦਰਬਾਰ ਲਗਾ ਕੇ ਆਪਣੇ ਡੂਮਾਂ ਤੋਂ ਕੀਰਤਨ ਕਰਵਾਓ ਲੋਕ ਜ਼ਰੂਰ ਹੀ ਆਉਣਗੇ। ਅਜਿਹਾ ਹੀ ਕੀਤਾ ਗਿਆ ਪਰੰਤੂਕੋਈ ਵੀ ਨਹੀਂ ਆਇਆ। ਚਾਰੋ ਤਰਫ ਦਾਤੂਜੀ ਦੀ ਘੋਰ ਨਿੰਦਾ ਹੋਣ ਲੱਗੀ। ਹੁਣ ਕੋਈ ਚਾਰਾ ਨਾ ਚੱਲਦਾ ਦੇਖ ਕੇ ਦਾਤੂਜੀ ਨੇ ਵਾਪਸ ਪਰਤਣਾ ਹੀ ਉੱਚਿਤ ਸਮਝਿਆ । ਉਹ ਚਾਪਲੂਸਾਂ ਦੇ ਬਹਿਕਾਵੇ ਵਿੱਚ ਗੁਰੂ-ਦਰਬਾਰ ਦੀ ਸਾਰੀ ਕੀਮਤੀ ਸਮੱਗਰੀ ਅਤੇ ਧਨ੍ਹ-ਸੰਪਦਾ ਲੈ ਕੇ, ਖੱਚਰਾਂ ਉੱਪਰ ਲੱਦਵਾ ਕੇ ਖਡੂਰ ਦੇ ਲਈ ਚੱਲ ਪਏ, ਪਰੰਤੂਰਸਤੇ ਵਿੱਚ ਹਨੇਰਾ ਹੋ ਗਿਆ। ਉਹਨਾਂ ਨੂੰ ਉਸ ਸਮੇਂ ਡਾਕੂਆਂ ਦਾ ਟੋਲਾ-ਮਿਲ ਗਿਆ, ਉਹਨਾਂ ਨੇ ਸਭ ਸਮਾਨ ਖੱਚਰਾਂ ਸਹਿਤ

ਦਾਤੂਜੀ ਤੋਂ ਖੋਹ ਲਿਆ ਅਤੇ ਖੋਂਹਦੇ ਸਮੇਂ ਇੱਕ ਡਾਂਗ (**ਲੱਠ**) ਦਾਤੂਜੀ ਦੀ ਲੱਤ ਤੇ ਜੋਰ ਦੀ ਨਾਲ ਦੇ ਮਾਰੀ, ਜਿਸ ਨਾਲ ਲੱਤ ਦੀ ਹੱਡੀ ਵਿੱਚ ਗਹਿਰੀ ਚੋਟ ਆਈ ਅਤੇ ਦਾਤੂਜੀ ਦਰਦ ਨਾਲ ਕੁਰਲਾਉਣ ਲੱਗੇ। ਜਦੋਂ ਘਰ ਖਡੂਰ ਨਗਰ ਪਹੁੰਚੇ ਤਾਂ ਮਾਤਾ ਖੀਵੀ ਜੀ ਨੇ ਅਤੇ ਲੋਕਾਂ ਨੇ ਉਹਨਾਂ ਨੂੰ ਫਿਟਕਾਰ ਪਾਈ। ਉਹ ਆਪਣੇ ਇਸ ਘੋਰ ਆਪਰਾਧ ਤੇ ਬਹੁਤ ਸ਼ਰਮਸਾਰ ਹੋ ਰਹੇ ਸਨ ਅਤੇ ਕਿਸੇ ਨੂੰ ਮੂੰਹ ਦਿਖਾਉਣ ਯੋਗ ਨਹੀਂ ਸਨ। ਉਹ ਭੁੱਲ ਬਖਸ਼ਾਉਣੀ ਚਾਹੁੰਦੇ ਸਨ ਪਰੰਤੂ ਉਹ ਵੀ ਸੰਭਵ ਨਹੀਂ ਸੀ। ਲੱਤ ਦੀ ਚੋਟ ਦੀ ਦਰਦ ਹਟਣ ਦਾ ਨਾਮ ਹੀ ਨਹੀਂ ਲੈ ਰਹੀ ਸੀ।

ਦੂਸਰੀ ਤਰਫ ਗੋਇੰਦਵਾਲ ਵਿੱਚ ਸੰਗਤ ਚਾਰੋ ਤਰਫ ਗੁਰੂਦੇਵ ਦੀ ਖੋਜ ਵਿੱਚ ਨਿਕਲ ਪਈ, ਕਿੰਤੂਉਹਨਾਂ ਦਾ ਕਿਤੇ ਅੱਤਾ-ਪੱਤਾ ਮਾਲੂਮ ਨ ਹੋ ਸਕਿਆ। ਅੰਤ ਵਿੱਚ ਬਾਬਾ ਬੁੱਢਾ ਜੀ ਨੂੰ ਬੇਨਤੀ ਕੀਤੀ ਗਈ ਕਿ ਆਪ ਉਹਨਾਂ ਨੂੰ ਲੱਭੋ ਤਾਂ ਉਹਨਾਂ ਨੇ ਸੰਗਤ ਨੂੰ ਸੁਝਾਅ ਦਿੱਤਾ ਕਿ ਉਹਨਾਂ ਦੀ ਘੋੜੀ ਨੂੰ ਤਬੇਲੇ ਵਿੱਚੋਂ ਛੱਡ ਦੇਵੋ ਉਹ ਆਪਣੇ ਸੁਆਸੀ ਨੂੰ ਖੁਦ ਲੱਭ ਲਵੇਗੀ। ਅਜਿਹਾ ਹੀ ਕੀਤਾ ਗਿਆ। ਘੋੜੀ ਖੁੱਲੇ ਵਿੱਚ ਛੱਡਣ ਤੇ ਉਹ ਚੱਲ ਪਈ ਅਤੇ ਪਿੱਛੇ-ਪਿੱਛੇ ਸੰਗਤ। ਇਸ ਪ੍ਰਕਾਰ ਉਹ ਚੱਲਦੇ-ਚਲੱਦੇ ਬਾਸਰਕੇ ਪਿੰਡ ਦੇ ਨੇੜੇ ਇੱਕ ਸਥਾਨ ਤੇ ਪਹੁੰਚੀ ਜਿਸ ਵਿੱਚ ਇੱਕ ਛੋਟਾ ਜਿਹਾ ਮਕਾਨ ਸੀ ਸੰਗਤ ਨੇ ਉਸ ਮਕਾਨ ਦੇ ਬਾਹਰ ਇੱਕ ਤਖਤੀ ਲਟਕੀ ਹੋਈ ਦੇਖੀ। ਜਿਸਤੇ ਲਿਖਿਆ ਸੀ ਇਸ ਦੁਆਰ ਨੂੰ ਖੋਲਣਾ ਸਖਤ ਮਨ੍ਹਾਂ ਹੈ। ਜੇਕਰ ਕਿਸੀ ਨੇ ਦਰਵਾਜ਼ਾ ਖੋਲ ਕੇ ਅੰਦਰ ਪ੍ਰਵੇਸ਼ ਕਰਨ ਦਾ ਪ੍ਰਯਾਸ ਕੀਤਾ ਤਾਂ ਉਸਨੂੰ ਅਸੀਂ ਬਖਸ਼ਾਂਗੇ ਨਹੀਂ। ਜਦ ਸੰਗਤ ਨੇ ਇਹ ਇਬਾਰਤ ਪੜ੍ਹੀ ਤਾਂ ਸਾਰੇ ਜਾਣ ਗਏ ਕਿ ਗੁਰੂਦੇਵ ਇਸ ਕਮਰੇ ਵਿੱਚ ਹਨ, ਪਰੰਤੂਉਹਨਾਂ ਦੇ ਆਦੇਸ਼ ਦਾ ਉਲੰਘਣ ਕਰਨ ਦਾ ਕਿਸੇ ਨੂੰ ਸਾਹਸ ਨਾ ਹੋਇਆ ਇਸਤੇ ਬਾਬਾ ਬੁੱਢਾ ਜੀ ਨੇ ਜੁਗਤੀ ਤੋਂ ਕੰਮ ਲਿਆ। ਉਹਨਾਂ ਨੇ ਕਮਰੇ ਦੇ ਪਿਛਲੇ ਪਾਸੇ ਜਾ ਕੇ ਕਮਰੇ ਦੀ ਦੀਵਾਰ ਵਿੱਚੋਂ ਸੰਨ੍ਹ ਲਾ ਕੇ ਕੁਝ ਇੱਟਾਂ ਕੱਢ ਲਈਆਂ ਜਿਸ ਨਾਲ ਉਸ ਵਿੱਚ ਇੱਕ ਆਦਮੀ ਅੰਦਰ ਜਾ ਸਕੇ ਸਭਤੋਂ ਪਹਿਲਾਂ ਬਾਬਾ ਬੁੱਢਾਂ ਜੀ ਹੀ ਅੰਦਰ ਗਏ। ਉਹਨਾਂ ਨੇ ਦੇਖਿਆ ਕਿ ਗੁਰੂਦਵੇ ਅੰਦਰ ਸਮਾਧੀ ਵਿੱਚ ਲੀਨ ਸਨ। ਫਿਰ ਹੌਲੀ-ਹੌਲੀ ਸਾਰੀ ਸੰਗਤ ਅੰਦਰ ਪ੍ਰਵੇਸ਼ ਕਰਕੇ ਗੁਰੂਦੇਵ ਦੇ ਚਾਰੋਂ ਤਰਫ ਬੈਠ ਗਈ ਅਤੇ ਚੁਪਚਾਪ ਪ੍ਰਾਰਥਨਾ ਕਰਨ ਲੱਗੀ। ਕੁਝ ਸਮੇਂ ਤੋਂ ਬਾਦ ਜਦ ਗੁਰੂਦਵੇ ਉੱਥਾਨ ਅਵਸਥਾ ਵਿੱਚ ਆਏ ਤਾਂ ਉਹਨਾਂ ਨੇ ਸੰਗਤ ਦੇ ਪ੍ਰਸ਼ਨ ਕੀਤਾ ਕਿ ਆਪ ਲੋਕਾਂ ਨੇ ਬਾਹਰ ਲਿਖਿਆ ਹੁਕਮ ਨਹੀਂ ਪੜਿਆ ਤਾਂ ਸਾਰਿਆਂ ਨੇ ਉੱਤਰ ਦਿੱਤਾ ਕਿ ਪੜਿਆ ਸੀ। ਕਿੰਤੂ ਅਸੀਂ ਤਾਂ ਉੱਧਰੋਂ ਪ੍ਰਵੇਸ਼ ਹੀ ਨਹੀਂ ਕੀਤਾ। ਅਸੀਂ ਤਾ ਦੀਵਾਰ ਵਿੱਚ ਛੇਦ ਬਣਾ ਕੇ ਉਸ ਵਿਚੋਂ ਅੰਦਰ ਆਏ ਹਾਂ ਇਸਤੇ ਉਦਾਰਤਾ ਦੇ ਪੁੰਜ ਗੁਰੂਦੇਵ ਨੇ ਸਭ ਨੂੰ ਮੁਸਕੁਰਾ ਕੇ ਮੁਆਫ ਕਰ ਦਿੱਤਾ ਅਤੇ ਸੰਗਤ ਦੀ ਬੇਨਤੀ ਤੇ ਦੁਬਾਰਾ ਗੋਇੰਦਵਾਲ ਵਾਪਸ ਆ ਗਏ।

# ਦਾਸੂ ਜੀ ਦੁਆਰਾ ਗੁਰੂਕਹਾਉਣ ਦਾ ਅਸਫਲ ਯਤਨ

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ ਆਪਣਾ ਉੱਤਰਾਧਿਕਾਰੀ ਘੋਸ਼ਿਤ ਕੀਤਾ ਤਾਂ ਉਹਨਾਂ ਨੇ ਆਦੇਸ਼ ਦਿੱਤਾ ਕਿ ਹੁਣ ਤੁਸੀਂ ਗੋਇੰਦਵਾਲ ਵਿੱਚ ਹੀ ਰਹੋਗੇ ਅਤੇ ਉਥੋਂ ਹੀ ਗੁਰਮਤਿ ਦਾ ਪ੍ਰਚਾਰ-ਪ੍ਰਸਾਰ ਕਰੋਗੇ। ਅਰਥਾਤ ਗੁਰੂਅਮਰਦਾਸ ਜੀ ਨੇ ਗੁਰੂਦੇਵ ਦੇ ਆਦੇਸ਼ ਅਨੁਸਾਰ ਹੀ ਗੋਇੰਦਵਾਲ ਨੂੰ ਆਪਣਾ ਮੁੱਖ ਸਥਾਨ ਬਣਾਇਆ ਪਰੰਤੂ ਦੂਰ ਤੋ ਆਉਣ ਵਾਲੀ ਸੰਗਤ ਨੂੰ ਇਸ ਗੱਲ ਦਾ ਗਿਆਨ ਨਹੀਂ ਸੀ। ਉਹ ਲੋਕ ਅਣਜਾਣੇ ਵਿੱਚ ਖਡੂਰ ਨਗਰ ਪਹੁੰਚ ਜਾਂਦੇ। ਜਦੋਂ ਉਹਨਾਂ ਨੂੰ ਪਤਾ ਲੱਗਦਾ ਕਿ ਗੁਰੂਦੇਵ ਤਾਂ ਪਰਮਜੋਤ ਵਿੱਚ ਵਿਲੀਨ ਹੋ ਗਏ ਹਨ ਅਤੇ ਉਹਨਾਂ ਤੋਂ ਪਿੱਛੋਂ ਨਵੇਂ ਗੁਰੂਉਹਨਾਂ ਦੇ ਸੇਵਕ ਅਮਰਦਾਸ ਜੀ ਹਨ ਤਾਂ ਉਹਨਾਂ ਵਿਚੋਂ ਕੋਈ ਲੋਕ ਗੋਇੰਦਵਾਲ ਪਹੁੰਚ ਜਾਂਦੇ, ਪਰੰਤੂ ਕੁਝ ਲੋਕ ਉੱਥੇ ਗੁਰੂਅੰਗਦੇਵ ਜੀ ਦੇ ਲੜਕਿਆਂ ਨੂੰ ਸ਼ੀਸ਼ ਝੁਕਾ ਕੇ ਨਮਸਕਾਰ ਕਰਦੇ ਅਤੇ ਉਹਨਾਂ ਤੋਂ ਅਸ਼ੀਰਵਾਦ ਪ੍ਰਾਪਤ ਕਰਨ ਦੀ ਚੇਸ਼ਟਾ ਕਰਦੇ ਅਤੇ ਕੁਝ ਭੇਟ ਵਿੱਚ ਧਨ ਅਥਵਾ ਬਹੁਕੀਮਤੀ ਵਸਤਾਂ ਦੇ ਜਾਂਦੇ। ਇਹ ਸਭ ਦੇਖ ਕੇ ਗੁਰੂਦੇਵ ਦੀ ਪਤਨੀ (ਮਾਤਾ) ਖੀਵੀ ਜੀ ਨੇ ਬੇਟਿਆਂ ਨੂੰ ਕਹਿਆ ਮੰਨਿਆ ਕਿ ਤੁਸੀਂ ਗੁਰੂਦੇ ਅੰਸ਼ ਹੋ ਪਰੰਤੂ ਤੁਹਾਨੂੰ ਕੋਈ ਅਧਿਕਾਰ ਨਹੀਂ ਹੈ ਭੋਲੇ ਅਤੇ ਅਣਜਾਣ ਲੋਕ ਤੋਂ ਪੂਜਾ ਕਰਵਾਉਣ ਦਾ ਕਿਉਂਕਿ ਇਹ ਅਲੌਕਿਕ ਦਾਤ ਕੇਵਲ ਅਮਰਦਾਸ ਜੀ ਨੇ ਹੀ ਮਿਲੀ ਹੈ। ਜੇਕਰ ਤੁਸੀ ਨਹੀਂ ਮੰਨੋਗੇ ਤਾਂ ਪ੍ਰਕ੍ਰਿਤੀ ਦੀ ਤਰਫੋ ਤੋਂ ਇਸਦਾਂ ਉੱਤਰ ਦਾਈ ਹੋਣ ਪਵੇਗਾ। ਜਿਸਦੀ ਭਾਰੀ ਕੀਮਤ ਚੁਕਾਉਣੀ ਪਵੇਗੀ। ਪਰੰਤੂ ਦਾਸੂਜੀ ਦੇ ਇੱਕ ਤਰਫ ਧਨ ਦਾ ਮੋਹ ਅਤੇ ਦੂਸਰੀ ਤਰਫ ਪ੍ਰਤਿਸ਼ਠਾ, ਮਾਣ ਸਨਮਾਨ ਆਦਿ ਦਾ ਮੋਹ ਸੀ, ਅਰਥਾਤ ਮਾਤਾ ਜੀ ਦੀ ਗੱਲ ਨੂੰ ਨਹੀਂ ਮੰਨਿਆ। ਇੱਕ ਵਾਰ ਫਿਰ ਮਾਤਾ ਜੀ ਨੇ ਦਾਸੂਜੀ ਨੂੰ ਸਮਝਾਉਣ ਦਾ ਅਸਫਲਪ੍ਰਯਾਸ ਕੀਤਾ ਤੇ ਕਿਹਾ- ਗੁਰੂਗੱਦੀ ਕੋਈ ਵਿਰਾਸਤ ਦੀ ਵਸਤੂਨਹੀਂ ਹੈ, ਉਹ ਤਾਂ ਪ੍ਰਭੂਕਿਰਪਾ ਅਤੇ ਵਿਵੇਕੀ ਗੁਣਾਂ ਤੋਂ ਪ੍ਰਾਪਤ ਹੁੰਦੀ ਹੈ, ਜੇਕਰ ਅਜਿਹਾ ਨਾ ਹੁੰਦਾ ਤਾਂ ਗੁਰੂਨਾਨਕਦੇਵ ਜੀ ਦੇ ਪਸ਼ਚਾਤ ਉਹਨਾਂ ਦੇ ਬੇਟੇ ਗੁਰੂਬਣਦੇ ਜੋ ਕਿ ਹਰ ਦ੍ਰਿਸ਼ਟ ਤੋਂ ਯੋਗ ਵੀ ਸਨ ਪ੍ਰੰਤੂਨਹੀਂ। ਉਹਨਾਂ ਨੇ ਬਹੁਤ ਪਰੀਖਿਆਵਾਂ ਦੇ ਪਸ਼ਚਾਤ ਤੁਹਾਡੇ ਪਿਤਾ ਜੀ ਨੂੰ ਚੁਣਿਆ ਸੀ। ਅਰਥਾਤ ਫਿਰ ਉਹਨਾਂ ਨੇ ਉਸੇ ਵਿਧੀ ਅਤੇ ਉਸੇ ਪ੍ਰਥਾ ਅਨੁਸਾਰ ਅਮਰਦਾਸ ਜੀ ਦਾ ਚੁਣਨਾ ਕੀਤਾ। ਅਰਥਾਤ ਤੁਸੀਂ ਜਾਣ ਬੁੱਝ ਕੇ ਭੁੱਲ ਨਾ ਕਰੋ, ਨਹੀਂ ਤਾਂ ਲੈਣੇ ਦੇ ਦੇਣੇ ਪੈ ਸਕਦੇ ਹਨ, ਪਰੰਤੂਦਾਸੂਜੀ ਇੱਕ ਤੋਂ ਸੁਣਦੇ ਦੂਸਰੇ ਵਿਚੋਂ ਕੱਢ ਦਿੰਦੇ ਕਿਉਂਕਿ ਉਹਨਾਂ ਨੂੰ ਗੁਰੂਕਹਿਲਾਉਣਾ ਬਹੁਤ ਪਿਆਰਾ ਲੱਗਦਾ ਸੀ, ਇਸ ਲਈ ਉਹ ਇਸ ਪਦ ਨਾਲ ਮੋਹ ਭੰਗ ਨਾ ਕਰ ਪਾਏ। ਪ੍ਰਕ੍ਰਿਤੀ ਨੇ ਖੇਡ ਰਚਾਈ। ਜਿਵੇਂ-ਜਿਵੇਂ ਦਾਸੂਜੀ ਲੋਕਾਂ ਨੂੰ ਵਰ ਅਥਵ ਸਰਾਪ ਦੇਂਦੇ, ਉਸੀ ਪ੍ਰਕਾਰ ਉਹਨਾਂ ਦੇ ਸਿਰ ਵਿਚ ਦਰਦ ਰਹਿਣ ਲੱਗੀ। ਇੱਕ ਸਮਾਂ ਅਜਿਹਾ ਆਇਆ ਉਹਨਾਂ ਨੂੰ ਮਿਰਗੀ ਵਰਗੇ ਦੌਰੇ ਪੈਣ ਲੱਗੇ ਅਤੇ ਦਾਸੂ ਜੀ ਛਟਪਟਾਉਣ ਲੱਗੇ। ਮਾਤਾ ਜੀ ਤੋਂ ਉਹਨਾਂ ਦੀ ਇਹ ਦਸ਼ਾ ਦੇਖੀ ਨਹੀਂ ਗਈ। ਉਹ ਉਹਨ ਨੂੰ ਲੈ ਕੇ

ਗੋਇੰਦਵਾਲ ਵਿੱਚ ਮੁਆਫੀ ਲਈ ਬੇਨਤੀ ਕਰਨ ਪਹੁੰਚੀ, ਜਿਵੇਂ ਹੀ ਗੁਰੂਦੇਵ ਨੂੰ ਪਤਾ ਲੱਗਾ ਕਿ ਮਾਤਾ ਜੀ ਉਹਨਾਂ ਨੂੰ ਮਿਲਣ ਆਏ ਹਨ ਤਾਂ ਉਹ ਆਪ ਮਾਤਾ ਜੀ ਨੂੰ ਮਿਲਣ ਲਈ ਪਹੁੰਚੇ ਅਤੇ ਉਹਨਾਂ ਨੇ ਕਿਹਾ- ਮੈਨੂੰ ਸੰਦੇਸ਼ ਭੇਜਿਆ ਹੁੰਦਾ, ਮੈਂ ਹੀ ਆਪਦੇ ਚਰਨਾਂ ਵਿੱਚ ਹਾਜਰ ਹੋ ਜਾਂਦਾ। ਪਰੰਤੂ ਮਾਤਾ ਖੀਵੀ ਜੀ ਨੇ ਉੱਤਰ ਦਿੱਤਾ ਕਿ ਜ਼ਰੂਰਤ ਮੰਦ ਮੈਂ ਹਾਂ ਮੈਨੂੰ ਹੀ ਆਉਂਣਾਂ ਚਾਹੀਦਾ ਸੀ। ਉਹਨਾਂ ਨੇ ਦਾਸੂਜੀ ਨੂੰ ਗੁਰੂਚਰਨਾਂ ਵਿੱਚ ਝੁਕ ਕੇ ਪ੍ਰਣਾਮ ਕਰਨ ਲਈ ਕਿਹਾ- ਮਰਦਾ ਕੀ ਨਹੀਂ ਕਰਦਾ, ਦਾਸੂਜੀ ਨੇ ਆਪਣੇ ਸਵਾਸਥ ਲਾਭ ਦੇ ਲਈ ਉਹ ਸਭ ਕੁਝ ਕੀਤਾ ਜੋ ਉਹ ਨਹੀਂ ਚਾਹੁੰਦਾ ਸੀ। ਪਰੰਤੂ ਗੁਰੂਦੇਵ ਜੀ ਨੇ ਉਸਨੂੰ ਤੁਰੰਤ ਉੱਠ ਕੇ ਆਪਣੇ ਗਲ ਨਾਲ ਲਗਾ ਲਿਆ ਅਤੇ ਕਿਹਾ-ਆਪ ਮੇਰੇ ਸਤਿਕਾਰਯੋਗ ਹੋ, ਆਪ ਤਾਂ ਮੇਰੇ ਗੁਰੂਦੇਵ ਦੇ ਵੱਡੇ ਸਪੁੱਤਰ ਹੋ। ਗੁਰੂਦੇਵ ਦੇ ਸਪਰਸ ਕਰਨ ਨਾਲ ਉਸਦੇ ਮੱਥੇ ਦਾ ਭਾਰੀਪਨ ਜਾਂਦਾ ਰਿਹਾ। ਇਸ ਪ੍ਰਕਾਰ ਸੁਜਾਨ ਮਾਤ ਖੀਵੀਜੀ ਨੇ ਆਪਣੇ ਬੇਟੇ ਨੂੰ ਖਿਮਾ ਦਿਵਾ ਕੇ ਦੁਬਾਰਾ ਸਵਾਸਥ ਲਾਭ ਲੈ ਕੇ ਵਾਪਸ ਘਰ ਆ ਗਈ।

## ਬਾਉਲੀ (ਜਲਕੁੰਡ) ਦਾ ਨਿਰਮਾਣ-ਕਾਰਜ

ਸ੍ਰੀ ਗੁਰੂਅਮਰਦਾਸ ਜੀ ਦੇ ਯਤਨਾਂ ਤੋਂ ਭਾਈ ਗੋਇੰਦੇ ਦੀ ਨਗਰੀ, ਗੋਇੰਦਵਾਲ ਦੇ ਰੂਪ ਵਿੱਚ ਬਹੁਤ ਵਿਕਸਿਤ ਹੁੰਦੀ ਜਾ ਰਹੀ ਸੀ, ਜਿਸ ਕਾਰਣ ਜਨਸੰਖਿਆ ਵਿੱਚ ਹੌਲੀ-ਹੌਲੀ ਵਾਧਾ ਹੁੰਦਾ ਜਾ ਰਿਹਾ ਸੀ ਇਹ ਸਥਾਨ ਪ੍ਰਾਕ੍ਰਿਤਕ ਦ੍ਰਿਸ਼ਟੀ ਕਣੋ ਤੋਂ ਇੱਕ ਵਿਸ਼ਾਲ ਚੱਟਾਨ ਤੇ ਵਸਾਇਆ ਜਾ ਰਿਹਾ ਸੀ। ਇੱਥੇ ਬਿਆਸ ਨਦੀ ਵਿਸ਼ਾਲ ਪਠਾਰੀ ਭੂਮੀ ਨਾਲ ਟਕਰਾ ਕੇ ਦਿਸ਼ਾ ਪਰਿਵਰਤ ਕਰਕੇ ਵਹਿੰਦੀ ਹੈ। ਅਰਥਾਤ ਨਵੀਂ ਵਸਾਈ ਗਈ ਨਗਰੀ ਦੇ ਲਈ ਪੀਣ ਦੇ ਪਾਣੀ ਦੀ ਵਿਵਸਥਾ ਵਿੱਚ ਬਹੁਤ ਕਠਿਨਾਇਆ ਸਾਹਮਣੇ ਆਉਣ ਲੱਗੀਆਂ। ਪੂਰੇ ਨਗਰ ਵਿੱਚ ਇੱਕ ਹੀ ਖੂਹ ਸੀ ਜੋ ਕਿ ਆਦਿ ਕਾਲ ਦਾ ਬਣਿਆ ਹੋਇਆ ਸੀ ਜਿਸਦੇ ਨਿਰਮਾਣ ਦਾ ਸਮਾਂ ਕਿਸੀ ਨੂੰ ਗਿਆਤ ਨਹੀਂ ਸੀ। ਦੂਜੇ ਖੂਹ ਪੁੱਟਣ ਦੇ ਬਹੁਤ ਯਤਨ ਕੀਤੇ ਗਏ ਜੋ ਕਿ ਅਸਫਲ ਸਿੱਧ ਹੋਏ ਕਿਉਂਕਿ ਬਹੁਤ ਗਹਿਰੀ ਖੁਦਾਈ ਕਰਨ ਤੇ ਵੀ ਪਾਣੀ ਨਹੀਂ ਨਿਕਲਦਾ ਸੀ ਬਲਕਿ ਸਖਤ ਚੱਟਾਨਾਂ ਨਿਕਲਦੀਆਂ ਸਨ। ਜਿਹਨਾਂ ਨੂੰ ਪੁੱਟਣਾ ਮੁਸ਼ਕਿਲ ਹੀ ਨਹੀਂ ਅਸੰਭਵ ਗੱਲ ਸੀ। ਅਰਥਾਤ: ਇੱਕੋ-ਇਕ ਖੂਹ ਹੋਣ ਦੇ ਕਾਰਨ ਉੱਥੇ ਹਮੇਸ਼ਾ ਭੀੜ ਲੱਗੀ ਰਹਿੰਦੀ ਅਤੇ ਪਾਣੀ ਦੇ ਲਈ ਲੰਬੀ ਕਤਾਰਾਂ ਲੱਗਣ ਲੱਗੀਆਂ, ਜਿਸ ਨਾਲ ਅਮੁੱਲ ਸਮਾਂ ਨਸ਼ਟ ਹੋਣ ਲੱਗਾ। ਸੁਭਾਵਿਕ ਹੀ ਸੀ ਪਾਣੀ ਨੂੰ ਲੈ ਕੇ ਕਈ ਵਾਰ ਝਗੜੇ ਹੋਣ ਲੱਗੇ ਤੇ ਜਨ-ਸਧਾਰਣ ਪਾਣੀ ਦੀ ਥੁੜ ਕਾਰਣ ਦੁਖੀ ਰਹਿਣ ਲੱਗੇ। ਵੈਸੇ ਤਾਂ ਬਿਆਸ ਨਦੀ ਨਜ਼ਦੀਕ ਹੋਣ ਦੇ ਕਾਰਨ ਨਹਾਉਣਾ, ਕੱਪੜੇ ਧੋਣਾ ਆਦਿ ਹੋ ਜਾਂਦਾ ਪਰੰਤੂਰਸੋਈ ਘਰ ਦੇ ਲਈ ਪਾਣੀ ਦੀ ਕਮੀ ਬਣੀ ਰਹਿੰਦੀ। ਵਿਸ਼ੇਸ਼ ਕਰਕੇ ਗੁਰੂਦੇ ਲੰਗਰ ਦੇ ਲਈ ਪੀਣ ਦੇ ਪਾਣੀ ਦੀ ਜ਼ਿਆਦਾ ਜ਼ਰੂਰਤ ਪੈਂਦੀ। ਬਹੁਤ ਸਾਰੇ ਨਿਸ਼ਕਾਮ ਸੇਵਕ ਸਿੱਖ ਖੂਹ ਤੋਂ ਪਾਣੀ ਢੋਣ ਦੀ ਸੇਵਾ ਵਿੱਚ ਦਿਨ ਰਾਤ ਵਿਅਸਥ

ਰਹਿੰਦੇ ਪਰੰਤੂ ਦੂਸਰਾ ਪੱਖ (**ਭਾਈ ਗੋਇੰਦੇ ਦੇ ਨਿਕਟਵਰਤੀ**) ਪਾਣੀ ਨੂੰ ਲੈ ਕੇ ਸਿੱਖਾਂ ਨਾਲ ਉਲਝ ਪੈਂਦੇ। ਉਹਨਾਂ ਦਾ ਕਹਿਣਾਂ ਹੁੰਦਾ ਇਸ ਖੂਹ ਤੇ ਸਾਡਾ ਅਧਿਕਾਰ ਹੈ, ਆਪ ਲੋਕ ਆਪਣੇ ਲਈ ਨਵੇਂ ਖੂਹ ਦਾ ਨਿਰਮਾਣ ਕਰ ਲਵੋ, ਗੱਲ ਤਾ ਠੀਕ ਸੀ ਪਰੰਤੂਖੂਹ ਪੁੱਟਣਾ ਇੰਨ੍ਹਾ ਸਹਿਜ ਨਹੀਂ ਸੀ। ਅਰਥਾਤ ਪਾਣੀ ਦੇ ਲਈ ਮਨਮੁਟਾਵ ਹੋ ਜਾਂਦਾ। ਭਾਈ ਗੋਇੰਦੇ ਦੇ ਦੇਹਾਂਤ  ਦੇ ਪਸਚਾਤ ਉਸਦੇ ਪਰਿਵਾਰ ਦੇ ਮੈਂਬਰ ਦਾ ਇਕ ਧੜਾ (ਗੁੱਟ) ਬਣ ਗਿਆ ਜੋ ਸਿੱਖਾਂ ਨਾਲ ਅਭੱਦਰ ਵਿਵਹਾਰ ਕਰਦਾ ਤੇ ਵਿਅੰਗ ਪੂਰਣ ਸ਼ਬਦਾਂ ਵਿੱਚ ਕਹਿੰਦਾ- ਤੁਹਾਨੂੰ ਅਸੀਂ ਭੂਮੀ ਵੀ ਦਿੱਤ ਹੈ ਅਤੇ ਹੁਣ ਘੱਟੋ ਘੱਟ ਪਾਣੀ ਦਾ ਪ੍ਰਬੰਧ ਖ਼ੁਦ ਕਰ ਲਵੋ। ਕ੍ਰੋਧ ਵਿੱਚ ਕਈ ਸਿੱਖਾਂ ਦੇ ਘੜੇ ਭੰਨ ਦਿੱਤੇ। ਇਹ ਸਬ ਕੁਝ ਸੁਣਕੇ ਗੁਰੂਅਮਰਦਾਸ ਜੀ ਸਿੱਖਾਂ ਨੂੰ ਹੌਂਸਲਾ ਰੱਖਣ ਨੂੰ ਕਹਿੰਦੇ ਅਤੇ ਉਹਨਾਂ ਨੂੰ ਘੜਿਆ ਦੇ ਸਥਾਨ ਤੇ ਗਾਗਰਾਂ ਨਾਲ ਪਾਣੀ ਢੋਣ ਨੂੰ ਕਹਿ ਦਿੱਤਾ ਪਰੰਤੂਸਭ ਵਿਅਰਥ, ਝਗੜਾ ਜਿਉਂ ਦਾ ਤਿਉਂ ਬਣਿਆ ਰਿਹਾ। ਇਸ ਪ੍ਰਕਾਰ ਗੁਰੂਦੇਵ ਨੇ ਇੱਕ ਦਿਨ ਇੱਕ ਸੁੰਦਰ ਸਥਾਨ ਚੁਣਕੇ ਇੱਕ ਵਿਸ਼ਾਲ ਬਾਉਲੀ ਨਿਰਮਾਣ ਦੇ ਲਈ ਗੁਰੂਚਰਨਾ ਵਿੱਚ ਸੰਯੁਕਤ ਰੂਪ ਵਿੱਚ ਪ੍ਰਾਰਥਨਾ (**ਅਰਦਾਸ**) ਕਰਕੇ ਅਧਾਰਸ਼ਿਲਾ ਰੱਖ ਦਿੱਤੀ। ਬਾਉਲੀ ਦਾ ਨਿਰਮਾਣ ਕਾਰਜ ਸਮਾਨ ਰੂਪ ਵਿੱਚ ਚੱਲਣ ਲੱਗਾ। ਗੁਰੂਘਰ ਵਿੱਚ (**ਕਾਰ ਸੇਵਾ**) ਨਿਰਮਾਣ ਕਾਰਜ ਚੱਲ ਰਿਹਾ ਹੈ, ਇਹ ਜਾਣਕੇ ਸੰਗਤ ਦੂਰ-ਦੂਰ ਤੋਂ ਆਉਣ ਲੱਗੀ ਅਤੇ ਵਿਸ਼ਾਲ ਕਾਰਜ ਜੋ ਵਰਿਆ ਦਾ ਸੀ, ਕੁਝ ਦਿਨ੍ਹਾਂ ਵਿੱਚ ਹੀ ਕਰ ਦਿੱਤਾ ਪਰੰਤੂਸਮੱਸਿਆ ਉਹੀ ਸਾਹਮਣੇ ਆਈ, ਜਿਸਦਾ ਪਹਿਲਾਂ ਤੋਂ ਹੀ ਡਰ ਸੀ, ਬਾਉਲੀ ਦੇ ਅੰਤਿ ਪੜਾਵ ਵਿੱਚ ਵਿਸ਼ਾਲ ਚੱਟਾਨ ਹੇਠਾਂ ਆ ਗਈ ਜੋ ਕਿ ਸਧਾਰਣ ਪੱਥਰ ਨਾਲੋਂ ਕਿਤੇ ਸਖਤ ਸੀ। ਅਰਥਾਤ ਖੁਦਾਈ ਦੇ ਕਾਰਜ ਵਿੱਚ ਰੁਕਾਵਟ ਉਤਪੰਨ ਹੋ ਗਈ। ਇਸਤੇ ਗੁਰੂਦੇਵ ਨੇ ਪੱਥਰ ਕੱਟਣ ਵਾਲੇ ਕਾਰੀਗਰ ਬੁਲਾ ਲਏ ਅਤੇ ਉਹ ਲੋਕ ਕਾਰਜ ਕਰਨ ਲੱਗੇ ਪਰੰਤੂਚੱਟਾਨ ਬਹੁਤ ਕਰੜੀ ਸੀ ਇਸ ਲਈ ਕੰਮ ਬਹੁਤ ਧੀਮੀ ਗਤੀ ਨਾਲ ਅੱਗੇ ਵਧਣ ਲੱਗਾ। ਇਹ ਕਾਰਜ ਸਰਲ ਤਾਂ ਨਹੀਂ ਸੀ, ਇਸ ਤੇ ਕਈ ਸਾਲ ਲੱਗ ਸਕਦੇ ਹਨ ਕਿਉਂਕਿ ਚੱਟਾਨ ਕਿੰਨੀ ਗਹਿਰਾਈ ਤੱਕ ਫੈਲੀ ਹੋਈ ਹੈ ਇਸਦਾ ਅਨੁਮਾਨ ਲਗਾਉਣਾ ਔਖਾ ਹੀ ਨਹੀਂ ਅਸੰਭਵ ਸੀ ਤਾਂ ਵੀ ਸਿੱਖਾਂ ਨੇ ਗੁਰੂਦਾ ਆਸਰਾ ਲੈ ਕੇ ਪੂਰਣ ਵਿਸ਼ਵਾਸ ਦੇ ਨਾਲ ਦਿਨ-ਰਾਤ ਚੱਟਾਨ ਕੱਟਣ ਦਾ ਕਾਰਜ ਜਾਰੀ ਰੱਖਿਆ। ਉਹਨੀਂ ਦਿਨੀਂ ਸਮਰਾਟ ਅਕਬਰ ਦੇ ਮੰਤਰੀ ਰਾਜਾ ਟੋਡਰਮੱਲ ਗੁਰੂਦਰਬਾਰ ਵਿੱਚ ਗੁਰੂਦੇਵ ਦੇ ਸਾਹਮਣੇ ਪੇਸ਼ ਹੋਏ ਅਤੇ ਨਿਮਰਤਾ ਸਹਿਤ ਬੇਨਤੀ ਕਰਨ ਲੱਗੇ ਕਿ ਸਾਨੂੰ ਚਿਤੌੜਗੜ੍ਹ ਕਿਲ੍ਹੇ ਤੇ ਜਿੱਤ ਪ੍ਰਾਪਤ ਕਰਨ ਵਿੱਚ ਬਹੁਤ ਕਠਿਨਨਾਈਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜੇਕਰ ਤੁਸੀਂ ਸਾਨੂੰ ਜਿੱਤ ਦੇ ਲਈ ਅਸ਼ੀਰਵਾਦ ਦਿਓ ਤਾਂ ਇਹ ਕੰਮ ਹੋ ਸਕਦਾ ਹੈ। ਗੁਰੂਦੇਵ ਦੇ ਮੂੰਹ ਤੋਂ ਸਹਿਜ ਸੁਭਾਅ ਹੀ ਸ਼ਬਦ ਨਿਕਲਿਆ- ਬਾਉਲੀ ਵਿੱਚ ਪਾਣੀ ਭਰਨ ਤੇ ਹੀ ਜਿੱਤ ਹੋਏਗੀ। ਬੱਸ ਫਿਰ ਕੀ ਸੀ, ਰਾਜਾ ਟੋਡਰਮੱਲ ਨੇ ਇਹ ਸ਼ਬਦਾਂ ਨੂੰ ਜਿਤ ਦੇ ਲਈ ਭਵਿੱਖਬਾਣੀ ਮੰਨ ਕੇ ਬਾਉਲੀ ਨਿਰਮਾਣ ਦੇ ਕੰਮ

ਵਿੱਚ ਰੁਚੀ ਲੈਣੀ ਸ਼ੁਰੂਕਰ ਦਿੱਤੀ। ਟੋਡਰਮੱਲ ਨੇ ਅਨੁਭਵ ਕੀਤਾ ਕਿ ਜੇਕਰ ਚੱਟਾਨ ਨੂੰ ਵਿਸਫੋਟਕ ਪਦਾਰਥਾ ਨਾਲ (ਬਾਰੂਦੀ ਸੁਰੰਗ ਲਗਾ ਕੇ) ਉਡਾਇਆ ਜਾਏ ਤਾਂ ਇਹ ਕਾਰਜ ਬਹੁਤ ਸਰਲਤਾ ਨਾਲ ਹੋ ਸਕਦਾ ਹੈ ਉਸਨੇ ਤੁਰੰਤ ਬਾਰੂਦ ਅਤੇ ਕੁਸ਼ਲਕਾਰੀ-ਗਰਾਂ ਦੀ ਵਿਵਸਥਾ ਕੀਤੀ, ਜਿਸਤੋਂ ਨਿਰਮਾਣ ਕਾਰਜ ਵਿੱਚ ਕ੍ਰਾਂਤੀਕਾਰੀ ਉੱਨਤੀ ਹੋ ਗਈ। ਚੱਟਾਨ ਕਈ ਫੁੱਟ ਗਹਿਰੀ ਕੱਟ ਲਈ ਗਈ। ਅੰਤ ਵਿੱਚ ਹੇਠਾ ਕੁਝ ਪਾਣੀ ਦੀਆਂ ਬੂੰਦਾਂ ਦਿਖਾਈ ਦੇਣ ਲੱਗੀਆਂ ਜੋ ਕਿ ਚੱਟਾਨ ਦੀਆਂ ਦਰਾਰਾ ਤੋਂ ਰਿਸ ਕੇ ਆ ਰਹੀਆਂ ਸਨ। ਬੱਸ ਫਿਰ ਕੀ ਸੀ। ਸਿੱਖਾਂ ਦੇ ਮਨ ਵਿੱਚ ਇੱਕ ਖੁਸ਼ੀ ਦੀ ਲਹਿਰ ਦੌੜ ਗਈ ਸੀ, ਪਰੰਤੂ ਚੱਟਾਨ ਦਾ ਕੜ੍ਹ ਟੁੱਟਣ ਦ ਨਾਂ ਨਹੀਂ ਲੈ ਰਿਹਾ ਸੀ। ਅੰਤ ਗੁਰੂਦੇਵ ਨੇ ਆਪਣੇ ਇੱਕ ਪਰਮ ਸਨੇਹੀ ਸਿੱਖ ਮਾਣਕਚੰਦ ਨੂੰ ਘਣ (ਵੱਡਾ ਹਥੌੜਾ) ਦੇ ਕੇ ਭੇਜਿਆ ਕਿ ਹੁਣ ਬਾਕੀ ਕਾਰਾ ਤੇਰਾ ਹੀ ਕਹਿ ਗਿਆ ਹੈ ਅਤੇ ਉਹ ਚੱਟਾਨ ਦੀ ਦਰਾਰਾਂ ਤੇ ਘਣ ਨਾਲ ਵਾਰ ਕਰਨ ਲੱਗਾ। ਅੰਤ ਵਿੱਚ ਇੱਕ ਭਾਰੀ ਝਟਕੇ ਨਾਲ ਚੱਟਾਨ ਦਾ ਅੰਤਿਮ ਕੜ੍ਹ ਟੁੱਟਿਆ, ਜਿਸਤੋਂ ਹੇਠਾਂ ਦਾ ਪਾਣੀ ਬਹੁਤ ਭਾਰੀ ਦਬਾਅ ਨਾਂਲ ਬਾਉਲੀ ਵਿੱਚ ਭਰ ਗਿਆ। ਇੱਕ ਦਮ ਤੇਜ਼ ਗਤੀ ਦੇ ਵੇਗ ਨੂੰ ਮਾਣਕਚੰਦ ਜੀ ਸਹਿਣ ਨਹੀਂ ਕਰ ਸਕੇ, ਉਹ ਬਾਉਲੀ ਦੇ ਪਾਣੀ ਵਿੱਚ ਹੀ ਡੁੱਬ ਗਏ, ਤੁਰੰਤ ਉਹਨਾਂ ਨੂੰ ਬਚਾਉਣ ਦੇ ਯਤਨ ਕੀਤੇ ਗਏ, ਜਿਸ ਨਾਲ ਉਹਨਾਂ ਨੂੰ ਅਚੇਤ  ਅਵਸਥਾ ਵਿੱਚ ਬਾਹਰ ਕੱਢ ਲਿਆ ਗਿਆ। ਫਿਰ ਉਹਨਾਂ ਨੂੰ ਇੱਕ ਘੜ੍ਹੇ ਤੇ ਮੂਧਾ ਪਾ ਕੇ ਉਹਨਾਂ ਦੇ ਮੂੰਹ ਤੋਂ ਪਾਣੀ ਕੱਢਿਆ ਗਿਆ, ਜਿਸਤੋਂ ਉਹ ਦੁਬਾਰਾ ਸਵਸਥ ਹੋ ਗਏ। ਇਸ ਪ੍ਰਕਾਰ ਬਹੁਤ ਕਰੜੇ ਯਤਨਾ ਦੇ ਪਸ਼ਚਾਤ ਬਾਉਲੀ ਪਾਣੀ ਨਾਲ ਪੂਰੀ ਭਰ ਗਈ। ਰਾਜਾ ਟੋਡਰਮੱਲ ਨੇ ਬਾਉਲੀ ਦੇ "ਕੜ੍ਹ" ਟੁੱਟਣ ਦਾ ਸਮਾਂ, ਮਿਤੀ ਆਦਿ ਲਿਖ ਲਿਆ। ਜਦੋਂ ਉਹ ਵਾਪਿਸ ਪਹੁੰਚਿਆ ਤਾਂ ਉਸਨੇ ਦੇਖਿਆ ਕਿ ਚਿਤੌੜਗੜ੍ਹ ਦੇ ਕਿਲ੍ਹੇ ਤੇ ਫਤਿਹ ਪ੍ਰਾਪਤ ਕਰਨ ਦਾ ਸਮਾਂ ਵੀ ਉਹੀ ਸੀ।

## ਗੁਰੂ ਦਾ ਲੰਗਰ

ਸ੍ਰੀ ਗੁਰੂਨਾਨਕ ਦੇਵ ਜੀ ਜਦੋਂ ਕਿਸ਼ੋਰ ਅਵਸਥਾ ਵਿੱਚ ਸੀ ਤਾਂ ਉਹਨਾਂ ਦੇ ਪਿਤਾ ਕਲਿਆਣਦਾਸ (ਮਹਿਤਾ ਕਾਲੂਜੀ) ਨੇ ਵੀਹ ਰੁਪਏ ਵਾਪਾਰ (ਸੱਚਾ ਸੌਦਾ) ਕਰਨ ਦੇ ਲਈ ਦਿੱਤੇ ਸਨ ਜੋ ਉਹਨਾਂ ਨੇ ਰਸਤੇ ਵਿੱਚ ਸਾਧੂਮੰਡਲੀ ਨੂੰ ਭੋਜਨ (ਲੰਗਰ) ਕਰਵਾ ਦਿੱਤਾ ਸੀ। ਵਾਸਤਵ ਵਿਚ ਉਹਨਾਂ ਨੇ ਲੰਗਰ ਪ੍ਰਥਾ ਦੀ ਅਧਾਰਸ਼ਿਲਾ ਰੱਖੀ ਸੀ। ਇਸ ਪ੍ਰਥਾ ਨੂੰ ਉਹਨਾਂ ਨੇ ਆਪਣੇ ਜੀਵਨ ਕਾਲ ਵਿੱਚ ਅੰਤਿਮ ਦਿਨਾਂ ਵਿੱਚ ਕਰਤਾਰਪੁਰ ਵਿੱਚ ਜੋਰ-ਸ਼ੋਰ ਨਾਲ ਵਿਵਹਾਰਿਕ ਰੂਪ ਦੇ ਕੇ ਪ੍ਰਚਾਰ-ਪ੍ਰਸਾਰ ਕੀਤਾ ਸੀ। ਇਸ ਪ੍ਰਥਾ ਵਿੱਚ ਵਿਸ਼ੇਸ਼ਤਾ ਇਹ ਸੀ ਕਿ ਇਸ ਵਿੱਚ ਕੋਈ ਵੀ ਮਨੁੱਖ ਬਿਨਾਂ ਕਿਸੀ ਭੇਦਭਾਵ ਦੇ ਭੋਜਨ ਛੱਕ ਸਕਦਾ ਸੀ। ਗੁਰੂਦੇਵ ਨੇ ਵਰਗੀਕਰਨ ਸਮਾਪਤ ਕਰਕੇ ਸਾਰੀ ਮਨੁੱਖ ਜਾਤੀ ਨੂੰ ਸਮਾਨਤਾ ਪ੍ਰਦਾਨ ਕਰ ਦਿੱਤੀ ਸੀ।

ਵਰਣ ਆਸ਼ਰਮ ਦੇ ਚੱਕਰਵਿਉ ਨੂੰ ਸਦਾ ਦੇ ਲਈ ਤਿਆਗਣ ਦਾ ਆਦੇਸ਼ ਜਾਰੀ ਕਰ ਦਿੱਤਾ ਸੀ। ਅਰਥਾਤ ਮਨੁੰਖੀ ਏਕਤਾ ਦੇ ਲਈ ਲੰਗਰ ਸਫਲ ਯਤਨ ਸਿੱਧ ਹੋ ਰਿਹਾ ਸੀ। ਇਸ ਪ੍ਰਥਾ ਨੂੰ ਉਹਨਾਂ ਦੇ ਉੱਤਰਾਧਿਕਾਰੀ ਗੁਰੂਅੰਗਦਦੇਵ ਜੀ ਨੇ ਅੱਗੇ ਵਧਾਇਆ ਅਤੇ ਲੰਗਰ ਦਾ ਸਤਰ ਬਹੁਤ ਉੱਚਾ ਉਠਾਇਆ। ਉਹਨਾਂ ਦੇ ਲੰਗਰ ਵਿਚ ਹਰ ਸਮੇਂ ਸਵਾਦਿਸ਼ਟ ਪ੍ਰਕਵਾਨ  ਖੀਰ ਆਦਿ ਵੀ ਹਰ ਰੋਜ਼ ਵੰਡੀ ਜਾਂਦੀ ਸੀ। ਇਸ ਪ੍ਰਕਾਰ ਇਹ ਪ੍ਰਥਾ ਗੁਰੂਅਮਰਦਾਸ ਜੀ ਦੇ ਜੀਵਨ ਕਾਲ ਵਿੱਚ ਅੱਗੇ ਵਧਦੀ ਚਲੀ ਗਈ। ਪ੍ਰੰਤੂਕੁਝ ਜਾਤ ਅਭਿਮਾਨੀ ਲੋਕ ਲੰਗਰ ਪ੍ਰਥਾ ਦੀ ਨਿੰਦਾ ਕਰਦੇ ਸੀ। ਉਹਨਾਂ ਦਾ ਮੰਨਣਾ ਸੀ ਕਿ ਸ਼ੂਦਰਾਂ ਨੂੰ ਅਲੱਗ ਕਤਾਰ ਵਿੱਚ ਬਿਠਾ ਕੇ ਭੋਜਨ  ਕਰਵਾਇਆ ਜਾਣਾ ਚਾਹੀਦਾ ਹੈ। ਅਰਥਾਤ ਉਹ ਗੁਰੂਘਰ ਵਿਚ ਲੰਗਰ ਗਰੈਣ ਨਹੀਂ ਕਰ ਦੇ ਸੀ ਪਰੰਤੂਗੁਰੂਦਰਸ਼ਨਾਂ ਦੇ ਲਈ ਗੁਰੂਦਰਬਾਰ ਵਿੱਚ ਹਾਜ਼ਿਰ ਹੋ ਜਾਂਦੇ ਸੀ। ਜਦੋਂ ਇਸ ਬਾਰੇ ਵਿੱਚ ਗੁਰੂਅਮਰਦਾਸ ਜੀ ਨੂੰ ਪਤਾ ਲੱਗਾ ਤਾਂ ਉਹਨਾਂ ਨੇ ਇੱਕ ਵਿਸ਼ੇਸ਼ ਆਦੇਸ਼ ਜਾਰੀ ਕਰ ਦਿੱਤਾ ਕਿ ਕੋਈ ਵੀ ਨਵਾਂ ਦਰਸ਼ਨ ਅਭਿਲਾਖੀ ਲੰਗਰ ਵਿੱਚ ਭੋਜਨ ਛਕੇ ਬਿਨਾਂ ਮੇਰੇ ਦਰਸ਼ਨਾਂ ਨੂੰ ਨਹੀਂ ਆ ਸਕਦਾ। ਹਰ ਇੱਕ ਦਰਸ਼ਨਾਰਥੀ ਅਤੇ ਜਗਿਆਸੂਨੂੰ ਸਭ ਤੋਂ ਪਹਿਲਾਂ ਲੰਗਰ ਵਿੱਚ ਭੋਜਨ ਛਕਣਾਂ ਜ਼ਰੂਰੀ ਘੋਸ਼ਿਤ ਕਰ ਦਿੱਤਾ ਗਿਆ।

ਲੰਗਰ ਤਿਆਰ ਕਰਨ ਅਤੇ ਵਰਤਾਉਣ ਦੀ ਪ੍ਰਕ੍ਰਿਆ ਵਿੱਚ ਬਹੁਤ ਸਾਰੇ ਭਗਤਜਨਾਂ ਨੂੰ ਸੇਵਾ ਦਾ ਸ਼ੁਭ ਅਵਸਰ ਉਪਲਬਧ ਹੋਣ ਲੱਗਾ। ਇਸ ਕਾਰਜ ਵਿੱਚ ਕਈ ਪ੍ਰਕਾਰ ਦੀ ਸੇਵਾ ਮਿਲਣ ਦੀ ਸੰਭਾਵਨ ਰਹਿੰਦੀ ਸੀ। ਖੂਹ ਤੋਂ ਪਾਣੀ ਲਿਆਉਣਾ, ਜੰਗਲ ਵਿੱਚੋਂ ਬਾਲਣ ਦੇ ਰੂਪ ਵਿੱਚ ਲੱਕੜੀ ਲਿਆਉਣਾਂ, ਬਰਤਨ ਸਾਫ ਕਰਨਾ, ਚਾਰੇ ਤਰਫ ਦੇ ਖੇਤਰ ਦੀ ਸਫਾਈ ਕਰਨਾਂ ਆਦਿ ਕਠਿਨ ਕਾਰਜ ਵੀ ਕੋਈ ਭਗਤਜਨਾਂ ਨੂੰ ਬਹੁਤ ਚੰਗਾ ਲੱਗਦਾ ਸੀ। ਗੁਰੂਦੇਵ ਦਾ ਲੰਗਰ ਪ੍ਰਭਾਤ ਸਮੇਂ ਤੋ ਆਰੰਭ ਹੋ ਜਾਂਦਾ ਅਤੇ ਅੱਧੀ-ਰਾਤ ਤੱਕ ਜਾਰੀ ਰਹਿੰਦਾ। ਜਦੋਂ ਭੋਜਨ ਕਰਨ ਦਾ ਕੋਈ ਇਛੁੱਕ ਬਾਕੀ ਨਾ ਰਹਿੰਦਾ ਤਾਂ ਸਾਰੇ ਬਰਤਨ ਖਾਲੀ ਤੇ ਸਾਫ ਕਰਕੇ ਮੂਧੇ ਕਰ ਦਿੱਤੇ ਜਾਂਦੇ ਤੇ ਫਿਰ ਤੋਂ ਸਵੇਰੇ ਦੁਬਾਰਾ ਤਾਜ਼ਾ ਭੋਜਨ ਤਿਆਰ ਕੀਤਾ ਜਾਂਦਾ। ਲੰਗਰ ਤਿਆਰ ਕਰਨ ਵਿੱਚ ਮਹਿਲਾਵਾ ਦਾ ਸਭ ਤੋਂ ਵੱਡਾ ਯੋਗਦਾਨ ਇਹ ਹੁੰਦਾ ਸੀ ਕਿ ਉਹ ਹਰ ਇੱਕ ਕਾਰਜ ਕਰਦੇ ਸਮੇਂ ਨਾਲ ਬਾਣੀ ਦਾ ਅਭਿਆਸ ਕਰਦੀ ਰਹਿੰਦੀਆਂ। ਜਿਸਤੋਂ ਹਰ ਇੱਕ ਭੋਜਨ ਪਦਾਰਥ ਵਿੱਚ ਪ੍ਰਭੂਦਾ ਨਾਮ ਰਸ ਵੀ ਸ਼ਾਮਿਲ ਹੁੰਦਾ ਰਹਿੰਦਾ। ਅਰਥਾਤ ਲੰਗਰ ਸਧਾਰਣ ਭੋਜਨ ਨਾ ਰਹਿ ਕੇ ਅਤਿ ਸਵਾਦਿਸ਼ਟ ਪ੍ਰਸ਼ਾਦ ਰੂਪ ਬਣ ਜਾਂਦਾ। ਜੋ ਵੀ ਜਗਿਆਸੂਲੰਗਰ ਛਕਦਾ ਉਸ ਦਾ ਅੰਤਹਕਰਣ ਪ੍ਰਭ-ਚਰਨਾਂ ਵਿਚ ਲੀਨ ਰਹਿਣ ਲੱਗਦਾ। ਇਸਦੇ ਇਲਾਵਾ ਜੋ ਵੀ ਵਿਅਕਤੀ ਆਪਣੀ ਜੀਵਿਕਾ ਦੇ ਸਾਧਨਾ ਵਿਚੋਂ ਆਪਣੀ ਆਮਦਨ ਦਾ ਦਸਵੰਧ ਸਫਲ ਕਰਨਾ ਚਾਹੁੰਦਾ ਤਾਂ ਉਸਨੂੰ ਇੱਥੇ ਸਹਿਜ ਵਿੱਚ ਉਹ

ਸਥਾਨ ਉਪਲੱਬ ਹੁੰਦਾ ਸੀ। ਇੱਥੇ ਉਸ ਧਨ ਦਾ ਉਚਿਤ ਪ੍ਰਯੋਗ ਹੋਏਗਾ ਅਤੇ ਉਸਦੇ ਮਨ ਨੂੰ ਸ਼ਾਂਤੀ ਮਿਲੇਗੀ। ਅਰਥਾਤ–ਧਰਮਾਰਥ ਦੇ ਵਿਚਾਰ ਕਾਰਣ ਤੋਂ ਦੂਰ–ਦੂਰ ਤੋ ਲੋਕ ਧਨ ਅਤੇ ਅਨਾਜ ਗੁਰੂਦੇ ਲੰਗਰ ਦੇ ਲਈ ਭੇਂਟ ਵਿੱਚ ਲਿਆਉਂਦੇ।

ਗੁਰੂਦੇਵ ਦੇ ਲੰਗਰ ਵਿੱਚ ਹਮੇਸ਼ਾ ਭੀੜ ਬਣੀ ਰਹਿੰਦੀ ਜੋ ਵੀ ਭੋਜਨ ਛਕਦਾ ਉਹ ਗੁਰ ਨਾਨਕਦੇਵ ਜੀ ਦੀ ਉਸਤਤੀ ਕਰਦਾ ਹੋਇਆ ਜਾਂਦਾ। ਪਰੰਤੂਕੁਝ ਈਰਖਾਲੂਵਿਅਕਤੀ ਜੋ ਦੁਵੈਸ਼ ਦੇ ਕਾਰਣ ਲੰਗਰ ਪ੍ਰਥਾ ਦਾ ਵਿਰੋਧ ਕਰਦੇ ਸੀ। ਉਹ ਗੁਰੂਦੇਵ ਦੀ ਕੀਰਤੀ ਸੁਣਕੇ ਦੁਖੀ ਹੁੰਦੇ ਰਹਿੰਦੇ। ਉਹਨਾਂ ਦਾ ਮੰਨਣ ਇਹ ਸੀ ਕਿ ਇਹ ਲੰਗਰ ਪ੍ਰਥਾ ਮਾਨਵ ਕਲਿਆਨ ਨਹੀਂ, ਮਾਨਵ ਵਿਨਾਸ਼ ਹੈ ਕਿਉਂਕਿ ਇੱਥੇ ਉੱਚੇ–ਨੀਵੇ ਵਿਅਕਤੀਆਂ ਦਾ ਭੇਦਭਾਵ ਹੀ ਨਹੀਂ ਕੀਤਾ ਜਾਂਦਾ। ਜਦੋਂਕਿ ਬ੍ਰਾਹਮਣ ਵਰਗ ਸਰਵਣ–ਜਾਤਿ (ਉੱਤਮ) ਹੈ, ਉਨ੍ਹਾਂ ਨੂੰ ਸਭ ਤੋਂ ਪਹਿਲਾਂ ਭੋਜਨ ਕਰਾਉਣਾਂ ਚਾਹੀਦਾ ਹੈ ਅਤੇ ਉਹਨਾਂ ਦੇ ਲਈ ਵਿਸ਼ੇਸ਼ ਸਥਾਨ ਸੁਰੱਖਿਅਤ ਰੱਖਿਆ ਜਾਣਾ ਚਾਹੀਦਾ ਸੀ। ਇਸ ਪ੍ਰਕਾਰ ਤਾਂ ਧਰਮ ਹੀ ਭ੍ਰਿਸ਼ਟ ਕਰ ਦਿੱਤਾ ਗਿਆ ਹੈ।

## ਪੰਡਿਤ ਹਰੀਦਾਸ ਤਪੱਸਵੀ

ਸ੍ਰੀ ਗੁਰੂਅਮਰਦਾਸ ਜੀ ਦੇ ਲੰਗਰ ਦੀ ਪ੍ਰਸਿੱਧੀ ਚਾਰੋਂ ਤਰਫ ਫੈਲ ਰਹੀ ਸੀ ਪਰੰਤੂਕੁਝ ਕੱਟੜ ਪੰਥੀ ਲੋਕ ਜੋ ਵਰਣ ਆਸ਼ਰਮ ਵਿੱਚ ਵਿਸ਼ਵਾਸ ਰੱਖਦੇ ਸੀ, ਉਹ ਇਸ ਨਵੀਂ ਪ੍ਰਥਾ ਦੇ ਉਲਟ ਦੂਸ਼ਣਬਾਜ਼ੀ ਕਰਦੇ ਰਹਿੰਦੇ ਸੀ ਅਤੇ ਗੁੱਟ ਬਣਾ ਕੇ ਬਿੰਨ੍ਹਾਂ ਕਿਸੀ ਆਧਾਰ ਦੇ ਕਾਲਪਨਿਕ ਧਰਮ ਭ੍ਰਸ਼ਟ ਹੋਣ ਦਾ ਭੈਅ ਉਤਪੰਨ ਕਰਦੇ ਰਹਿੰਦੇ ਸੀ। ਇਹਨਾਂ ਲੋਕਾਂ ਵਿੱਚ ਪ੍ਰਮੁੱਖ ਸਨ ਪੰਡਿਤ ਹਰੀਦਾਸ ਜੀ, ਲੋਕ ਜਿਨ੍ਹਾਂ ਨੂੰ ਤਪੱਸਵੀ ਜੀ ਕਹਿ ਕੇ ਸੰਬੋਧਿਤ ਕਰਦੇ ਸਨ। ਪੰਡਿਤ ਹਰੀਦਾਸ ਜੀ ਕੁਝ ਦਿਨਾਂ ਵਿੱਚ ਗੋਇੰਦਵਾਲ ਨਗਰ ਵਿੱਚ ਨਿਵਾਸ ਕਰਨ ਲੱਗੇ ਸਨ। ਇਹ ਪਰੋਹਿਤ ਦਾ ਕੰਮ ਕਰਦੇ ਸੀ ਇਸਲਈ ਇਨ੍ਹਾਂ ਦੀ ਜੀਵਿਕਾ ਦੇ ਸਾਧਨ ਵਿੱਚ ਜੋਂ, ਇੰਨ੍ਹਾਂ ਲਈ ਵਰਣ ਆਸ਼ਰਮ ਹਿੱਤਕਰ ਸੀ । ਜਾਤੀ ਬੰਧਨ ਟੁੱਟਣ ਤੇ ਇੰਨਾਂ ਨੂੰ ਆਪਣਾ ਪੇਟ ਪਾਲਣ ਤੇ ਲੱਤ ਪੈਂਦੀ ਦਿਖਾਈ ਦਿੰਦੀ ਸੀ। ਅਰਥਾਤ ਇਹ ਲੋਕ ਨਹੀਂ ਚਾਹੁੰਦੇ ਸੀ ਕਿ ਲੰਗਰ ਦੀ ਉਸਤੱਤਿ ਵਿੱਚ ਪ੍ਰਚਾਰ ਹੋਵੇ। ਵਾਸਤਵ ਵਿੱਚ ਇਨ੍ਹਾਂ ਦਾ ਧਰਮ –ਕਰਮ ਵਿੱਚ ਕੋਈ ਲੈਣਾ ਦੇਣਾ ਨਹੀਂ ਸੀ। ਇਹ ਤਾਂ ਚਾਹੁੰਦੇ ਸੀ ਕਿ ਸਮਾਜ ਵਿੱਚ ਵੰਡੀਆਂ ਦੇ ਬਲ ਤੇ ਉਨ੍ਹਾਂ ਦੀ ਰੋਜ਼ੀ ਰੋਟੀ ਚੱਲਦੀ ਰਹੇ। ਜੇਕਰ ਬਰਬਰ ਹੋ ਗਏ ਤੇ ਕੋਈ ਉਚ–ਨੀਚ ਨਾਂ ਰਹੀ ਤਾਂ ਉਹਨਾਂ ਦਾ ਕੀ ਹੋਏਗਾ? ਫਿਰ ਕੌਣ ਉਹਨਾਂ ਨੂੰ ਸਨਮਾਨ ਦੇਵੇਗਾ। ਬੱਸ ਇਸੀ ਚਿੰਤਾ ਵਿੱਚ ਇਹ ਪੰਡਿਤ ਹਰੀਦਾਸ ਜੀ ਮਨੋਕਾਲਪਿਤ ਭਰਮ ਪੈਦਾ ਕਰਕੇ ਦੂਸ਼ਿਤ ਪ੍ਰਚਾਰ ਕਰਨ ਵਿਚ ਲੱਗੇ ਰਹਿੰਦੇ ਸਨ।

ਹੌਲੀ ਹੌਲੀ ਪੰਡਿਤ ਹਰੀਦਾਸ ਦੀਆਂ ਗੱਲਾਂ ਗੁਰੂਦੇਵ ਦੇ ਕੰਨ੍ਹਾਂ ਤੱਕ ਪਹੁੰਚੀਆਂ । ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਕੁਝ ਉੱਥੋਂ ਦੇ ਲੋਕਾਂ ਨੂੰ ਜਿੰਨ੍ਹਾਂ ਵਿੱਚ ਸਵਰਗੀ ਚੌਧਰੀ ਗੋਇੰਦੇ ਦੇ ਪੁੱਤਰ ਵੀ ਸ਼ਾਮਿਲ ਹਨ, ਲੰਗਰ ਦੇ ਵਿਰੁੱਧ ਭੜਕਾਇਆ ਜਾ ਰਿਹਾ ਹੈ ਤਾਂ ਗੁਰੂਦੇਵ ਨੇ ਜੁਗਤੀ ਤੋਂ ਕੰਮ ਲਿਆ। ਉਹਨਾਂ ਨੇ ਪੰਡਿਤ ਜੀ ਦੀ ਗੁਟਬੰਦੀ ਤੋੜਨ ਦੇ ਲਈ ਇੱਕ ਵਿਸ਼ੇਸ਼ ਆਦੇਸ਼ ਜਾਰੀ ਕੀਤਾ। ਜਿਸ ਤੋਂ ਘੋਸ਼ਣਾ ਕੀਤੀ ਗਈ ਕਿ ਜੋ ਵਿਅਕਤੀ ਲੰਗਰ ਵਿੱਚ ਭੋਜਨ ਕਰੇਗਾ ਉਸਨੂੰ ਦੱਸ਼ਣਾ ਵਿੱਚ ਇੱਕ ਰੁਪਇਆ (ਚਾਂਦੀ ਦਾ ਸਿੱਕਾ) ਵੀ ਦਿੱਤਾ ਜਾਏਗਾ। ਬੱਸ ਫਿਰ ਕੀ ਸੀ ਲੰਗਰ ਦੇ ਬਾਹਰ ਭਾਰੀ ਭੀੜ ਰਹਿਣ ਲੱਗੀ। ਨਗਰ ਦਾ ਕੋਈ ਅਜਿਹਾ ਵਿਅਕਤੀ ਨਾ ਰਿਹਾ ਜਿਸਨੇ ਲੰਗਰ ਤੋਂ ਭੋਜਨ ਨਾ ਛਕਿਆ ਹੋਵੇ। ਇਸ ਪ੍ਰਕਾਰ ਪੰਡਿਤ ਹਰੀਦਾਸ ਜੀ ਇਕਲੇ ਹੀ ਰਹਿ ਗਏ ਅਤੇ ਉਹਨਾਂ ਦੀ ਗੁਟਬੰਦੀ ਖਿੰਡ ਗਈ ਪਰੰਤੂ ਅਜੇ ਵੀ ਕੁਝ ਇੱਕ ਅਜਿਹੇ ਵਿਅਕਤੀ ਸਨ ਜੋ ਕੇਵਲ ਇੱਕ ਰੁਪਏ ਵਿੱਚ ਆਪਣੀ ਹੱਠ ਧਰਮੀ ਤਿਆਗਣਾ ਨਹੀਂ ਚਾਹੁੰਦੇ ਸਨ। ਗੁਰੂਦੇਵ ਨੇ ਅਗਲੇ ਦਿਨ ਦੱਖਣਾ ਦੀ ਰਾਸ਼ੀ ਦੁੱਗਣੀ ਕਰ ਦਿੱਤੀ। ਰਾਸ਼ੀ ਦੇ ਦੁੱਗਣੇ ਹੋਣ ਤੇ ਬਾਕੀ ਦੇ ਲੋਕ ਵੀ ਲੰਗਰ ਵਿੱਚੋਂ ਭੋਜਨ ਛਕਣ ਲੱਗੇ। ਪਰੰਤੂ ਅਜੇ ਤਪੱਸਵੀ ਹਰੀਦਾਸ ਲੋਕ-ਲਾਜ ਦੇ ਕਾਰਣ ਅੜਿਆ ਹੋਇਆ ਸੀ। ਗੁਰੂਦੇਵ ਨੇ ਧਨਰਾਸ਼ੀ ਫਿਰ ਵਧਾ ਕੇ ਪੰਜ ਰੁਪਏ ਦਾ ਇੱਕ ਸਿੱਕਾ (ਮੋਹਰ) ਕਰ ਦਿੱਤੀ ਇਸ ਤੇ ਚਾਰੋਂ ਤਰਫ ਤੋਂ ਜਨ ਸਮੂਹ ਇੱਕਠਾ ਹੋ ਗਿਆ। ਹੁਣ ਹਰੀਰਾਮ ਵੀ ਵਿਚਾਰਣ ਲੱਗਾ ਕਿ ਮੋਹਰ ਕਿਸ ਤਰ੍ਹਾਂ ਪ੍ਰਾਪਤ ਕੀਤੀ ਜਾਵੇ। ਜੇਕਰ ਮੈਂ ਖ਼ੁਦ ਗੁਰ ਦੇ ਲੰਗਰ ਵਿੱਚ ਜਾਂਦਾ ਹਾਂ ਤਾ ਲੋਕ ਮੇਰਾ ਵਿਰੋਧ ਕਰਨਗੇ ਤੇ ਮੈਂ ਕਿਸੇ ਪਾਸੇ ਦਾ ਨਹੀਂ ਰਹਾਂਗਾ। ਇਸ ਲਈ ਮੈਨੂੰ ਜੁਗਤੀ ਤੋਂ ਕੰਮ ਲੈਣਾ ਚਾਹੀਦਾ ਹੈ। ਇਸ ਤੇ ਉਸਨੇ ਆਪਣੇ ਲੜਕੇ ਨੂੰ ਲੰਗਰ ਵਿੱਚ ਭੇਜਣ ਦਾ ਨਿਸ਼ਚੈ ਕੀਤਾ ਪਰੰਤੂ ਜਦੋਂ ਉਹ ਲੰਗਰ ਦੇ ਕੋਲ ਪਹੁੰਚਿਆ ਤਾਂ ਲੰਗਰ ਦਾ ਦੁਆਰ ਬੰਦ ਹੋ ਚੁੱਕਿਆ ਸੀ ਅਤੇ ਬਾਹਰ ਉਡੀਕ ਵਿੱਚ ਬਹੁਤ ਭੀੜ ਖੜ੍ਹੀ ਸੀ। ਹਰੀਰਾਮ ਨੇ ਚੁੱਪ ਚਾਪ ਲੰਗਰ ਦੀ ਪਿੱਛੇ ਵਾਲੀ ਦੀਵਾਰ ਤੋਂ ਲੜਕੇ ਨੂੰ ਆਪਣੇ ਮੋਢੇ ਤੇ ਚੜ੍ਹਾ ਕੇ ਅੰਦਰ ਜਾਣ ਲਈ ਕਿਹਾ-ਲੜਕਾ ਸਿਰਫ ਸੱਤ ਸਾਲ ਦੀ ਉਮਰ ਦਾ ਸੀ। ਇਸਲਈ ਉਹ ਛਲਾਂਗ ਮਾਰਨ ਲਈ ਭੈਭੀਤ ਹੋਣ ਲੱਗਾ। ਪਰੰਤੂ ਜਲਦੀ ਵਿੱਚ ਹਰੀਰਾਮ ਨੇ ਉਸਨੂੰ ਪਿੱਛੇ ਤੋਂ ਧੱਕਾ ਮਾਰ ਦਿੱਤਾ, ਉਹ ਹੇਠਾਂ ਗਿਰ ਗਿਆ ਅਤੇ ਉਸਦੀ ਲੱਤ ਤੇ ਡੂੰਘੀ ਸੱਟ ਲਗੀ। ਦਰਦ ਦੇ ਕਾਰਨ ਉਹ ਰੋਣ ਲੱਗਾ। ਸੇਵਾਦਾਰਾਂ ਨੇ ਉਸਨੂੰ ਵਿਸਥਾਰ ਨਾਲ ਪੁੱਛਿਆ। ਉੱਤਰ ਵਿੱਚ ਲੜਕੇ ਨੇ ਦੱਸਿਆ ਕਿ ਮੇਰੇ ਪਿਤਾ ਪੰਡਿਤ ਹਰੀਰਾਮ ਹਨ ਅਤੇ ਉਨ੍ਹਾਂ ਨੇ ਹੀ ਮੈਨੂੰ ਮੋਢੇ ਤੇ ਚੜ੍ਹਾਕੇ ਲੰਗਰ ਵਿੱਚ ਛਲਾਂਗ ਲਗਾਉਣ ਲਈ ਮਜਬੂਰ ਕੀਤਾ ਸੀ ਕਿਉਂਕਿ ਦੀਵਾਰ ਉੱਚੀ ਹੋਣ ਦੇ ਕਾਰਨ ਮੈਂ ਛਲਾਂਗ ਨਹੀਂ ਲਗਾ ਰਿਹਾ ਸੀ ਅਰਥਾਤ ਉਹਨਾਂ ਨੇ ਮੈਨੂੰ ਧੱਕਾ ਦੇ ਦਿੱਤਾ, ਜਿਸਤੇ ਮੈਨੂੰ ਡਿੱਗਣ ਨਾਲ ਸੱਟ ਲੱਗ ਗਈ। ਉਹ ਚਾਹੁੰਦੇ ਸੀ ਕਿ ਮੈਂ ਵੀ ਭੋਜਨ ਕਰਨ ਉਪਰੰਤ ਮੋਹਰ ਪਾਪ੍ਰਤ ਕਰਾਂ। ਇਹ ਘਟਨਾ

ਸੰਗਤ ਦੇ ਲਈ ਹਾਸੋਹੀਣੀ ਸੀ ਕਿਉਂਕਿ ਪੰਡਿਤ ਹਰੀਰਾਮ ਤਪੱਸਵੀ ਜਗ੍ਹਾਂ-ਜਗ੍ਹਾਂ ਤੇ ਗੁਰੂਦੇਵ ਦੇ ਲੰਗਰ ਦੀ ਆਲੋਚਨਾ ਕਰਿਆ ਕਰਦਾ ਸੀ। ਲੜਕੇ ਨੂੰ ਸੇਵਾਦਾਰਾਂ ਨੇ ਭੋਜਨ ਵੀ ਕਰਵਾਇਆ ਅਤੇ ਇੱਕ ਮੋਹਰ ਵੀ ਦਿੱਤੀ ਪਰੰਤੂ ਜਨ ਸਧਾਰਨ ਵਿੱਚ ਪੰਡਿਤ ਜੀ ਦੇ ਵਿਸ਼ੇ ਵਿੱਚ ਚਰਚਾ ਹੋਣ ਲੱਗੀ ਕਿ ਵਾਸਤਵ ਵਿੱਚ ਪੰਡਿਤ ਢੋਂਗੀ ਹੈ, ਉਹ ਰੁਪਇਆ ਪ੍ਰਾਪਤ ਕਰਨ ਦੇ ਚੱਕਰ ਵਿੱਚ ਕੁਝ ਵੀ ਕਰ ਸਕਦਾ ਹੈ। ਜਦੋਂ ਇਸ ਘਟਨਾ ਦਾ ਵਿਵਰਣ ਗੁਰੂਦੇਵ ਨੂੰ ਦਿੱਤਾ ਗਿਆ ਤਾਂ ਉਹਨਾਂ ਨੇ ਆਪਣੀ ਬਾਣੀ ਵਿੱਚ ਪੰਡਿਤ ਹਰੀਰਾਮ ਦੀ ਮਨੋਬਿਰਤੀ ਦਾ ਇੱਕ ਦ੍ਰਿਸ਼ ਚਿੱਤਰਣ ਕੀਤਾ ਕਿ ਪੰਡਿਤ ਲੋਭੀ ਅਰਥਾਤ ਪਾਖੰਡੀ ਪ੍ਰਵਿਰਤੀ ਦਾ ਸੁਆਮੀ ਹੈ।

ਤਪਾ ਨ ਹੋਵੈ ਅੰਦਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ।

ਅਗੋ ਦੇ ਸੱਦਿਆ ਸਤੈ ਦੀ ਭਿੱਖਿਆ ਲਏ ਨਾਹੀ ਪਿਛੋਂ ਦੇ ਪਛੁਤਾਇ ਕੈ ਆਣਿ

ਤਪੈ ਪੁਤੁ ਵਿਚਿ ਬਹਾਲਿਆ॥

ਪੰਚ ਲੋਕ ਸਭਿ ਹਸਣ ਲਗੇ ਤਪਾ ਲੋਭਿ ਲਹਰਿ ਹੈ ਗਾਲਿਆ।

ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ॥

ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ ਬਹਿ ਸਾਧ ਜਨਾ ਵੀਚਾਰਿਆ।

ਸਤ ਪੁਰਖ ਕੀ ਤਪਾ ਨਿੰਦਾ ਕਰੈ ਸੰਸਾਰੈ ਕੀ ਉਸਤਤੀ ਵਿਚਿ ਹੋਵੈ ਏਤੁ ਦੋਖੈ ਤਪਾ

ਦਯਿ ਮਾਰਿਆ॥

ਮਹਾਂ ਪੁਰਖਾਂ ਕੀ ਨਿੰਦਾ ਕਾ ਵੇਖੁ ਜਿ ਤਪੇ ਨੋ ਫਲੁ ਲਗਾ ਸਭੁ ਗਇਆ ਤਪੇ ਕਾ ਘਾਲਿਆ।

ਬਾਹਰਿ ਬਹੈ ਪੰਚਾ ਵਿਚਿ ਤਪਾ ਸਦਾਏ॥

ਅੰਦਰਿ ਬਹੈ ਤਪਾ ਪਾਪ ਕਮਾਏ।

ਹਰਿ ਅੰਦਰਲਾ ਪਾਪੁ ਪੰਚਾ ਨੋ ਉਘਾ ਕਰਿ ਵੇਖਾਲਿਆ॥

ਧਰਮ ਰਾਇ ਜਮਕੰਕਰਾ ਨੋ ਆਖਿ ਛਡਿਆ ਏਸੁ ਤਪੇ ਨੋ ਤਿਥੈ ਖੜਿ ਪਾਈਹੁ ਜਿਥੈ ਮਹਾ-ਮਹਾਂ ਹਤਿਆਰਿਆ।

ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ ਏਹੁ ਸਤਿਗੁਰਿ ਹੈ ਫਿਟਕਾਰਿਆ॥

ਹਰਿ ਕੈ ਦਰਿ ਵਰਤਿਆ ਸੁ ਨਾਨਕਿ ਆਖਿ ਸੁਣਾਈਆਂ।

ਸੋ ਬੁਝੈ ਜੁ ਦਯਿ ਸਵਾਰਿਆ॥ (ਅੰਗ - 315-16)

# ਭਾਈ ਸਾਵਣ ਮੱਲ ਜੀ

ਸ੍ਰੀ ਗੁਰੂ ਅਮਰਦਾਸ ਜੀ ਨੇ ਜਿਉਂ ਹੀ ਗੋਇੰਦਵਾਲ ਦੀ ਅਧਾਰਸ਼ਿਲਾ ਰੱਖੀ। ਜਨਸਧਾਰਣ ਵਿੱਚ ਪੂਰਨ ਰੂਪ ਵਿਚ ਵਿਸ਼ਵਾਸ ਉਤਪੰਨ ਹੋ ਗਿਆ ਕਿ ਹੁਣ ਭਾਈ ਗੋਇੰਦੇ ਦੀ ਨਗਰੀ ਵੱਸਣ ਵਿੱਚ ਕਿਸੀ ਪ੍ਰਕਾਰ ਦੀ ਅੜਚਣ ਵਿਘਨ ਨਹੀਂ ਹੋ ਸਕਦਾ ਕਿਉਂਕਿ ਜਗਤਗੁਰੂਬਾਬਾ ਨਾਨਕ ਜੀ ਨੇ ਉੱਤਰਾਧਿਕਾਰੀ ਸ੍ਰੀ ਗੁਰੂਅੰਗਦਦੇਵ ਜੀ ਦੇ ਆਦੇਸ਼ ਤੇ ਇਹ ਨਗਰ ਵਸਾਇਆ ਜਾ ਰਿਹਾ ਹੈ। ਅਰਥਾਤ ਲੋਕਾਂ ਦੇ ਮਨ ਵਿੱਚ ਆਕਰਸ਼ਣ ਉਤਪੰਨ ਹੋਇਆ ਅਤੇ ਉਹ ਹੌਲੀ-ਹੌਲੀ ਏਥੇ ਆ ਕੇ ਵੱਸਣ ਲੱਗੇ। ਵੈਸੇ ਵੀ ਏਥੇ ਵੱਸਣਾ ਹਿੱਤਕਾਰੀ ਸੀ ਕਿਉਂਕਿ ਸ਼ਾਹੀ ਸੜਕ ਤੇ ਸਥਿਤ ਹੋਣ ਦੇ ਕਾਰਣ ਹਰ ਪ੍ਰਕਾਰ ਦੀ ਵਪਾਰਿਕ ਅਤੇ ਆਵਾਗਵਨ ਦੀਆਂ ਸੁਵਿਧਾਵਾਂ ਉਪਲਬਧ ਹੁੰਦੀਆਂ ਸਨ। ਜਿਉਂ ਤਿਉਂ ਨਗਰ ਦੀ ਜਨਸੰਖਿਆਂ ਵੱਧਦੀ ਗਈ ਇਮਾਰਤੀ ਲੱਕੜੀ ਦੀ ਕਮੀ ਮਹਿਸੂਸ ਹੋਣ ਲੱਗੀ। ਜਦੋਂ ਅਮਰਦਾਸ ਜੀ ਨੂੰ ਗੁਰਗੱਦੀ ਪ੍ਰਾਪਤ ਹੋਈ ਤਾ ਉਹਨਾਂ ਦੇ ਸਥਾਈ ਰੂਪ ਵਿਚ ਉੱਥੇ ਰਹਿਣ ਦੇ ਕਾਰਣ ਜਨਸੰਖਿਆਂ ਤੇਜ਼ੀ ਨਾਲ ਵਧਣ ਲੱਗੀ। ਇਸ ਲਈ ਕੁਝ ਸ਼ਰਧਾਲੂਆਂ ਨੇ ਗੁਰੂਦੇਵ ਨੂੰ ਬੇਨਤੀ ਕੀਤੀ ਕਿ ਗੁਰੂਜੀ ਅਸੀਂ ਆਪਦੇ ਨਿਕਟ ਰਹਿਣਾ ਚਾਹੁੰਦੇ ਹਾਂ। ਪਰੰਤੂਇੱਥੇ ਇਮਾਰਤੀ ਲੱਕੜੀ ਉਪਲੱਬਧ ਨਹੀਂ ਇਸ ਲਈ ਮਕਾਨ ਆਦਿ ਦੇ ਨਿਰਮਾਣ ਦੇ ਲਈ ਬਹੁਤ ਕਠਿਨਾਇਆਂ ਪੇਸ਼ ਆਉਂਦੀਆਂ ਹਨ। ਗੁਰੂਦੇਵ ਨੇ ਇਸ ਸਮੱਸਿਆ ਦੇ ਸਮਾਧਾਨ ਦੇ ਲਈ ਆਪਣੇ ਭਤੀਜੇ ਸਾਵਣਮੱਲ ਨੂੰ ਬੁਲਾ ਲਿਆ ਅਤੇ ਆਦੇਸ਼ ਦਿੱਤਾ ਕਿ ਆਪ ਪਰਬਤੀ ਖੇਤਰ ਹਰੀਪੁਰ ਜਾਓ ਇਹ ਨਗਰ ਬਿਆਸ ਨਦੀ ਦੇ ਕਿਨਾਰੇ ਸਥਿਤ ਹੈ ਅਤੇ ਉੱਥੋਂ ਦੇਵਦਾਰ ਦੀ ਲੱਕੜ ਨਦੀ ਦੁਆਰਾ ਇੱਥ ਭੇਜੋ। ਆਗਿਆ ਪਾਉਂਦੇ ਹੀ ਸਾਵਣਮੱਲ ਜੀ ਉੱਥੇ ਜਾਣ ਨੂੰ ਤਿਆਰ ਹੋ ਗਏ। ਪਰੰਤੂਉਹਨਾਂ ਦੀ ਮਾਤਾ ਜੀ ਗੁਰੂਦੇਵ ਦੇ ਕੋਲ ਆਈ ਅਤੇ ਉਹ ਆਪਣੇ ਦਕੀਆਨੂਸੀ ਵਿਚਾਰਾਂ ਨਾਲ ਗ੍ਰਸਤ, ਕਹਿਣ ਲੱਗੀ ਕਿ ਮੇਰਾ ਪੁੱਤ ਅਨਜਾਣ ਹੈ। ਪਤਾ ਲੱਗਾ ਹੈ ਕਿ ਉਥੇ ਨਾਰੀਆਂ ਪੁਰਸ਼ਾਂ ਤੇ ਵਸ਼ੀਕਰਣ ਮੰਤਰ ਚਲਾ ਕੇ ਕਿਤੇ ਦਾ ਨਹੀਂ ਰਹਿਣ ਦਿੰਦੀਆਂ। ਉੱਤਰ ਵਿੱਚ ਗੁਰੂਦੇਵ ਨੇ ਉਹਨਾਂ ਨੂੰ ਹੌਂਸਲਾ ਦਿੱਤਾ ਅਤੇ ਕਿਹਾ- ਆਪਦਾ ਪੁੱਤਰ ਸਮਰੱਥ ਗੁਰੂਨਾਨਕ ਦੇਵ ਜੀ ਦਾ ਸੰਦੇਸ਼ ਵਾਹਕ ਹੈ। ਉਹ ਹੀ ਇਸਦੇ ਅੰਗਸੰਗ ਰਹਿਣਗੇ, ਕਿਸੇ ਪ੍ਰਕਾਰ ਦੀ ਚਿੰਤਾ ਕਰਨ ਦੀ ਆਵੱਸ਼ਕਤ ਨਹੀਂ। ਚੱਲਦੇ ਸਮੇਂ ਸਾਵਣਮੱਲ ਜੀ ਨੇ ਗੁਰੂਦੇਵ ਤੋਂ ਕੁਝ ਧਨ ਦੀ ਜ਼ਰੂਰਤ ਪ੍ਰਗਟ ਕੀਤੀ। ਗੁਰੂਦੇਵ ਨੇ ਉਹਨਾਂ ਨੂੰ ਕੁਝ ਧਨਰਾਸ਼ੀ ਦਿੱਤੀ ਅਤੇ ਕਿਹਾ ਆਪ ਕੇਵਲ ਗੁਰੂਨਾਨਕਦੇਵ ਜੀ ਦੇ ਸਿਧਾਂਤ ਦਾ ਉੱਥੇ ਪ੍ਰਚਾਰ-ਪ੍ਰਸਾਰ ਕਰਨ ਬਾਕੀ ਦੇ ਕੰਮ ਉਹ ਆਪ ਹੀ ਕਰਨਗੇ ਅਤੇ ਇਸ ਛੋਟੀ ਜਿਹੀ ਪੂੰਜੀ ਵਿੱਚ ਬਰਕਤਾਂ ਪੈਂਦੀਆ ਜਾਣਗੀਆਂ। ਨਾਲ ਹੀ ਸਹਿਯੋਗੀ ਦੇ ਰੂਪ ਵਿੱਚ ਚਾਰ ਹੋਰ ਸਿੱਖਾਂ ਨੂੰ ਨਾਲ ਭੇਜ ਦਿੱਤਾ। ਸਿੱਖਾਂ ਨੂੰ ਨਾਲ ਲੈ ਕੇ ਸਾਵਣਮੱਲ ਜੀ ਹਰੀਪੁਰ ਪਹੁੰਚ ਗਏ। ਉੱਥੇ ਦਾ ਰਾਜਾ ਕਰਮਕਾਂਡਾ ਵਿੱਚ ਵਿਸ਼ਵਾਸ ਰੱਖਦਾ ਸੀ ਇਸਤੋਂ ਇਲਾਵਾ ਉਹ ਇਕਾਦਸ਼ੀ ਅਤੇ ਹੋਰ ਵਰਤ ਆਦਿ ਤੇ ਪੂਰਨ ਭਰੋਸਾ

ਰੱਖਦਾ ਸੀ ਅਤੇ ਉਥੋਂ ਦੀ ਜਨਤਾ ਨੂੰ ਬਲ-ਪੂਰਵਕ ਵਰਤ ਰੱਖੀਣ ਲਈ ਮਜਬੂਰ ਕੀਤਾ ਜਾਂਦਾ ਸੀ। ਜਿੰਨ੍ਹਾਂ ਦਿਨ੍ਹਾਂ, ਵਿੱਚ ਸਾਵਣਮੱਲ ਜੀ ਉੱਥੇ ਪਹੁੰਚੇ ਉਹਨਾਂ ਦਿਨ੍ਹਾਂ, ਵਿੱਚ ਜਨਮਅਸ਼ਟਮੀ ਦਾ ਉਤਸਵ ਨਜ਼ਦੀਕ ਆ ਰਿਹਾ ਸੀ। ਇਨ੍ਹਾਂ ਲੋਕਾਂ ਨੇ ਗੁਰੂਘਰ ਦੀ ਪ੍ਰਥਾ ਅਨੁਸਾਰ ਹਰ ਦਿਨ ਗੁਰੂਦਾ ਲੰਗਰ ਕਰਕੇ ਜਨਸਧਾਰਣ ਨੂੰ ਭੋਜਨ ਕਰਵਾਉਣਾਂ ਸ਼ੁਰੂਕਰ ਦਿੱਤਾ ਅਤੇ ਗੁਰੂਨਾਨਕਦੇਵ ਜੀ ਦੇ ਸਿਧਾਂਤਾ ਦੇ ਅਨੁਸਾਰ ਬਿਨ੍ਹਾਂ ਭੇਦਭਾਵ ਬਿਨਾਂ ਜਾਤ-ਪਾਤ ਅਥਵਾ ਵਰਣ ਆਸ਼ਰਮ ਦੇ ਇੱਕ ਹੀ ਪੰਗਤੀ ਵਿੱਚ ਸਭ ਨੂੰ ਬਿਠਾ ਕੇ ਵੰਡ ਕੇ ਖਾਣ ਦੀ ਸਿੱਖਿਆ ਦੇਣੀ ਸ਼ੁਰੂਕਰ ਦਿੱਤੀ, ਜਿਸਤੋਂ ਉਥੋ ਦੀ ਸਰਵਣ ਜਾਤੀਆਂ ਵਿੱਚ ਹਲਚਲ ਮਚ ਗਈ। ਉਹ ਇਹਨਾਂ ਲੋਕਾਂ ਤੇ ਧਰਮ ਭ੍ਰਿਸ਼ਟ ਕਰਨ ਦਾ ਆਰੋਪ ਲਗਾਉਣ ਲੱਗੇ। ਉਦੋਂ ਹੀ ਜਨਮਅਸ਼ਟਮੀ ਦੇ ਵਰਤ ਦਾ ਦਿਨ ਆ ਗਿਆ। ਨਰੇਸ਼ ਦਾ ਆਦੇਸ਼ ਸੀ ਕਿ ਸਾਰੇ ਜਨ-ਸਮੂਹ ਵਰਤ ਰੱਖਣਗੇ। ਪਰੰਤੂ ਸਾਵਣਮੱਲ ਤੇ ਉਸਦੇ ਸਹਿਯੋਗੀਆਂ ਨੇ ਗੁਰੂਆਗਿਆ ਅਨੁਸਾਰ ਗੁਰੂਦਾ ਲੰਗਰ ਤਿਆਰ ਕੀਤਾ ਤੇ ਉਸ ਦਿਨ ਉੱਚੇ ਸਵਰ ਵਿੱਚ ਆਵਾਜ਼ ਲਗਾ ਕੇ ਲੋਕਾਂ ਨੂੰ ਸੱਦਾ ਦੇ ਕੇ ਭੋਜਨ ਕਰਾਇਆ ਤੇ ਕਿਹਾ- ਜੇਕਰ ਕੋਈ ਭੁੱਖਾ ਪਿਆਸਾ ਹੈ ਤਾਂ ਗੁਰੂਦਾ ਲੰਗਰ ਤਿਆਰ ਹੈ, ਭੋਜਨ ਕਰ ਲਏ। ਬੱਸ ਫਿਰ ਕੀ ਸੀ ਕੁਝ ਸਵਰਣ ਵਰਣ ਦੇ ਲੋਕਾਂ ਨੇ ਭਾਈ ਸਾਵਣਮੱਲ ਤੇ ਵਰਤ ਨ ਰੱਖਣ ਅਤੇ ਦੂਸਰਿਆਂ ਦਾ ਵਰਤ ਤੁੜਵਾਉਣ ਦਾ ਦੋਸ਼ ਲਗਾ ਕੇ ਫੜਵਾ ਦਿੱਤਾ ਅਤੇ ਅਪਰਾਧੀ ਘੋਸ਼ਿਤ ਕਰਕੇ ਕਾਰਾਵਾਸ ਵਿੱਚ ਸੁੱਟ ਦਿੱਤਾ। ਮੁਕੱਦਮਾ ਚੱਲਣ ਤੇ ਨਿਆਂਧੀਸ਼ ਨੇ ਪੁੱਛਿਆ ਕਿ ਆਪਨੇ ਇੱਥੋ ਦੇ ਨਰੇਸ਼ ਦੇ ਹੁਕਮਾ ਦਾ ਉਲੰਘਣ ਕਿਉਂ ਕੀਤਾ। ਇਸਤੇ ਸਾਵਣਮੱਲ ਜੀ ਨੇ ਕਿਹਾ ਕਿ ਪ੍ਰਭ ਸਭ ਨੂੰ ਰਿਜ਼ਕ ਦਿੰਦਾ ਹੈ, ਖੋਂਹਦਾ ਨਹੀਂ। ਆਪ ਖ਼ੁਦ ਤਾਂ ਸਵੇਰ ਹੋਣ ਤੋਂ ਪਹਿਲਾਂ ਤਰ੍ਹਾਂ-ਤਰਾਂ ਦੇ ਪਕਵਾਨ ਅਤੇ ਸਵਾਦਿਸ਼ਟ ਭੋਜਨ ਕਰ ਲੈਂਦੇ ਹੋ, ਪਰੰਤੂਗਰੀਬ ਜਨਤਾ ਨੂੰ ਭੁੱਖੇ ਰਹਿਣ ਤੇ ਮਜਬੂਰ ਕਰਦੇ ਹੋ, ਜੋ ਕਿ ਪ੍ਰਭੂ ਪ੍ਰਮੇਸ਼ਵਰ ਦੀ ਨਜ਼ਰ ਵਿੱਚ ਭਾਰੀ ਅਪਰਾਧ ਹੈ ਕਿਉਂਕਿ ਜਨ ਸਧਾਰਣ ਵਿੱਚ ਛੋਟੇ ਬੱਚਿਆਂ ਵਾਲੀਆਂ ਮਾਤਾਵਾਂ ਤੇ ਅਬੋਧ ਬਾਲਕ ਵੀ ਆਉਂਦੇ ਹਨ, ਜਿਹਨਾਂ ਨੂੰ ਸਮੇਂ ਤੇ ਉਹਨਾਂ ਦਾ ਆਹਾਰ ਮਿਲਣਾ ਹੀ ਚਾਹੀਦਾ ਹੈ। ਪ੍ਰਭ ਦੀ ਦ੍ਰਿਸ਼ਟੀ ਵਿੱਚ ਕੋਈ ਦਿਨ ਵੀ ਚੰਗਾ ਜਾਂ ਬੁਰਾ ਨਹੀਂ ਹੁੰਦਾ ਅਤੇ ਪ੍ਰਭੂਜਨਮ-ਮਰਣ ਵਿੱਚ ਨਹੀਂ ਆਉਂਦਾ ਹੈ, ਉਹ ਤਾਂ ਅਮਰ ਹੈ। ਇਹ ਤੁਰਕ-ਯੁਕਤ ਸਿਧਾਂਤ ਸੀ। ਇਸ ਕਰਕੇ ਨਿਆਂਧੀਸ਼ ਨੂੰ ਕੋਈ ਉੱਤਰ ਨਹੀਂ ਸੁੱਝ ਰਿਹਾ ਸੀ, ਅਰਥਾਤ-ਨਿਰ-ਉੱਤਰ ਹੋ ਕੇ ਉਸਨੇ ਨਰੇਸ਼ ਨੂੰ ਸੂਚਿਤ ਕੀਤਾ ਅਤੇ ਘਟਨਾ ਦਾ ਵਿਵਰਣ ਦਿੱਤਾ। ਨਰੇਸ਼ ਨੇ ਤੁਰੰਤ ਭਾਈ ਸਾਵਣਮੱਲ ਜੀ ਨੂੰ ਆਪਣੇ ਦਰਬਾਰ ਵਿੱਚ ਬੁਲਾਵਾ ਭੇਜਿਆ। ਸਾਵਣਮੱਲ ਜੀ ਨੇ ਇਸ ਸ਼ੁਭ ਅਵਸਰ ਦਾ ਲਾਭ ਉਠਾਉਂਦੇ ਹੋਏ ਦਰਬਾਰ ਵਿਚ ਗੁਰਮਤਿ ਸਿਧਾਤਾਂ ਨੂੰ ਵਿਸਤਾਰ ਵਿੱਚ ਵਿਆਖਿਆ ਕੀਤੀ ਅਤੇ ਕਿਹਾ-ਪ੍ਰਭੂਸਰਵਵਿਆਪਕ ਅਤੇ ਸਰਵਸ਼ਕਤੀਮਾਨ ਹੈ। ਉਹ ਸਭ ਨੂੰ ਰੋਜ਼ੀ (**ਰਿਜ਼ਕ**) ਦਿੰਦਾ ਹੈ, ਕਿਸੇ ਦਾ ਰਿਜ਼ਕ ਖੋਂਹਦਾ ਨਹੀਂ। ਅਰਥਾਤ ਉਸ ਦੁਆਰਾ ਬਣਾਏ ਨਿਯਮਾ ਵਿੱਚ ਕੋਈ ਅੜਚਣ ਪਾਉਂਦਾ ਹੈ ਤਾਂ ਉਹ ਵੀ ਅਪਰਾਧੀ ਹੈ, ਕਿਉਂਕਿ

ਉਸਦੇ ਨਿਯਮ ਹਮੇਸ਼ਾ ਸੱਚ ਹੁੰਦੇ ਹਨ। ਜਿਸ ਤਰ੍ਹਾਂ ਆਪ ਨੇ ਮੈਨੂੰ ਅਪਰਾਧੀ ਘੋਸ਼ਿਤ ਕੀਤਾ ਹੈ, ਉਸੀ ਪ੍ਰਕਾਰ ਉਹ ਵੀ ਆਪ ਲੋਕਾਂ ਨੂੰ ਅਪਰਾਧੀ ਘੋਸ਼ਿਤ ਕਰੇਗਾ ਕਿਉਂਕਿ ਉਹ ਰੋਟੀ ਦਿੰਦਾ ਹੈ ਅਤੇ ਆਪ ਰੋਜ਼ੀ ਰੋਟੀ ਖੋਂਹਦੇ ਹੋ। ਨਰੇਸ਼ ਇਸ ਟਿੱਪਣੀ ਤੇ ਗੰਭੀਰਤਾ ਨਾਲ ਵਿਚਾਰ ਕਰਨ ਲੱਗਾ ਪਰੰਤੂ ਉਸਨੇ ਬਹੁਤ ਸੋਚ-ਵਿਚਾਰ ਦੇ ਪਸ਼ਚਾਤ ਕਿਹਾ- ਵਰਤ ਨਾਲ ਸਵਾਸਥ ਚੰਗਾ ਰਹਿੰਦਾ। ਉੱਤਰ ਵਿਚ ਸਾਵਣ ਮੱਲ ਜੀ ਨੇ ਕਿਹਾ-ਅਸੀਂ ਗੁਰੂਆਦੇਸ਼ਾਂ ਨਾਂਲ ਹਰ ਦਿਨ ਵਰਤ ਰੱਖਦੇ ਹਾਂ, ਸਾਡਾ ਵਰਤ ਹੈ- ਅਲਪ ਆਹਾਰ ਅਤੇ ਅਲਪ ਨੀਂਦ, ਜਿਸ ਨਾਲ ਵਿਅਕਤੀ ਕਦੇ ਰੋਗੀ ਹੋ ਹੀ ਨਹੀਂ ਸਕਦਾ। ਇਸ ਤੇ ਨਰੇਸ਼ ਨੇ ਪੁੱਛਿਆ- ਆਪ ਲੋਕਾਂ ਦਾ ਗੁਰੂਕੌਣ ਹੈ? ਉੱਤਰ ਵਿਚ ਸਾਵਣਮੱਲ ਜੀ ਨੇ ਕਿਹਾ ਅਸੀਂ ਗੁਰੂਅਮਰਦਾਸ ਜੀ ਦੇ ਸਿੱਖ ਹਾਂ, ਜੋ ਗੁਰੂਨਾਨਕ ਦੇਵ ਜੀ ਦੇ ਦੂਸਰੇ ਉੱਤਰਾਧਿਕਾਰੀ ਹਨ। ਬੱਸ ਫਿਰ ਕੀ ਸੀ। ਉਹ ਬਾਬਾ ਨਾਨਕ ਜੀ ਦਾ ਨਾਮ ਸੁਣਦੇ ਹੀ ਬਦਲ ਗਿਆ ਅਤੇ ਕਹਿਣ ਲੱਗਾ- ਨਾਨਕਦੇਵ ਜੀ ਸਾਡੇ ਪੂਰਵਜਾ ਦੇ ਸਮੇਂ ਇੱਥੇ ਪਰਬਤੀ ਖੇਤਰਾਂ ਵਿਚ ਆਏ ਸਨ। ਉਹ ਤਾਂ ਦਿਵਯ ਜੋਤ ਦੇ ਸਵਾਮੀ ਸਨ। ਕੀ ਉਹਨਾਂ ਦਾ ਉੱਤਰਾਧਿਕਾਰੀ ਵੀ ਉਸੇ ਉੱਚੀ ਆਤਮਿਕ ਅਵਸਥਾ ਦਾ ਸੁਆਮੀ ਹਨ? ਸਾਵਣਮੱਲ ਜੀ ਨੇ ਕਿਹਾ- ਸ੍ਰੀ ਗੁਰੂਅਮਰਦਾਸ ਜੀ ਵੀ ਪੂਰਨ ਗੁਰੂਹਨ, ਉਹ ਜਗਤ ਉਦਾਰਣ ਦੇ ਲਈ ਉਹਨਾਂ ਦੇ ਦਰਸਾਏ ਮਾਰਗ ਤੇ ਚੱਲ ਕੇ ਵਿਸ਼ਵ ਕਲਿਆਣ ਹੇਤੂਕਾਰ ਕਰ ਰਹੇ ਹਨ। ਇਸ ਤੇ ਨਰੇਸ਼ ਨੇ ਆਪਣੀ ਘਰੇਲੂ ਸਮੱਸਿਆ ਸਾਵਣਮੱਲ ਜੀ ਦੇ ਸਾਹਮਣੇ ਰੱਖੀ ਅਤੇ ਕਿਹਾ- ਮੇਰਾ ਬੇਟਾ ਲੰਬੇ ਸਮੇਂ ਤੋਂ ਬੀਮਾਰ ਹੈ, ਉਸਨੂੰ ਮਿਰਗੀ ਜਿਹੀ ਕੋਈ ਬੀਮਾਰੀ ਹੈ, ਉਹ ਅਚੇਤ ਅਵਸਥਾ ਵਿਚ ਪਿਆ ਰਹਿੰਦਾ ਹੈ ਅਤੇ ਕਦੇ-ਕਦੇ ਕੰਬਣ ਲੱਗ ਜਾਂਦਾ ਹੈ। ਉਸਦਾ ਆਪਦੇ ਕੋਲ ਕੋਈ ਉਪਚਾਰ ਹੈ? ਵੈਸੇ ਮੈਂ ਸਭ ਪ੍ਰਕਾਰ ਦੇ ਇਲਾਜ ਕਰਵਾ ਕੇ ਦੇਖ ਲਏ ਹਨ ਕੋਈ ਵੀ ਦਵਾ-ਦਾਰੂਕੰਮ ਨਹੀਂ ਕਰਦੀ। ਸਾਵਣਮੱਲ ਜੀ ਨੇ ਕਿਹਾ- ਸਾਨੂੰ ਉਸ ਬਾਲਕ ਦੇ ਕੋਲ ਲੈ ਚੱਲੋ। ਪ੍ਰਭੂਨੇ ਚਾਹਿਆ ਤਾਂ ਬਾਲਕ ਠੀਕ ਹੋ ਜਾਏਗਾ। ਸਾਵਣਮੱਲ ਜੀ ਅਤੇ ਉਹਨਾਂ ਦੇ ਸਾਥੀ ਸਭ ਨਰੇਸ਼ ਦੇ ਮਹਿਲ ਵਿਚ ਬਾਲਕ ਦੇ ਕੋਲ ਪਹੁੰਚੇ। ਉਹਨਾਂ ਨੇ ਸਾਰੇ ਪਰਿਵਾਰ ਦੇ ਮੈਂਬਰਾਂ ਨੂੰ ਇਕੱਤਰ ਕਰਕੇ ਕਿਹਾ ਅਸੀਂ ਸਾਰੇ ਮਿਲ ਕੇ ਸੰਯੁਕਤ ਰੂਪ ਵਿਚ ਪ੍ਰਭੂਚਰਨਾ ਵਿੱਚ ਪ੍ਰਾਰਥਨਾ ਕਰਾਂਗੇ ਅਤੇ ਉਹਨਾਂ ਨੇ ਆਪਣੇ ਸਾਥੀਆਂ ਸਿੱਖਾਂ ਨੂੰ ਗੁਰੂਦੇਵ ਦੀ ਅਰਾਧਨਾ ਕਰਕੇ ਪ੍ਰਭੂਚਰਨਾ ਵਿਚ ਬਾਲਕ ਦੀ ਦੇਹ ਆਰੋਗਤ ਦੇ ਲਈ ਪ੍ਰਾਰਥਨਾ ਕਰਨ ਨੂੰ ਕਿਹਾ-ਪ੍ਰਾਰਥਨਾ ਸਮਾਪਤ ਹੋਣ ਤੇ ਉਸ ਬਾਲਕ ਨੂੰ ਪ੍ਰਸ਼ਾਦ ਰੂਪ ਵਿਚ ਕੜਾਹ ਪ੍ਰਸ਼ਾਦ ਖੁਆਇਆ ਗਿਆ ਅਤੇ ਸਭ ਵਿਚ ਵਰਤਾਇਆ ਗਿਆ। ਦੇਖਦੇ ਹੀ ਦੇਖਦੇ ਬਾਲਕ ਸਮਾਨ ਰੂਪ ਵਿੱਚ ਹੱਸਣ ਖੇਡਣ ਲੱਗਾ।

ਇਸ ਸ਼ੁਭ ਸਮਾਚਾ ਦੇ ਕਾਰਨ ਸਾਰਾ ਹਰੀਪੁਰ ਨਗਰ ਵਿਚ ਖੁਸ਼ੀ ਛਾ ਗਈ। ਸਾਵਣਮੱਲ ਜੀ ਅਤੇ ਹੋਰ ਸਿੱਖਾਂ ਦਾ ਬਹੁਤ ਮਾਣ ਪ੍ਰਤਿਸ਼ਠਾ ਹੋਣ ਲੱਗੀ। ਨਰੇਸ਼ ਨੇ ਸਾਵਣਮੱਲ ਜੀ ਤੋਂ ਪੁੱਛਿਆ- ਆਪਦਾ ਇੱਥੇ ਪਰਬਤੀ ਖੇਤਰਾਂ ਆਉਂਣ ਦਾ ਕੋਈ ਵਿਸ਼ੇਸ਼ ਪ੍ਰਯੋਜਨ ਸੀ। ਉੱਤਰ ਵਿੱਚ ਸਾਵਣਮੱਲ ਜੀ ਨੇ ਕਿਹਾ

ਗੋਇੰਦਵਾਲ ਨਗਰ ਵਸਾਉਣ ਦੇ ਲਈ ਲੱਕੜੀ ਦੀ ਜ਼ਰੂਰਤ ਹੈ, ਉਹ ਹੀ ਅਸੀਂ ਏਥੋ ਲੈਣ ਆਏ ਹਾਂ। ਨਰੇਸ਼ ਨੇ ਪ੍ਰਸੰਨਤਾ ਵਿੱਚ ਬਹੁਤ ਵੱਡੇ ਪੈਮਾਨੇ ਤੇ ਦੇਵਦਾਰ ਦੀ ਛਤੀਰੀਆਂ ਬਿਆਸ ਨਦੀ ਵਿਚ ਰਖਵਾ ਦਿੱਤੀਆਂ ਅਤੇ ਤੈਰਾਕ ਨਾਲ ਭੇਜ ਦਿੱਤੇ ਜੋ ਉਹਨਾਂ ਨੂੰ ਗੋਇੰਦਵਾਲ ਪਹੁੰਚਾ ਕੇ ਆਏ। ਇਸ ਪ੍ਰਕਾਰ ਸਾਵਣਮੱਲ ਜੀ ਦਾ ਮੁੱਖ ਉਦੇਸ਼ ਸਹਿਜ ਹੀ ਪੂਰਨ ਹੋ ਗਿਆ। ਉੱਥੇ ਉਨ੍ਹਾਂ ਦੀ ਮਾਨਤਾ ਹੋਣ ਲੱਗੀ। ਸਮਾਂ ਉਪਯੁਕ ਸੀ। ਅਰਥਾਤ ਸਾਵਣਮੱਲ ਜੀ ਵੀ ਗੁਰੂਨਾਨਕਦੇਵ ਜੀ ਦੇ ਸਿਧਾਤਾਂ ਦਾ ਪ੍ਰਚਾਰਪ੍ਰਸਾਰ ਕਰਨ ਲੱਗੇ। ਸੁਭਾਵਿਕ ਹੀ ਸੀ, ਮਾਇਆ ਦੇ ਵੀ ਅੰਬਾਰ ਲੱਗਣ ਲੱਗੇ। ਜਿਸ ਕਾਰਣ ਉਹਨਾਂ ਦਾ ਮਨ ਉੱਥੇ ਹੀ ਰਮ ਗਿਆ। ਹੋਰ ਸਿੱਖ ਹੌਲੀ-ਹੌਲੀ ਵਾਪਸ ਪਰਤ ਗਏ ਪ੍ਰੰਤੂਸਾਵਣਮੱਲ ਜੀ ਵਾਪਸ ਨਹੀਂ ਪਰਤੇ। ਕੁਝ ਦਿਨ ਉਡੀਕ ਕਰਨ ਦੇ ਪਸ਼ਚਾ ਗੁਰੂਦੇਵ ਜੀ ਨੇ ਉਹਨਾਂ ਨੂੰ  ਵਾਪਸ ਆਉਣ ਦਾ ਸੰਦੇਸ਼ ਭੇਜਿਆ। ਉੱਤਰ ਵਿਚ ਸਾਵਣਮੱਲ ਜੀ ਦਾ ਸੰਦੇਸ਼ ਪਹੁੰਚਿਆ ਕਿ ਇੱਥੋ ਦੇ ਨਰੇਸ਼ ਨੇ ਆਪ ਦੇ ਦਰਸ਼ਨਾਂ ਦੇ ਲਈ ਅਭਿਲਾਸ਼ਾ ਪ੍ਰਗਟ ਕੀਤੀ ਹੈ ਅਰਥਾਤ ਮੈਂ ਉਹਨਾਂ ਨੂੰ ਨਾਲ ਲੈ ਕੇ ਆ ਰਿਹਾ ਹਾਂ ਅਤੇ ਉਹ ਹਰੀਪੁਰ ਦੇ ਰਾਜ ਪਰਿਵਾਰ ਅਤੇ ਹੋਰ ਅਧਿਕਾਰੀਆਂ ਸਹਿਤ ਗੋਇੰਦਵਾਲ ਪਹੁੰਚੇ।

## ਹਰੀਪੁਰ ਦਾ ਰਾਜਾ ਗੁਰੂਦਰਬਾਰ ਵਿੱਚ

ਸ੍ਰੀ ਗੁਰੂ ਅਮਰਦਾਸ ਜੀ ਦੀ ਆਗਿਆ ਪ੍ਰਾਪਤ ਕਰਕੇ ਸਾਵਣਮੱਲ ਜੀ ਹਰੀਪੁਰ ਦੇ ਨਰੇਸ਼ ਅਤੇ ਉਸਦੇ ਪਰਿਵਾਰ ਨੂੰ ਨਾਲ ਲੈ ਕੇ ਗੋਇੰਦਵਾਲ ਪਹੁੰਚੇ। ਉਹਨਾਂ ਦੇ ਪਹੁੰਚਣ ਦੀ ਸੂਚਨਾ ਪਾਉਂਦੇ ਹੀ ਗੁਰੂਦੇਵ ਨੇ ਆਦੇਸ਼ ਦਿੱਤਾ ਕਿ ਸਾਰੇ ਰਾਜ ਪਰਿਵਾਰ ਨੂੰ ਸੰਗਤ ਵਿਚ ਬਿਠਾ ਕੇ ਇੱਥੇ ਇੱਕ ਸਮਾਨ ਭੋਜਨ ਛਕਾਇਆ ਜਾਏ ਇਸਤੋਂ ਬਾਦ ਸਾਰੀਆਂ ਇਸਤਰੀਆਂ ਬਿਨ੍ਹਾਂ ਸ਼ਿੰਗਾਰ ਦੇ ਸਧਾਰਣ ਵਸਤਰਾਂ ਵਿਚ ਗੁਰੂ-ਦਰਬਾਰ ਵਿਚ ਪਹੁੰਚਣ।

ਸਾਰੀਆਂ ਇਸਤਰੀਆਂ ਨੇ ਗੁਰੂਦੀ ਆਗਿਆ ਦਾ ਪਾਲਣ ਕੀਤਾ ਅਤੇ ਗੁਰੂਜੀ ਦੇ ਸਾਹਮਣੇ ਹਾਜ਼ਰ ਹੋਈਆਂ ਅਤੇ ਵਾਰੀ ਵਾਰੀ ਸਿਰ ਝੁਕ ਕੇ ਨਮਸਕਾਰ ਕਰਦੀਆਂ ਹੋਈਆਂ ਅੱਗੇ ਵਧਦੀਆਂ ਹੋਈਆਂ ਦਰਬਾਰ ਵਿਚ ਬੈਠਦੀਆਂ ਗਈਆਂ। ਪਰੰਤੂਇਕ ਛੋਟੀ ਰਾਣੀ ਜੋ ਕਿ ਨਵੀਂ ਵਿਆਹੀ ਹੋਈ ਸੀ, ਉਸਨੇ ਗੁਰੂ-ਦਰਬਾਰ ਵਿਚ ਲੰਬਾ ਘੁੰਡ ਕੱਢ ਕੇ ਬੜੇ ਅੰਦਾਜ਼ ਨਾਲ ਸਿਰ ਝੁਕਾਇਆ ਅਤੇ ਨਖ਼ਰਾ ਕਰਨ ਲੱਗੀ। ਉਦੋਂ ਗੁਰੂਦੇਵ ਦੇ ਮੂੰਹ ਤੋਂ ਸਹਿਜ਼ ਭਾਵ ਨਾ ਹੀ ਨਿਕਲਿਆ- ਇਹ ਕਮਲੀ ਕਿਥੋਂ ਆ ਗਈ। ਬੱਸ ਫਿਰ ਕੀ ਸੀ, ਉਹ ਇਸਤਰੀ ਉਸੇ ਸਮੇਂ ਕਮਲੀ (**ਪਾਗਲ**) ਹੋ ਗਈ ਅਤੇ ਕੱਪੜੇ ਪਾੜ ਕੇ ਜੰਗਲ ਵਿਚ ਭੱਜ ਗਈ। ਰਾਜਾ ਨੇ ਇਸ ਘਟਨਾ ਤੇ ਕੋਈ ਪ੍ਰਤਿਕ੍ਰਿਆ ਨਹੀਂ ਕੀਤੀ ਅਤੇ ਗੁਰੂ ਦਰਸ਼ਨਾਂ ਤੋਂ ਬਾਅਦ ਆਪਣੇ ਨਗਰ ਵਾਪਸ ਚਲਾ ਗਿਆ। ਸਮਾਂ ਬਤੀਤ ਹੋਣ ਲੱਗਾ। ਇੱਕ ਦਿਨ ਇੱਕ ਸਿੱਖ ਲੰਗਰ ਦੇ ਲਈ ਬਾਲਣ ਲਿਆਉਣ ਲਈ ਸੰਘਣੇ ਜੰਗਲ

ਵਿਚ ਪਹੁੰਚ ਗਿਆ, ਉੱਥੇ ਉਸਨੂੰ ਨਿਰਵਸਤਰ ਇਸਤਰੀ ਨੇ ਆ ਕੇ ਦਬੋਚ ਲਿਆ ਅਤੇ ਉਸਨੂੰ ਮਾਰ ਕੁਟ ਕੇ ਨਹੁਆਂ ਨਾਲ ਨੋਚ ਕੇ ਦੁਬਾਰਾ ਜੰਗਲ ਵਿਚ ਭੱਜ ਗਈ। ਇਹ ਘਟਨਾ ਸਿੱਖ ਨੇ ਗੁਰੂਦੇਵ ਨੂੰ ਦੱਸੀ ਤਾਂ ਕਿਹਾ ਮੈਨੂੰ ਹੁਣ ਜੰਗਲ ਵਿਚੋਂ ਬਾਲਣ ਲਿਆਉਣ ਤੇ ਡਰ ਲੱਗਦਾ ਹੈ ਗੁਰੂਦੇਵ ਨੇ ਉਸਨੂੰ ਹੌਂਸਲਾ ਰੱਖਣ ਲਈ ਕਿਹਾ ਅਤੇ ਆਪਣੀ ਇੱਕ ਜੁੱਤੀ ਦਿੱਤੀ ਅਤੇ ਕਿਹਾ ਹੁਣ ਜਦੋਂ ਵੀ ਤੂੰ ਜੰਗਲ ਵਿਚ ਜਾਏਗਾ ਉਹ ਇਸਤਰੀ ਤੈਨੂੰ ਫਿਰ ਮਿਲੇਗੀ ਤਾਂ ਤੂੰ ਉਸਦੇ ਸਿਰ ਤੇ ਇਹ ਜੁੱਤੀ ਮਾਰ ਦੇਈਂ। ਇਸ ਨਾਲ ਉਸਦਾ ਮਾਨਸਿਕ ਸੰਤੁਲਨ ਫਿਰ ਤੋਂ ਠੀਕ ਹੋ ਜਾਵੇਗਾ ਅਤੇ ਉਹ ਤੇਰੇ ਤੋਂ ਕੱਪੜਾ ਮੰਗੇਗੀ ਜੋ ਤੂੰ ਆਪਣੇ ਨਾਲ ਲੈ ਜਾਈਂ ਅਤੇ ਉਸਨੂੰ ਇਥੇ ਦਰਬਾਰ ਵਿੱਚ ਲੈ ਆਉਣਾਂ। ਸਿੱਖ ਨੇ ਅਜਿਹਾ ਹੀ ਕੀਤਾ ਜਦੋਂ ਉਹ ਪਾਗਲ ਇਸਤਰੀ ਉਸਨੂੰ ਮਾਰਨ ਲੱਗੀ ਤਾਂ ਉਸਨੇ ਗੁਰੂਦੇਵ ਦੀ ਜੁੱਤੀ ਨਾਲ ਉਸਨੂੰ ਮਾਰਿਆ ਤਾਂ ਉਹ ਤੁਰੰਤ ਠੀਕ ਹੋ ਗਈ ਅਤੇ ਸ਼ਰਮਾਂ ਕੇ ਕੱਪੜੇ ਮੰਗਣ ਲੱਗੀ। ਸਿੱਖ ਨੇ ਉਸਨੂੰ ਬਸਤਰ ਦਿੱਤੇ ਜੋ ਕਿ ਉਸਨੇ ਪਹਿਲਾਂ ਤੋਂ ਹੀ ਤਿਆਰ ਰੱਖੇ ਹੋਏ ਸਨ। ਉਹ ਉਸਨੂੰ ਗੁਰੂਦੇਵ ਦੀ ਆਗਿਆ ਅਨੁਸਾਰ ਇਸ਼ਨਾਨ ਕਰਵਾ ਕੇ ਦਰਬਾਰ ਵਿਚ ਲੈ ਆਇਆ।

ਨਵੀਂ ਪ੍ਰਸਥਿਤੀਆਂ ਦਾ ਅਨੁਮਾਨ ਲਗਾ ਕੇ ਨੌਜਵਾਨ ਸਿੱਖ ਨੂੰ ਗੁਰੂਦੇਵ ਜੀ ਨੇ ਹੁਕਮ ਦਿੱਤਾ ਕਿ ਉਹ ਇਸ ਇਸਤਰੀ ਨਾਲ ਵਿਆਹ ਕਰ ਲਵੇ ਅਤੇ ਇਸ ਪ੍ਰਕਾਰ ਇਨ੍ਹਾਂ ਦੋਨਾਂ ਦੀ ਜੋੜੀ ਨੂੰ ਅਸ਼ੀਰਵਾਦ ਦੇ ਕੇ ਗ੍ਰਹਿਸਥੀ ਵਸਾਉਣ ਦੇ ਸਾਧਨ ਉਪਲੱਬਧ ਕਰਵਾ ਦਿੱਤੇ।

## ਸ੍ਰੀ ਗੁਰੂ ਅਮਰਦਾਸ ਜੀ ਗੁਰਮਤਿ ਪ੍ਰਚਾਰ ਯਾਤਰਾ ਤੇ

ਸ੍ਰੀ ਗੁਰੂ ਅਮਰਦਾਸ ਜੀ ਦੇ ਮਨ ਵਿੱਚ ਵਿਚਾਰ ਪੈਦਾ ਹੋਇਆ ਕਿ ਮੈਂ ਆਪਣੀ ਉਮਰ ਦਾ ਅੱਧਾ ਭਾਗ ਕਰਮਕਾਂਡਾ ਵਿੱਚ ਵਿਅਰਥ ਗੁਆ ਦਿੱਤਾ ਹੈ। ਜੇਕਰ ਮੈਨੂੰ ਉਹ ਵੈਸ਼ਨਵ ਸਾਧੂਵਿਅੰਗ ਨਾ ਕਰਦਾ ਤਾਂ ਕੀ ਪਤਾ ਸਾਰਾ ਜੀਵਨ ਹੀ ਪੂਰਨ ਗੁਰੂਦੇ ਮਿਲਾਪ ਤੋਂ ਬਿੰਨ੍ਹਾਂ ਵਿਅਰਥ ਹੀ ਚਾਲਾ ਜਾਂਦਾ। ਖ਼ੈਰ ਮੇਰੇ ਵਰਗੇ ਕਈ ਭਗਤਜਨ ਹੋਰ ਵੀ ਹਨ ਜਿਨ੍ਹਾਂ ਦੇ ਹਿਰਦੇ ਵਿੱਚ ਪੂਰਣ ਗੁਰੂਪ੍ਰਾਪਤੀ ਦੀ ਤੜਪ ਤਾਂ ਹੈ ਪਰੰਤੂਦੁਰਭਾਗਾ ਕਾਰਨ ਉਹ ਚਾਹੁੰਦੇ ਹੋਏ ਵੀ ਉੱਥੇ ਨਹੀਂ ਪਹੁੰਚ ਪਾਉਂਦੇ ਜਿੱਥੇ ਉਹਨਾਂ ਨੂੰ ਪਹੁੰਚਣਾ ਚਾਹੀਦਾ ਹੈ। ਅਰਥਾਤ ਉਹਨਾਂ ਦਾ ਇਹ ਮਾਨਵ ਜੀਵਨ ਵਿਅਰਥ ਚਲਾ ਜਾਂਦਾ ਹੈ। ਸ਼ਾਇਦ ਇਸਲਈ ਸ੍ਰੀਗੁਰੂਨਾਨਕਦੇਵ ਜੀ ਨੇ ਸਾਰੇ ਜਗਤ ਕਲਿਆਣ ਦੇ ਲਈ ਇਤਿਹਾਸਕ ਚਾਰ ਪ੍ਰਚਾਰ-ਯਾਤਰਾਵਾਂ (ਦੌਰੇ) ਕੀਤੀਆਂ ਸਨ ਅਤੇ ਉਹ ਸਫਲ ਵੀ ਹੋਈਆਂ ਸਨ। ਉਸੇ ਦੇ ਨਤੀਜਾ ਹੈ ਕਿ ਭਟਕਦੀ ਮਾਨਵਤਾ ਪਾਖੰਡ ਅਤੇ ਵਿਅਰਥ ਦੇ ਕਰਮਕਾਂਡ ਛੱਡ ਕੇ ਅਸਲੀ ਗਿਆਨ ਦੇ ਲਈ ਉੱਠ ਖੜੀ ਹੋਈ। ਅਰਥਾਤ ਸਾਨੂੰ ਵੀ ਆਪਣੇ ਗੁਰੂਦੇਵ ਦੇ ਪਦਚਿੰਨ੍ਹਾਂ ਤੇ ਚੱਲਦੇ ਹੋਏ ਉਹਨਾਂ ਦਾ ਅਨੁਸਰਣ ਕਰਨਾ ਚਾਹੀਦਾ ਹੈ, ਜਿਸਤੋਂ ਭੁੱਲੀ ਭਟਕੀ ਮਾਨਵਤਾ ਦਾ ਫਿਰ ਤੋਂ ਮਾਰਗ ਦਰਸ਼ਨ ਕੀਤਾ ਜਾ ਸਕੇ। ਇਹ ਵਿਚਾਰ ਆਉਂਦੇ ਹੀ ਉਹਨਾਂ ਨੇ ਸਭ ਤੋਂ ਪਹਿਲਾਂ ਹਰਿਦੁਆਰ ਹੀ

ਜਾਣ ਦਾ ਇਰਾਦਾ ਕੀਤਾ ਕਿਉਂਕਿ ਉੱਥੇ ਬਹੁਤ ਸਾਰੇ ਸ਼ਰਧਾਲੂਆਤਮ ਗਿਆਨ ਦੀ ਤ੍ਰਿਪਤੀ ਦੇ ਲਈ ਵਿਚਰਣ ਕਰਦੇ ਗੁਰੂਦੇਵ ਨੇ ਖ਼ੁਦ ਹੀ ਦੇਖੇ ਸੀ। ਇਸਲਈ ਗੁਰੂਨਾਨਕਦੇਵ ਜੀ ਵਾਲੀ ਜੁਗਤੀ ਗੁਰੂਦੇਵ ਨੇ ਵੀ ਅਪਣਾਈ। ਆਪਨੇ ਵੀ ਅਭਿਜਿਤ ਨਛੱਤਰ ਪਰਵ ਦੇ ਸਮੇਂ ਉੱਥੇ ਪਹੁੰਚਣ ਦਾ ਨਿਸ਼ਚੈ ਕਰਕੇ ਯਾਤਰਾ ਆਰੰਭ ਕਰ ਦਿੱਤੀ। ਆਪਦਾ ਮੱਤ ਸੀ ਕਿ ਇਸ ਪਰਵ ਤੇ ਦੂਰ-ਦੂਰ ਤੇ ਜਗਿਆਸੂਉੱਥੇ ਇੱਕਠੇ ਹੁੰਦੇ ਹਨ। ਅਰਥਾਤ ਇਹ ਜਾਣਦੇ ਹੀ ਬਹੁਤ ਸਾਰੇ ਸ਼ਰਧਾਲੂਆਪਦੇ ਨਾਲ ਚੱਲਣ ਦੇ ਲਈ ਤਿਆਰ ਹੋ ਗਏ। ਇਸਲਈ ਆਪ ਵਿਸ਼ਾਲ ਜਨਸਮੂਹ ਦੇ ਨਾਲ ਹਰਿਦੁਆਰ ਦੀ ਤਰਫ ਚੱਲ ਪਏ। ਰਸਤੇ ਵਿੱਚ ਪੜਾਅ ਦੇ ਸਮੇਂ ਸਥਾਨ-ਸਥਾਨ ਤੇ ਦੀਵਾਨ ਸਜਾਂਦੇ ਸੰਗਤ ਇੱਕਤਰ ਹੁੰਦੀ ਕੀਰਤਨ ਅਥਵਾ ਗੁਰੂਦੇਵ ਦੇ ਪ੍ਰਵਚਨਾਂ ਦਾ ਪ੍ਰਵਾਹ ਚੱਲਦਾ। ਜਨਸਧਾਰਣ ਗੁਰਮਤਿ ਸਿਧਾਂਤਾ ਤੋਂ ਲਾਭ ਪ੍ਰਾਪਤ ਕਰਕੇ ਸੰਤੁਸ਼ਟ ਹੋ ਜਾਂਦੇ। ਇਸ ਪ੍ਰਕਾਰ ਗੁਰੂਦੇਵ ਜਮੁਨਾਂ ਨਦੀ ਦੇ ਕਿਨਾਰੇ ਤੇ ਪਹੁੰਚ ਗਏ। ਉੱਥੋ ਦੇ ਪ੍ਰਸ਼ਾਸ਼ਨ ਦੀ ਤਰਫ਼ੋਂ ਜਮੁਨਾ ਪਾਰ ਕਰਨ ਦੇ ਲਈ ਕਿਸ਼ਤੀਆਂ ਦਾ ਇੱਕ ਪੁਲ ਬਣਾਇਆ ਗਿਆ ਸੀ। ਜਿਸਦੇ ਉਪਰ ਤੋਂ ਨਦੀ ਪਾਰ ਕਰਨ ਤੇ ਕਿਰਾਇਆ ਪ੍ਰਤੀ ਵਿਅਕਤੀ ਇੱਕ ਰੁਪਇਆ ਅਰਥਾਤ ਇੱਕ ਚਾਂਦੀ ਦਾ ਸਿਕਾ ਸੀ। ਜਿਸਨੂੰ ਉਹ ਲੋਕ ਕਰ ਅਥਵਾ ਮਹਿਸੂਲ ਕਹਿੰਦੇ ਸੀ। ਗੁਰੂਦੇਵ ਦੇ ਨਾਲ ਸੰਗਤ ਬਹੁਤ ਵੱਡੀ ਸੰਖਿਆ ਵਿੱਚ ਸੀ। ਅਰਥਾਤ ਉਹਨਾਂ ਨੇ ਮਸੂਲਿਆਂ ਨੂੰ ਸੰਦੇਸ਼ ਭੇਜਿਆ ਕਿ ਅਸੀਂ ਆਪਨੂੰ ਕੇਵਲ 500 ਰੁਪਏ ਹੀ ਦੇਵਾਂਗੇ ਆਪ ਸਾਰੀ ਸੰਗਤ ਨੂੰ ਨਦੀ ਪਾਰ ਕਰਨ ਦਿਓ ਪਰੰਤੂਉਹ ਨਹੀਂ ਮੰਨੇ ਉਹਨਾਂ ਦਾ ਕਹਿਣਾ ਸੀ ਕਿ ਅਸੀਂ ਤਾਂ ਪ੍ਰਤੀ ਵਿਅਕਤੀ ਹੀ ਵਸੂਲ ਕਰਾਂਗੇ। ਇਸ ਤੇ ਭਾਈ ਜੇਠਾ ਜੀ ਨੇ ਜਮੁਨਾ ਨਦੀ ਦਾ ਦੂਰ-ਦੂਰ ਤੱਕ ਨਿਰੀਖਣ ਕੀਤਾ। ਉਹਨਾਂ ਨੇ ਦੇਖਿਆ ਕਿ ਇੱਕ ਅਜਿਹਾ ਸਥਾਨ ਹੈ ਜਿੱਥੋਂ ਬਿੰਨ੍ਹਾਂ ਕਿਸੀ ਰੁਕਾਵਟ ਦੇ ਸਹਿਜ ਵਿੱਚ ਜਮੂਨਾ ਪਾਰ ਕੀਤੀ ਜਾ ਸਕਦੀ ਹੈ ਕਿਉਂਕਿ ਉੱਥੋਂ ਪਾਣੀ ਦਾ ਵਹਾਅ ਹੌਲੀ ਹੈ ਅਤੇ ਨਦੀ ਦਾ ਜਲ ਬਹੁਤ ਫੈਲਿਆ ਹੋਇਆ ਹੈ। ਬੱਸ ਫਿਰ ਕੀ ਸੀ ਸੰਗਤ ਨੇ ਤੁਰੰਤ ਉਥੋਂ ਨਦੀ ਪਾਰ ਕਰਨੀ ਸ਼ੁਰੂਕਰ ਦਿੱਤੀ। ਇਸ ਕਾਰਨ ਮਸੂਲੀਏ ਬਹੁਤ ਭੜਕੇ। ਇਸ ਪ੍ਰਕਾਰ ਗੁਰੂਦੇਵ ਹਰਿਦੁਆਰ ਪਹੁੰਚ ਗਏ।

ਗੁਰੂਦੇਵ ਦੇ ਹਰਿਦੁਆਰ ਪਹੁੰਚਣ ਦਾ ਇੱਕ ਮਾਤਰ ਉਦੇਸ਼ ਜਨ-ਸਧਾਰਣ ਦੇ ਕਲਿਆਣ ਦੇ ਲਈ ਉਪਾਵ ਕਰਨਾ ਅਰਥਾਤ ਉਹਨਾਂ ਨੂੰ ਕਰਮਕਾਂਡਾ ਅਥਵਾ ਪਾਖੰਡਾਂ ਤੋਂ ਮੁਕਤ ਕਰਵਾ ਕੇ ਸ਼ਾਸਵਤ ਗਿਆਨ ਦੇਣਾ ਸੀ।

ਜਿਉਂ ਹੀ ਉੱਥੋਂ ਦੇ ਪਾਂਡਿਆਂ ਅਥਵਾ ਭੇਖੀ ਸਾਧੂਸੰਨਿਆਸੀ ਆਦਿ ਲੋਕਾਂ ਨੂੰ ਪਤਾ ਲੱਗਾ ਕਿ ਕੋਈ ਵੱਡੇ ਪੁਰਸ਼ ਵਿੱਥੇ ਪਹੁੰਚ ਰਹੇ ਹਨ ਤਾਂ ਉੱਥੇ ਇੰਨ੍ਹਾਂ ਲੋਕਾਂ ਨੂੰ ਭਿੱਖਿਆ ਮਿਲਣ ਦੀ ਆਸ ਵਿੱਚ ਭੀੜ ਲੱਗ ਗਈ। ਉਹਨਾਂ ਨੇ ਗੁਰੂਦੇਵ ਨੂੰ ਚਾਰੋਂ ਤਰਫ ਤੋਂ ਘੇਰਲਿਆ ਅਤੇ ਭਿੱਖਿਆ ਦੇ ਲਈ ਪਰੇਸ਼ਾਨ ਕਰਨ ਲੱਗੇ।

ਗੁਰੂਦੇਵ ਨੇ ਸਾਰਿਆਂ ਨੂੰ ਸ਼ਾਂਤ ਹੋ ਕੇ ਬੈਠ ਜਾਣ ਦਾ ਸੰਕੇਤ ਕੀਤਾ ਅਤੇ ਸੇਵਕਾਂ ਦੁਆਰਾ ਬਰਾਬਰ ਦਾ ਧਨ, ਸਿੱਕਿਆਂ ਦੇ ਰੂਪ ਵਿੱਚ ਵੰਡਣ ਦਾ ਹੁਕਮ ਦਿੱਤਾ ਪਰੰਤੂ ਇਹ ਲੋਕ ਨਾਂ ਸ਼ਾਤ ਬੈਠ ਸਕਦੇ ਸੀ, ਨਾ ਹਿਰਦੇ ਵਿੱਚ ਤਿਆਗ ਦੇ ਸਥਾਨ ਤੇ ਅਭਿਲਾਸ਼ਾਵਾਂ, ਤ੍ਰਿਸ਼ਨਾਂਵਾਂ, ਅੰਗੜਾਈਆਂ ਲੈ ਰਹੀਆਂ ਸਨ। ਇਸਲਈ ਉੱਥੇ ਖਲਬਲੀ ਮਚ ਗਈ ਅਤੇ ਹੱਲੇ-ਗੁੱਲੇ ਵਿੱਚ ਕੁਝ ਲੋਕ ਆਪਸ ਵਿੱਚ ਦੰਗਾ ਕਰਨ ਲੱਗੇ। ਇਹ ਸਭ ਦ੍ਰਿਸ਼ ਦੇਖਕੇ ਗੁਰੂਦੇਵ ਨੂੰ ਬਹੁਤ ਗਲਾਨੀ ਹੋਈ ਅਤੇ ਉਹਨਾਂ ਨੇ ਕਿਹਾ-ਇਹ ਅਭਿਆਗਤ ਵਾਸਤਵ ਵਿੱਚ ਅਭਿਆਗਤ ਹੈ ਹੀ ਨਹੀਂ, ਕੇਵਲ ਦੰਭੀ ਲੋਕ ਹਨ।

**ਅਭਿਆਗਤ ਏਹ ਨ ਆਖੀਅਨਿ ਜਿ ਪਰ ਘਰਿ ਭੋਜਨ ਕਰੇਨਿ।**

**ਉਦਰੈ ਕਾਰਣਿ ਆਪਣੇ ਬਹਲੇ ਭੇਖ ਕਰੇਨਿ।।**

**ਅਭਿਆਗਤ ਸੇਈ ਨਾਨਕਾ ਜਿ ਆਤਮ ਗਉਣ ਕਰੇਨਿ।**

**ਭਾਲਿ ਲਹਨਿ ਸਹੁ ਆਪਣਾ ਨਿਜ ਘਰਿ ਰਹਣੁ ਕਰੇਨਿ।।** (ਗੁਰੂਗ੍ਰੰਥ ਸਾਹਿਬ, ਅੰਗ 949)

ਇਸਦੇ ਬਾਦ ਗੁਰੂਦੇਵ ਨੇ ਉੱਥੇ ਮੇਲੇ ਦੇ ਸਥਾਨ ਤੇ ਕੁਝ ਦੂਰ ਇੱਕ ਮੰਚ ਬਣਵਾ ਕੇ ਦਰਸ਼ਨਾਰਥੀਆਂ ਦੇ ਲਈ ਪ੍ਰਵਚਨ ਕੀਤੇ, ਜਿਸ ਵਿੱਚ ਮਾਨਵ ਜੀਵਨ ਦੇ ਮਨੋਰਥ ਤੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ-ਮਾਨਵ ਜਨਮ ਵਿਸ਼ੇ-ਵਿਕਾਰਾਂ ਵਿੱਚ ਬਰਬਾਦ ਕਰਨ ਦੇ ਲਈ ਨਹੀਂ ਹੈ। ਇਹ ਕਿਸੇ ਉੱਚੇ ਪ੍ਰਯੋਜਨ ਦੇ ਲਈ ਹੈ। ਅਰਥਾਤ ਸਾਨੂੰ ਹਮੇਸ਼ਾਂ ਸਾਵਧਾਨ ਰਹਿਣਾ ਚਾਹੀਦਾ ਹੈ ਕਿ ਸਾਡੇ ਅਮੁੱਲ ਸੁਆਸ ਕਿਤੇ ਵਿਅਰਥ ਤਾਂ ਨਹੀਂ ਨਸ਼ਟ ਹੋ ਰਹੇ ਕਿਉਂਕਿ ਇਹ ਸਰੀਰ ਰੂਪੀ ਮੰਦਿਰ ਸਾਨੂੰ ਦੁਬਾਰਾ: ਪ੍ਰਾਪਤ ਹੋਣ ਵਾਲਾ ਨਹੀਂ। ਸਾਡਾ ਮੁੱਖ ਉਦੇਸ਼ ਇਸ ਜੀਵਨ ਨੂੰ ਸਫਲ ਕਰਨਾ ਹੋਣਾ ਚਾਹੀਦਾ ਹੈ। ਜਿਸਤੋਂ ਅਸੀ ਆਵਾਗਵਣ ਦੇ ਚੱਕਰ ਤੋਂ ਮੁਕਤ ਹੋ ਸਕੀਏ। ਇਸਲਈ ਉਸ ਪਰਮੇਸ਼ਵਰ ਨੇ ਬਾਕੀ ਜੀਵ ਜੰਤੂਆਂ ਤੋਂ ਮਾਨਵ ਸਰੀਰ ਰੂਪੀ ਅਦੁਭੁਤ ਸਿਰਜਨਾ ਕੀਤਾ ਹੈ। ਇਸੀ ਸਰੀਰ ਵਿੱਚ ਉਹ ਸਾਰੀਆਂ ਸੁਵਿਧਾਵਾਂ ਉਪਲਬਧ ਹਨ ਜੋ ਕਿ ਹੋਰ ਕਿਸੇ ਜੂਨ ਵਿੱਚ ਨਹੀਂ ਹਨ। ਸਾਨੂੰ ਸਮਾਂ ਰਹਿੰਦੇ ਇਸ ਸਰੀਰ ਰੂਪੀ ਕਾਇਆ ਤੋਂ ਲਾਭ ਲੈਣਾ ਚਾਹੀਦਾ ਹੈ। ਅਰਥਾਤ ਸਾਨੂੰ ਕਿਸੀ ਪੂਰਣ ਗੁਰੂਤੋਂ ਸ਼ਾਸਵਤ ਗਿਆਨ ਪ੍ਰਾਪਤੀ ਦੇ ਲਈ ਪ੍ਰਯਤਨਸ਼ੀਲ ਰਹਿਣਾ ਚਾਹੀਦਾ ਹੈ ਅਤੇ ਗੁਰੂਦਿਖਿਆ ਲੈ ਕੇ ਜਨਮ ਸਫਲ ਕਰਨਾ ਚਾਹੀਦਾ ਹੈ।

**ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ, ਕਿਆ ਤੁਧੁ ਕਰਮ ਕਮਾਇਆ।**

**ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ।।**

**ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ।**

**ਗੁਰ ਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ॥**

**ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ ਜਿਨਿ ਸਤਿਗੁਰ ਸਿਉ ਚਿਤੁ ਲਾਇਆ॥**

(ਗੁਰੂਗ੍ਰੰਥ ਸਾਹਿਬ, ਅੰਗ 922)

ਗੁਰੂਦੇਵ ਦੇ ਹਰਿਦੁਆਰ ਤੋਂ ਵਾਪਸੀ ਸਮੇਂ ਰਸਤੇ ਵਿੱਚ ਮੇਹੜੇ ਪਿੰਡ ਦਾ ਪੰਡਿਤ ਦੁਰਗਾਦਾਸ ਮਿਲਣ ਆਇਆ। ਗੁਰੂਦੇਵ ਨੇ ਉਹਨਾਂ ਦਾ ਸੁਆਗਤ ਕੀਤਾ। ਉਸਨੇ ਸੁਆਗਤ ਕਰਨ ਦੇ ਬਾਦ ਆਪਣੀ ਭਵਿੱਖ ਬਾਣੀ ਦੇ ਵਿਸ਼ੇ ਵਿੱਚ ਦੁਹਰਾਇਆ ਅਤੇ ਬੇਨਤੀ ਕਰਨ ਲੱਗਾ। ਗੁਰੂਦੇਵ ਨੇ ਪ੍ਰਸੰਨ ਹੋ ਕੇ ਕਿਹਾ-ਆਪਨੂੰ ਸੰਸਾਰਿਕ ਵਸਤਾਂ ਚਾਹੀਦੀਆਂ ਹਨ ਯਾ ਅਧਿਆਤਮਕ ਪ੍ਰਾਪਤੀਆਂ ਚਾਹੀਦੀਆਂ ਹਨ। ਇਸਤੇ ਦੁਰਗਾਦਾਸ ਵਿਚਾਰਵਾਨ ਹੋ ਕੇ ਕਹਿਣਾ ਲੱਗਾ-ਗੁਰੂਦੇਵ ਜੀ ਕੇਵਲ ਇੱਕ ਦੀ ਪ੍ਰਾਪਤੀ ਤੇ ਕੰਮ ਨਹੀਂ ਚੱਲੇਗਾ ਕਿਉਂਕਿ ਕਾਰਜ ਸੰਪੂਰਨ ਨਹੀਂ ਹੋਏਗਾ ਆਪ ਮੇਰੇ ਤੇ ਵਿਸ਼ੇਸ਼ ਕਿਰਪਾ ਕਰੋ, ਮੈਨੂੰ ਦੋਨੋ ਵਸਤਾਂ ਉਪਹਾਰ ਵਿੱਚ ਦਿਓ। ਗੁਰੂਦੇਵ ਪ੍ਰਸੰਨ ਹੋਏ ਉਹਨਾਂ ਨੇ ਵਚਨ ਦਿੱਤਾ ਇਸ ਸੰਸਾਰ ਵਿੱਚ ਆਪ ਨੂੰ ਧੰਨ ਦਾ ਘਾਟਾ ਨਹੀਂ ਰਹੇਗਾ। ਅਤੇ ਅਧਿਆਤਮਿਕ ਦੁਨੀਆਂ ਵਿਚੋ ਵੀ ਪ੍ਰਭੂਦੀ ਨਿਕਟਤਾ ਪਾਉਗੇ। ਉੱਥੋਂ ਗੁਰੂਦੇਵ ਕੁਰੂਕਸ਼ੇਤਰ ਪਹੁੰਚੇ ਉਹਨਾਂ ਦਿਨ੍ਹਾਂ ਵਿਚ ਇੱਥੇ ਨੱਛਤਰ ਅਭਿਜਿੱਤ ਦੇ ਸਬੰਧ ਵਿੱਚ ਮੇਲੇ ਦਾ ਆਯੋਜਨ ਕੀਤਾ ਗਿਆ ਸੀ। ਅਰਥਾਤ-ਦੂਰ ਦੂਰ ਤੋਂ ਸ਼ਰਧਾਲੂਇਸ਼ਨਾਨ ਦੇ ਲਈ ਆ ਰਹੇ ਸੀ। ਗੁਰੂਦੇਵ ਨੇ ਸਮਾਂ ਉਪਯੁਕਤ ਜਾਣ ਕੇ ਸਾਰੇ ਮਾਨਵ ਕਲਿਆਣ ਦੇ ਲਈ ਜਗਿਆਸੂਆਂ ਨੂੰ ਸੰਬੋਧਿਤ ਕਰਦੇ ਹੋਏ ਪ੍ਰਵਚਨ ਕੀਤੇ ਅਤੇ ਕਿਹਾ-ਆਪਦੇ ਅਭਿਜਿਤ ਨਛੱਤਰ ਵਿੱਚ ਵਿਸ਼ੇਸ਼ ਇਸ਼ਨਾਨ ਕਰਨ ਦਾ ਮੁੱਖ ਉਦੇਸ਼ ਹੈ। ਅਸੀਂ ਆਪਣੇ ਮੁੱਖ ਦੁਸ਼ਮਣ ਤੇ ਜਿੱਤ ਪ੍ਰਾਪਤ ਕਰਨ ਵਿੱਚ ਸਫਲ ਹੋਈਏ। ਇਹ ਜਾਣਨਾ ਅਤਿ ਜ਼ਰੂਰੀ ਹੈ ਕਿ ਸਾਡਾ ਸਭ ਤੋਂ ਨਜ਼ਦੀਕੀ ਦੁਸ਼ਮਣ ਕੌਣ ਹੈ? ਜੋ ਸਾਨੂੰ ਵਿਚਲਿਤ ਕਰਕੇ ਸਾਡਾ ਪਥਭ੍ਰਿਸ਼ਟ ਕਰਦਾ ਰਿਹਾ ਹੈ। ਜੇਕਰ ਅਸੀਂ ਇਸ ਰੱਹਸ ਨੂੰ ਅੱਜ ਇਥੋਂ ਜਾਣਕੇ ਘਰਾਂ ਨੂੰ ਵਾਪਸ ਜਾਵਾਂਗੇ ਤਾਂ ਸਾਡਾ ਇੱਥੇ ਆਉਣਾ ਸਫਲ ਸਿੱਧ ਹੋਏਗਾ। ਜਗਿਆਸੂਆਂ ਦੀ ਭੀੜ ਇਸ ਰਹੱਸ ਨੂੰ ਜਾਣਨ ਦੇ ਲਈ ਉੱਤਸੁੱਕ ਸੀ। ਅਰਥਾਤ ਗੁਰੂਦੇਵ ਨੇ ਦੱਸਿਆ ਸਾਡਾ ਮਨ ਰਾਜਾ ਹੈ ਜੋ ਪਥਭ੍ਰਸ਼ਟ ਹੋ ਜਾਂਦਾ ਹੈ। ਇਸਨੂੰ ਵਿਚਲਿਤ ਕਰਨ ਵਾਲੇ ਸਾਡੇ ਦੁਸ਼ਮਣ ਸਾਡੇ ਅੰਦਰ ਹੀ ਕਾਮ, ਕਰੋਧ ਲੋਭ, ਮੋਹ, ਹੰਕਾਰ ਰੂਪ ਵਿੱਚ ਹਮੇਸਾ ਮੌਜੂਦ ਰਹਿੰਦੇ ਹਨ। ਸਾਨੂੰ ਸੁਚੇਤ ਹੋਣਾ ਹੈ ਕਿ ਇਹਨਾਂ ਤੇ ਨਿਯੰਤਰਣ ਕਰਦੇ ਰਹਿਣ ਦਾ ਯਤਨ ਕਰਦੇ ਰਹਿਣਾ ਹੈ।, ਇਹਨਾਂ ਤੇ ਪੂਰਣ ਵਿਜੈ ਪ੍ਰਾਪਤ ਨਹੀਂ ਕੀਤੀ ਜਾ ਸਕਦੀ ਕਿੰਤੂਇੰਨ੍ਹਾਂ ਦੁਸ਼ਮਣਾਂ ਨੂੰ ਆਪਣੇ ਹਿੱਤ ਵਿੱਚ ਪ੍ਰਯੋਗ ਕੀਤਾ ਜਾ ਸਕਦਾ ਹੈ। ਭਗਤਜਨ ਕਾਮਰੂਪੀ ਊਰਜਾ ਨੂੰ ਸਾਧਨਾ ਦੁਆਗ ਹਰਿਭਜਨ ਰੂਪੀ ਉਤੇਜਨਾ ਵਿੱਚ ਪਰਿਵਰਤਿਤ ਕਰਦੇ ਹਨ। ਇਸੀ ਪ੍ਰਕਾਰ ਕ੍ਰੋਧ ਨੂੰ ਵੀਰਤਾ, ਲੋਭ ਨੂੰ ਵਿਕਾਸ ਰੂਪੀ ਕਾਰਜਾਂ ਵਿੱਚ, ਮੋਹ ਨੂੰ ਸਾਰੇ ਮਾਨਵ

ਕਲਿਆਣ ਦੇ ਕਾਰਜਾਂ ਦੇ ਲਈ ਤਥਾ ਹੰਕਾਰ ਨੂੰ ਸਵੈ-ਅਭਿਮਾਨ ਵਿੱਚ ਪਰਵਰਤਿਤ ਕਰਦੇ ਜੀਵਨ ਵਿੱਚ ਕ੍ਰਾਂਤੀ ਲਿਆਈ ਜਾ ਸਕਦੀ ਹੈ ਪਰੰਤੂਇਹ ਤਾਂ ਹੀ ਸੰਭਵ ਹੋਏਗਾ ਜਦੋਂ ਅਸੀਂ ਮਿੱਤਰਾਂ ਨਾਲ ਮਿਲਕੇ, ਉਹਨਾਂ ਨਾਲ ਯੁੱਧ ਕਰਕੇ ਰਹਾਂਗੇ। ਸਾਡੇ ਇਹ ਮਿੱਤਰ ਹਨ-ਦਇਆ, ਧੀਰਜ, ਸੰਤੋਖ, ਮੁਆਫ ਕਰਨਾ, ਪ੍ਰੇਮ ਆਦਿ। ਸਾਨੂੰ ਇਹਨਾਂ ਸ਼ੁਭ ਗੁਣਾਂ ਦਾ ਵਿਕਾਸ ਕਰਨਾ ਹੋਏਗਾ ਅਤੇ ਦੁਸ਼ਮਣਾਂ ਤੇ ਇਹਨਾਂ ਦੇ ਬਲ ਨਾਲ ਨਿਯੰਤਰਣ ਕਰਕੇ ਮਨ ਨੂੰ ਪਥਭ੍ਰਿਸ਼ਟ ਹੋਣ ਤੋਂ ਬਚਾਉਣਾ ਹੈ। ਇਹ ਕਾਰਜ ਕਿਸੀ ਪੂਰਣ ਪੁਰਖ ਦੇ ਨਾਲ ਜੁੜਕੇ ਅਰਥਾਤ ਉਸਦੇ ਉਪਦੇਸ਼ ਅਨੁਸਾਰ ਜੀਵਨ ਜਿਊਣ ਨਾਲ ਹੀ ਹੋ ਸਕਦਾ ਹੈ ਨਹੀਂ ਤਾਂ ਜੀਵਨ ਭਰ ਭਟਕਣਾ ਹੀ ਪਵੇਗਾ। ਜੇਕਰ ਮਾਨਵ ਜਨਮ ਵਿੱਚ ਲਕਸ਼ ਪ੍ਰਾਪਤੀ ਤੋਂ ਚੂਕ ਗਏ ਤਾਂ ਫਿਰ ਪ੍ਰਾਣੀ ਨੂੰ ਚੁਗਸੀ ਦੇ ਚੱਕਰਇਉਵਿੱਚ ਕਈ ਜਨਮ ਲੈਣੇ ਪੈਣਗੇ ਅਤੇ ਆਵਾਗਨਣ ਦਾ ਚੱਕਰ ਕਦੀ ਸਮਾਪਤ ਨਹੀਂ ਹੋਏਗਾ।

**ਗੁਰਮੁਖਿ ਕਰਣੀ ਕਾਰ ਕਮਾਵੈ ॥**

**ਤਾਂ ਇਸੁ ਮਨ ਦੀ ਸੋਝੀ ਪਾਵੈ ॥**

**ਮਨੁ ਮੈ ਮਤੁ ਮੈਗਲ ਮਿਕਦਾਰਾ ॥**

**ਗੁਰ ਅੰਕਸੁ ਮਾਰਿ ਜੀਵਾਲਣ ਹਾਰਾ ॥** ਅੰਗ - 151

ਗੁਰਦੇਵ ਜੀ ਨੇ ਕਹਿਆ - ਜੇਕਰ ਅਸੀ ਸੰਜ਼ਮ ਵਿਚ ਕਾਰਜ ਕਰੀਏ ਤਾਂ ਮਨ ਜੋ ਸ਼ਰਾਬੀ ਹਾਥੀ ਦੀ ਤਰਹ ਬਗਾਵਤ ਕਰੀ ਬੈਠਾ ਹੈ, ਉਸ ਤੇ ਗੁਰੂਉਪਦੇਸ਼ ਦੇ ਅੰਕੁਸ਼ ਨਾਲ ਨਿਜਿਠੀਆਂ ਜਾ ਸਕਦਾ ਹੈ।

## ਰੂੜੀਵਾਦੀਆਂ ਦੁਆਰਾ ਗੁਰਦੇਵ ਦੇ ਵਿਰੁਦ ਇਤਰਾਜ਼

ਸ਼੍ਰੀ ਗੁਰੁ ਅਮਰਦਾਸ ਜੀ ਸਾਰੀ ਮਨੁੱਖਤਾ ਦੇ ਕਲਿਆਣ ਲਈ ਕਾਰਜ ਵਿਚ ਲੀਨ ਸਨ ਅਤੇ ਉਨ੍ਹਾਂ ਦਾ ਮੁਖ ਟੀਚਾ ਨੀਵੇ ਪਧਰ ਤੇ ਜੀਵਨ ਜੀਣ ਵਾਲੇ ਪਰਿਵਾਰਾਂ ਦਾ ਉੱਥਾਨ ਕਰਕੇ ਸਮਾਜ ਵਿਚ ਉਨ੍ਹਾਂ ਨੂੰ ਸਮਾਨਤਾ ਦਾ ਜੀਵਨ ਜੀਣੇ ਦੇ ਲਈ ਅਧਿਕਾਰ ਦੁਆਉਣਾ ਸੀ। ਇਸ ਲਈ ਉਨ੍ਹਾਂ ਨੇ ਗੁਰੁ ਨਾਨਕਦੇਵ ਜੀ ਦੇ ਸਿੱਧਾਂਤ ਨੂੰ, ਵਿਆਵਾਹਾਰਿਕ ਰੂਪ ਦੇਕੇ ਜ਼ੋਰ-ਸ਼ੋਰ ਨਾਲ ਪ੍ਰਚਾਰ -ਪ੍ਰਸਾਰ ਕਰਨਾ ਸ਼ੁਰੂਕਰ ਦਿਤਾ। ਇਨ੍ਹਾਂ ਕਾਰਜਾਂ ਵਿਚ ਸਬ ਤੋਂ ਪਹਿਲਾ ਕਾਰਜ ਸੀ। ਗੁਰੂਦਾ ਲੰਗਰ ਜੋ ਸਾਰੀ ਮਨੁੰਖਤਾ ਦੇ ਲਈ ਬਿਨ੍ਹਾਂ ਭੇਦਭਾਵ ਇਕੋ ਜਿਹਾ ਸੀ ਜਿਸ ਨੂੰ ਉਨ੍ਹਾਂ ਨੇ ਹਰ ਇਕ ਜਿਗਿਆਸੂ ਦੇ ਲਈ ਜਰੂਰੀ ਕਰ ਦਿਤਾ ਸੀ। ਦੂਜਾ ਸੀ- ਨਾਰੀ ਜਾਤਿ ਨੂੰ ਪੁਰਖਾਂ ਵਰਗੇ ਸਮਾਨ ਹੱਕ ਦੇਣਾ, ਜਿਸ ਵਿਚ ਆਪ ਨੇ ਵਿਧਵਾ ਤੀਵੀਆਂ ਦੇ ਲਈ ਦੁਬਾਰਾ ਵਿਆ ਦੀ ਆਗਿਆ-ਪ੍ਰਦਾਨ ਕਰ ਦਿਤੀ। ਇਸ ਕੇ ਨਾਲ ਈ ਉਨ੍ਹਾਂ ਨੇ ਇਕ ਖਾਸ ਹੁਕਮ ਜਾਰੀ ਕੀਤਾ ਕਿ ਕਿਸੀ ਵੀ ਮਹਿਲਾ ਨੂੰ ਵੀ ਉਸ ਦੇ ਮ੍ਰਿਤ ਪਤੀ ਦੇ ਨਾਲ ਸਤੀ ਨਹੀਂ ਕੀਤਾ ਜਾਏਗਾ ਅਤੇ ਕਿਸੀ ਵੀ ਮਹਿਲਾ

ਨੂੰ ਕੋਈ ਘੁੰਘਟ ਕਡਣ ਦੇ ਲਈ ਮਜਬੂਰ ਨਹੀਂ ਕਰ ਸਕੇਗਾ ਭਲੇ ਹੀ ਉਹ ਨਵਵਿਵਾਇਤਾ ਹੀ ਕਿਉਂ ਨ ਹੋਵੇ। ਤੀਜਾ-ਮੂਰਤੀ-ਪੂਜਾ ਅਤੇ ਦੇਵੀ ਦੇਵਤਿਆਂ ਦਾ ਤਿਆਗ ਕਰਕੇ ਸਰਵਸ਼ਕਤੀਮਾਨ ਅਤੇ ਸਰਵਵਿਆਪਕ ਪਾਰਬ੍ਰਹਮ ਪਰਮੇਸ਼ਵਰ ਦੀ ਉਪਾਸਨਾ ਕਰਨੀ ਹੈ। ਵੈਸੇ ਇਨ੍ਹਾਂ ਸਿੱਧਾਂਤ ਤੇ ਗੁਰੂਨਾਨਕ ਦੇਵ ਜੀ ਖੁਦ ਵੀ ਬਹੁਤ ਕਾਰਜ ਕਰ ਚੁਕੇ ਸਨ ਪਰ ਇਨ੍ਹਾਂ ਦਾ ਸਮਾਜ ਵਿਚ ਵਿਸਤਾਰ ਕਰਨਾ ਹੱਲਾ ਬਾਕੀ ਸੀ। ਇਸ ਲਈ ਇਹ ਕਾਰਜ ਇਨ੍ਹਾਂ ਨੇ ਅਪਣੇ ਉੱਤਰਧਿਕਾਰੀਆਂ ਦੇ ਲਈ ਛੱਡ ਦਿਤਾ ਸੀ। ਹੁਣ ਓਹ ਸਹੀ ਸਮਾਂ ਸੀ ਜਦੋਂ ਇਨ੍ਹਾਂ ਸਿੱਧਾਂਤ ਦੀ ਸਾਰੇ ਦੇਸ਼-ਪ੍ਰਦੇਸ਼ਾਂ ਵਿਚ ਪ੍ਰਚਾਰ-ਪ੍ਰਸਾਰ ਕੀਤਾ ਜਾਣ ਲਗਾ। ਇਸ ਲਈ ਗੁਰੂ ਅਮਰਦਾਸ ਜੀ ਨੇ ਅਲਗ-ਅਲਗ ਖ਼ੇਤਰਾਂ ਵਿਚ ਅਪਣੇ ਪ੍ਰਤਿਨਿਧਿ ਨਿਯੁਕਤ ਕੀਤੇ, ਜਿਨ੍ਹਾਂ ਦੀ ਗਿਣਤੀ ਬਾਈਸ ਤਕ ਹੋ ਗਈ ਅਤੇ ਇਸ ਦੇ ਇਲਾਵਾ ਬਾਵਨ ਸਹਾਇਕ ਪ੍ਰਤਿਨਿਧੀ ਨਿਯੁਕਤ ਕੀਤੇ, ਇਨ੍ਹਾਂ ਨੂੰ ਉਸ ਸਮੇਂ ਦੀ ਬੋਲੀ ਵਿਚ ਮੰਜੀਦਾਰ ਅਤੇ ਪਾਂੜੀਦਾਰ ਕਹਿਆ ਜਾਂਦਾ ਸੀ। ਮੰਜੀਦਾਰ ਤੋਂ ਭਾਵ ਅਰਥ ਸੀ ਵਡਾ ਆਸਣ ਅਤੇ ਪੀੜ੍ਹੀ ਦਾ ਅਰਥ ਸੀ ਛੋਟਾ ਆਸਨ। ਇਨ੍ਹਾਂ ਲੋਕਾਂ ਨੂੰ ਉਨ੍ਹਾਂ ਦੀ ਯੋਗਿਤਾ ਦੇ ਅਨੁਸਾਰ ਉਪਾਧਿਆਂ ਦੇਕੇ ਸੰਮਾਨਿਤ ਕੀਤਾ ਗਿਆ ਸੀ। ਇਨ੍ਹਾਂ ਦਾ ਕਾਰਜ ਖ਼ੇਤਰ ਅਪਣਾ ਪੈਤ੍ਰਿਕ ਨਗਰ ਯਾ ਕਸਬਾ ਹੀ ਹੋਇਆ ਕਰਦਾ ਸੀ ਜਿਸ ਵਿਚ ਇਨ੍ਹਾਂ ਮੰਜੀਦਰਾਂ ਯਾ ਪੀੜ੍ਹੀਦਾਰਾਂ ਨੂੰ ਗੁਰਮਤਿ ਦੇ ਸਿੱਧਾਂਤਾਂ ਨੂੰ ਜਨਸਾਧਾਰਣ ਵਿਚ ਉਨ੍ਹਾਂ ਦੇ ਕਲਿਆਣ ਦੇ ਲਈ ਸਮਝਾਣੇ ਹੁੰਦੇ ਸਨ ਕਿ ਸਹਜ ਮਾਰਗ ਅਪਨਾ ਕੇ ਜੀਵਨ ਸੁਖਮਈ ਬਣਾਓ ਅਤੇ ਰੂੜੀਵਾਦੀ ਜਾਂ ਦਕੀਆ ਨੂਸੀ ਵਿਚਾਰ ਤਿਆਗ ਕੇ ਭਾਈ ਚਾਰੇ ਅਤੇ ਆਪਸੀ ਪਿਆਰ ਨਾਲ ਮਨੁੱਖਤਾ ਦਾ ਕਲਿਆਣ ਕਰਨ ਵਿਚ ਸਹਾਇਕ ਬਣੋ। ਪਰ ਇਹ ਸਭ ਸਮਾਜ ਦੇ ਅਖੌਤੀ ਠੇਕੇਦਾਰਾਂ, ਪੁਜਾਰੀ ਵਰਗ ਨੂੰ ਨਹੀਂ ਭਾਉਂਦਾ ਸੀ ਕਿਉਕਿ ਉਨ੍ਹਾਂ ਦੀ ਦੁਕਾਨਦਾਰੀ ਬੰਦ ਹੁੰਦੀ ਸੀ ਅਤੇ ਉਨ੍ਹਾਂ ਦੇ ਪੇਟ ਤੇ ਲੱਤ ਪੈਂਦੀ ਸੀ। ਓਹ ਅਪਣੀ ਰੋਜ਼ੀ ਰੋਟੀ ਦੇ ਲਈ ਬੌਖਲਾ ਉੱਠੇ ਕਿਉਂਕਿ ਗੁਰੂਨਾਨਕ ਸਾਹਿਬ ਜੀ ਦੇ ਸਿੱਧਾਂਤਾਂ ਨੂੰ ਮੰਨਣ ਵਾਲੇ ਉਨ੍ਹਾਂ ਦੇ ਚੰਗੁਲ ਵਿਚੋਂ ਨਿਕਲਦੇ ਜਾ ਰਹੇ ਸਨ ਅਤੇ ਇਸ ਤਰ੍ਹਾਂ ਓਹ ਅਪਣੀ ਮਨਮਰਜ਼ੀ ਕਰਕੇ ਜਨਤਾ ਦਾ ਸ਼ੋਸ਼ਣ ਕਰਨ ਵਿੱਚ ਅਪਣੇ ਆਪ ਨੂੰ ਅਸਮਰੱਥ ਮਹਿਸੂਸ ਕਰ ਰਹੇ ਸਨ ਕਿਉਂਕਿ ਜਨਤਾ ਵਿਚ ਜਾਗ੍ਰਿਤੀ ਲਿਆਈ ਜਾ ਰਹੀ ਸੀ।

ਪੰਜਾਬ ਵਿਚ ਉਨ੍ਹੀ ਦਿਨ੍ਹੀ **"ਸਖੀ ਸਰਵੜਿਆਂ"** ਦੀ ਗੱਦੀ ਚਲਦੀ ਸੀ। ਇਹ ਲੋਕ ਅਪਣੇ ਪਿੱਤਰ ਪੀਰ ਦੀ ਕਬਰ ਦੀ ਪੂਜਾ ਕਰਦੇ ਸਨ ਅਤੇ ਮਨੌਤੀਆਂ ਮੰਨਦੇ ਸਨ। ਸਾਧਾਰਣ ਕਿਸਾਨ (**ਹਿੰਦੂ, ਮੂਸਲਿਮ**) ਇਨ੍ਹਾਂ ਦੇ ਚੁੰਗਲ ਵਿਚ ਫ਼ਸੇ ਹੋਏ ਸਨ। ਵੀਰਵਾਰ ਨੂੰ ਇਹ ਸਰਾਵਰੀਏ ਲੋਕ ਕਬਰ ਤੇ ਕੱਵਾਲੀਆਂ ਆਦਿ ਗਾਉਂਦੇ ਅਤੇ ਲੋਕਾਂ ਤੋਂ ਦੁੱਧ, ਅਨਾਜ ਅਤੇ ਧਨ ਆਦਿ ਮਨੌਤਾਂ ਦੇ ਬਦਲੇ ਵਿਚ ਲੇਂਦੇ ਸਨ। ਇਸ ਪ੍ਰਕਾਰ ਅੰਧਵਿਸ਼ਵਾਸ ਵਿੱਚ ਜਨਤਾ ਦਾ ਸ਼ੋਸ਼ਣ ਚਲਦਾ ਰਹਿੰਦਾ ਸੀ। ਇਹ ਲੋਕ ਗੁਰੂਸਾਹਿਬ ਜੀ

ਨੂੰ ਖਵਾਜੇ ਕਹਿ ਕੇ ਬੁਲਾਉਂਦੇ ਸਨ। ਜਿਵੇਂ ਹੀ ਗੁਰਦੇਵ ਦੇ ਪ੍ਰਤਿਨਿਧੀ (**ਮੰਜੀਦਾਰਾਂ ਅਤੇ ਪੀੜੀਦਾਰਾਂ**) ਨੇ ਗੁਰਮਤਿ ਪ੍ਰਚਾਰ-ਪ੍ਰਸਾਰ ਦਾ ਆਂਦੋਲਨ ਚਲਾਇਆ ਲੋਕਾਂ ਵਿਚ ਅੰਧਵਿਸਵਾਸ ਨੂੰ ਹਟਾ ਕੇ ਵਿਗਿਆਨਿਕ ਦ੍ਰਿਸ਼ਟੀ ਕੋਣ ਨਾਲ ਪਰਮ ਪਿਤਾ ਪਰਮੇਸ਼ਵਰ ਦੀ ਉਪਾਸਨਾ ਦੀ ਗਲ ਚਲਾਈ ਲੋਕਾਂ ਵਿਚ ਅੰਧਵਿਸਵਾਸ ਨੂੰ ਹਟਾ ਕੇ ਵਿਗਿਆਨਿਕ ਦ੍ਰਿਸ਼ਟੀ ਕੋਣ ਨਾਲ ਪਰਮ ਪਿਤਾ ਪਰਮੇਸ਼ਵਰ ਦੀ ਉਪਾਸਨਾ ਦੀ ਗਲ ਚਲਾਈ ਤਾਂ ਸੁਭਾਵਿਕ ਹੀ ਲੋਕ ਇਨ੍ਹਾਂ ਦੇ ਚੰਗੁਲ ਤੋਂ ਮੁਕਤ ਹੋਕੇ ਇਕ-ਇਸ਼ਵਰ ਦੀ ਪੂਜਾ ਵਿਚ ਲੀਨ ਹੋ ਗਏ ਜਿਸ ਨਾਲ ਖਵਾਜੇ ਬੌਖਲਾ ਕੇ ਬਦਲੇ ਦੀ ਅੱਗ ਵਿਚ ਸੜਨ ਲਗੇ। ਦੂਜੀ ਤਰਫ ਜਾਤ-ਪਾਤ ਯਾ ਵਰਣ-ਆਸ਼੍ਰਮ ਅਤੇ ਭੇਦ-ਭਾਵ ਉਤਪੰਨ ਕਰਕੇ ਜਨਤਾ ਦਾ ਸ਼ੋਸ਼ਣ ਕਰਨੇ ਵਾਲੇ ਪੁਜਾਰੀ, ਪੁਰੋਹਿਤ ਗਣ ਆਦਿ ਲੋਕ, ਪਹਿਲਾ ਤੋਂ ਹੀ ਗੁਰਮਤਿ ਪ੍ਰਚਾਰ ਦੇ ਵਿਰੁੱਧ ਮੋਰਚਾ ਸੰਭਾਲ ਬੈਠੇ ਸਨ ਇਸਲਈ ਇਨ੍ਹਾਂ ਲੋਕਾਂ ਨੇ ਮਿਲ ਕੇ ਇਕ ਇੱਕਠੀ ਯੋਜਨਾ ਬਣਾਈ, ਜਿਸ ਦੇ ਅੰਤਰਗਤ ਗੋਇੰਦਵਾਲ ਦੇ ਚੌਧਰੀ ਅਤੇ ਸੁਵਰਗੀਏ ਗੋਇੰਦੇ ਦੇ ਮੁੰਡਿਆਂ ਨੂੰ ਭੜਕਾ ਕੇ ਅਪਣੇ ਨਾਲ ਮਿਲਾ ਲਿਆ। ਫੈਸਲਾ ਇਹ ਕੀਤਾ ਗਿਆ ਕਿ ਗੁਰੂਸਾਹਿਬ ਜੀ ਨੂੰ ਗੋਇੰਦਵਾਲ ਖਾਲੀ ਕਰਨ ਦੇ ਲਈ ਮਜਬੂਰ ਕੀਤਾ ਜਾਵੇਗਾ। ਇਸ ਕਾਰਜ ਦੇ ਲਈ ਸਰਕਾਰੀ ਹਾਕਮਾਂ ਦੇ ਕੋਲ ਇਕ ਅਰਜ਼ੀ ਗੋਇੰਦੇ ਦੇ ਪਰਿਵਾਰ ਵਲੋਂ ਭੇਜੀ ਜਾਵੇ ਕਿ ਗੁਰੂਜੀ ਨੇ ਸਾਡੀ ਪਿਤਾ-ਪੁਰਖੀ ਜ਼ਮੀਨ ਤੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ ਕਿਰਪਾ ਕਰਕੇ ਸਾਨੂੰ ਇਨ੍ਹਾਂ ਤੋਂ ਖਾਲੀ ਕਰਵਾ ਕੇ ਵਾਪਸ ਦੁਆਈ ਜਾਵੇ। ਮਿਥੇ ਹੋਏ ਟੀਚੇ ਅਨੁਸਾਰ ਇਹ ਕੰਮ ਇਸ ਤਰ੍ਹਾਂ ਹੀ ਕੀਤਾ ਗਿਆ। ਇਲਜ਼ਾਮ ਦੀ ਅਰਜ਼ੀ ਲਾਹੋਰ ਦੇ ਸੁਬੇਦਾਰ (**ਰਾਜਪਾਲ**) ਦੀ ਕਚੈਹਰੀ ਵਿਚ ਪੇਸ਼ ਕੀਤੀ ਗਈ। ਲਾਹੌਰ ਦੇ ਸੁਬੇਦਾਰ ਖਿਜਰ ਖਵਾਜੀ ਖਾਨ ਨੇ ਪਣਤਾਲ ਦੇ ਹੁਕਮ ਦੇ ਦਿਤੇ। ਪੜਤਾਲੀਆਂ ਦਲ ਗੋਇੰਦਵਾਲ ਪੁਜਾ। ਉਨ੍ਹਾਂ ਨੇ ਗੁਰਦੇਵ ਦੇ ਲੰਗਰ ਤੋਂ ਭੋਜਨ ਗ੍ਰਹਣ ਕੀਤਾ ਅਤੇ ਚਾਰੋ ਤਰਫ ਨਿਸਕਾਮ ਸੇਵਾ ਭਜਨ ਹੁੰਦੇ ਹੋਏ ਵੇਖਿਆ। ਉਨ੍ਹਾਂ ਨੂੰ ਕਿਤੇ ਵੀ ਕੋਈ ਇਤਰਾਜ ਯੋਗ ਗਲ ਨਜ਼ਰ ਨਹੀਂ ਆਈ। ਆਖੀਰ ਵਿਚ ਉਨ੍ਹਾਂ ਨੇ ਗੁਰਦੇਵ ਪਾਸੋ ਜ਼ਮੀਨ ਨੂੰ ਭੇਟਾ ਦੇਣ ਦੀ ਵਾਰਤਾ ਸੁਣੀ। ਗੁਰੂਜੀ ਨੇ ਉਨ੍ਹਾਂ ਨੂੰ ਦਸਿਆ ਕਿ ਇਹ ਜਮੀਨ ਸਾਨੂੰ ਭਾਈ ਗੋਇੰਦੇ ਮਰਵਾਹ ਨੇ ਅਪਣੀ ਇੱਛਾ ਅਨੁਸਾਰ ਦਾਨ ਵਿਚ ਦਿਤੀ ਹੈ ਅਤੇ ਉਸ ਦਾ ਇਮਾਰਤਾ ਤਿਆਰ ਕਰਵਾਉ ਵਿਚ ਬਹੁਤ ਵਡਾ ਯੋਗਦਾਨ ਰਿਹਾ ਹੈ। ਇਸ ਤਰ੍ਹਾਂ ਇਹ ਮੁਕਦਮਾ ਰੱਦ ਕਰ ਦਿਤਾ ਗਿਆ।

# ਭਾਈ ਲੰਗਾਹ ਜੀ

ਸ਼੍ਰੀ ਗੁਰੂ ਅਮਰਦਾਸ ਜੀ ਸੁਵੇਰ ਦਾ ਨਾਸ਼ਤਾ ਦਹੀ ਦੇ ਨਾਲ ਕਰਦੇ ਸਨ। ਦਹੀ ਲਿਆਉਣ ਦੀ ਸੇਵਾ ਇਕ ਸਿੱਖ ਭਾਈ ਲੱਗਰ ਜੀ ਕਰਦੇ ਸਨ। ਇਸ ਮਨੁੰਖ ਦਾ ਪਿੰਡ ਗੋਇੰਦਵਾਲ ਤੋਂ ਦੋ ਕੋਹ ਦੀ ਦੂਰੀ ਤੇ ਸੀ। ਇਸ ਮਨੁੰਖ ਦੀ ਬੱਚਪਨ ਵਿਚ ਇਕ ਲੱਤ ਪੋਲਿਯੋ ਰੋਗ ਨਾਲ ਖਰਾਬ ਹੋ ਗਈ ਸੀ, ਜਿਸ ਕਾਰਣ ਉਹ ਲੰਗੜਾ ਕੇ ਚਲਦਾ ਸੀ ਅਤੇ ਉਸ ਨੂੰ ਇਕ ਬੈਸਾਖੀ (**ਸੋਟੀ**) ਦਾ ਸਹਾਰਾ ਲੈਣਾ ਪੈਂਦਾ ਸੀ। ਇਹ ਸੇਵਾ ਉਹ ਕਈ ਸਾਲਾ ਤੋਂ ਗੁਰੂਜੀ ਦਾ ਭਗਤ ਹੋਣ ਦੇ ਨਾਤੇ ਕਰਦਾ ਚਲਿਆ ਆ ਰਿਹਾ ਸੀ। ਰਾਹ ਵਿਚ ਉਸ ਨੂੰ ਸਥਾਨਿਕ ਚੌਧਰੀ ਅਕਸਰ ਮਿਲ ਜਾਂਦਾ ਸੀ। ਜਦੋਂ ਉਹ ਚੌਧਰੀ ਭਾਈ 'ਲੰਗਰ' ਜੀ ਨੂੰ ਵੇਖਦਾ ਤਾਂ ਉਨ੍ਹਾਂ ਨਾਲ ਹੰਸੀ-ਮਜ਼ਾਕ ਕਰਦਾ ਅਤੇ ਕਹਿੰਦਾ ਕਿ ਤੂੰ ਹਰਰੋਜ ਇਤਨੀ ਦੂਰ ਤੋਂ ਦਹੀ ਢੋਣ ਦਾ ਕਾਰਜ ਕਰਦਾ ਹੈ ਅਤੇ ਲੰਗੜਾ ਹੋਣ ਕਾਰਣ ਦੁਖ ਭੋਗਦਾ ਹੈ। ਕੀ ਤੇਰਾ ਗੁਰੂਤੇਰੀ ਟੰਗ ਠੀਕ ਨਹੀਂ ਕਰ ਸਕਦਾ? ਭਾਈ ਜੀ ਉਸ ਦਾ ਮਿਹਣਾ ਸੁਣ ਦੇ ਪਰ ਸ਼ਾਂਤ ਰਹਿੰਦੇ। ਕਦੇ-ਕਦੇ ਉਹ ਜਵਾਬ ਦੇਣ ਦੇ ਲਈ ਮਜਬੂਰ ਵੀ ਕਰਦਾ। ਇਸ ਤੇ ਭਾਈ ਲੰਗਾਹ ਜੀ ਸਿਰਫ ਇਹ ਹੀ, ਜਵਾਬ ਦਿੰਦੇ ਕਿ ਮੈਂ ਤਾਂ ਨਿਸਕਾਮ ਸੇਵਾ ਕਰਦਾ ਹਾਂ। ਮੈਂਨੂੰ ਅਪਣੇ ਲਈ ਗੁਰਦੇਵ ਤੋਂ ਕੁਝ ਨਹੀਂ ਚਾਹਿਦਾ। ਪਰ ਚੌਧਰੀ ਕਹਿੰਦਾ ਓਹ ਤਾਂ ਠੀਕ ਹੈ ਫਿਰ ਸੇਵਾ ਕਰਨੇ ਦਾ ਤੈਨੂੰ ਦੀ ਲਾਭ ਹੋਇਆ? ਉੱਤਰ ਵਿਚ ਭਾਈ ਜੀ ਕਹਿੰਦੇ-ਮੈਂ ਤਾਂ ਸੇਵਾ ਪ੍ਰੇਮਵਸ ਕਰਦਾ ਹਾਂ, ਇਸ ਵਿਚ ਫਾਇਦਾ-ਨੁਕਸਾਨ ਨਹੀਂ ਵੇਖਿਆ ਜਾਂਦਾ। ਚੌਧਰੀ ਇਨ੍ਹਾਂ ਜਵਾਬ ਨਾਲ ਸੰਤੁਸ਼ਟ ਨਹੀਂ ਹੁੰਦਾ ਸੀ ਤਾਂ ਫਿਰ ਕਹਿੰਦਾ ਸਾਨੂੰ ਤੇਰੇ ਤੇ ਬਹੁਤ ਦਇਆ ਆਉਂਦੀ ਹੈ, ਕੀ ਤੇਰੇ ਗੁਰੂਨੂੰ ਤੇਰੇ ਤੇ ਦਇਆ ਨਹੀਂ ਆਉਂਦੀ। ਉੱਤਰ ਵਿਚ ਭਾਈ ਜੀ ਕਹਿੰਦੇ ਕਿ ਗੁਰਦੇਵ ਸਮਰਥ ਹਨ ਅਤੇ ਪਿਤਾ ਸਰੂਪ ਹਨ, ਓਹ ਅਪਣੇ ਬੱਚਿਆ ਦੀ ਜਰੂਰਤਾਂ ਜਾਣਦੇ ਹਨ ਓਹ ਠੀਕ ਸਮਝਣਗੇ ਤਾਂ ਸਾਰਿਆ ਬਖਸ਼ੀਸ਼ਾਂ ਕਰਣਗੇ। ਇਸ ਪ੍ਰਕਾਰ ਸਮਾਂ ਬਤੀਤ ਹੁੰਦਾ ਗਿਆ। ਅਸਲ ਵਿਚ ਧਨ ਦੀ ਬਹੁਤਾਤ ਦੇ ਕਾਰਣ ਚੋਧਰੀ ਇਕ ਮਨਚਲਾ ਨਾਸਤਕ ਕਿਸਮ ਦਾ ਬੰਦਾ ਬਣ ਗਿਆ ਸੀ। ਜਿਸ ਨੂੰ ਧਰਮ-ਕਰਮ ਵਿਚ ਕੋਈ ਵਿਸਵਾਸ ਨਹੀਂ ਸੀ। ਇਕ ਦਿਨ ਚੌਧਰੀ ਨੇ ਭਾਈ ਲੰਗਾਹ ਜੀ ਨੂੰ ਰਾਹ ਵਿਚ ਘੇਰ ਲਿਆ ਅਤੇ ਉਨ੍ਹਾਂ ਨੂੰ ਅਪਣੇ ਮਿਤਰ ਨਾਲ ਮਿਲ ਕੇ ਪਰੇਸ਼ਾਨ ਕਰਨ ਲਗਾ ਹੋਰ ਨਾਲ ਹੀ ਉਨ੍ਹਾਂ ਦੀ ਬੈਸਾਖੀ ਵੀ ਖੋਹ ਲਈ ਅਤੇ ਕਹਿਣ ਲੱਗਾ-ਦੱਸੋ ਤੂੰ ਗੁਰੂਜੀ ਨੂੰਕਹਿਆ ਕਿ ਨਹੀਂ ਕਿ ਮੇਰੀ ਟੰਗ ਠੀਕ ਕਰ ਦਿਓ। ਭਾਈ ਲੰਗਾਹ ਜੀ ਨੇ ਬਹੁਤ ਧੀਰਜ ਨਾਲ ਉੱਤਰ ਦਿਤਾ ਕਿ ਮੈਂਨੂੰ ਇਸ ਦੀ ਜਰੂਰਤ ਮਹਿਸੂਸ ਨਹੀਂ ਹੋਈ। ਇਸ ਤੇ ਚੌਧਰੀ ਨੇ ਕਹਿਆ- ਤਾਂ ਠੀਕ ਹੈ, ਅਜ ਅਸੀ ਤੈਨੂੰ ਇਹ ਬੈਸਾਖੀ ਹੀ ਨਹੀਂ ਦੇਂਦੇ, ਹੁਣ ਦਸ ਤੈਨੂੰ ਟੰਗ ਠੀਕ ਕਰਾਉਣ ਦੀ ਲੋੜ ਹੈ ਕਿ ਨਹੀਂ। ਭਾਈ ਜੀ ਨੇ ਬਹੁਤ ਹੀ ਨਿਮਰਤਾਂ ਨਾਲ ਚੌਧਰੀ ਨੂੰ ਬੇਨਤੀ ਕੀਤੀ ਕਿ ਮੈਂਨੂੰ ਜਾਣੇ ਦਿਓ ਪਰ ਚੌਧਰੀ ਕਿਥੇ ਮਨੰਣ ਵਾਲਾ ਸੀ। ਬਸ ਉਸ ਨੂੰ ਤਾਂ

ਭਾਈ ਲੰਗਾਹ ਜੀ ਦਾ ਮਜ਼ਾਕ ਦਾ ਜਨੂਨ ਸੀ। ਉਹ ਕਹਿੰਦਾ ਕਿ ਤੈਨੂੰ ਕਈ ਸਾਲ ਹੋ ਗਏ ਹਨ ਸੇਵਾ ਕਰਦੇ-ਕਰਦੇ। ਇੱਦਾ ਦੀ ਸੇਵਾ ਦਾ ਕੀ ਲਾਭ, ਜਿਸ ਨਾਲ ਸ਼ਰੀਰ ਦਾ ਥੋੜਾ ਜਿਨ੍ਹਾਂ ਕਸ਼ਟ ਵੀ ਨਹੀਂ ਹਟਦਾ? ਪਰ ਭਾਈ ਲੰਗਾਹ ਜੀ ਸ਼ਾਂਤ ਚਿਤ ਆਡੋਲ ਸਿਰਫ ਨਿਮਰਤਾ ਭਾਵ ਨਾਲ ਬੇਨਤੀ ਕਰਦੇ ਰਹੇ ਕਿ ਚੌਧਰੀ ਜੀ ਮੈਂਨੂੰ ਜਾਣ ਦਿਓ। ਅੰਤ ਵਿਚ ਚੌਧਰੀ ਨੇ ਅਪਣਾ ਮਨ ਬਦਲ ਲਿਆ ਅਤੇ ਬੈਸਾਖੀ ਵਾਪਸ ਕਰ ਦਿਤੀ ਉਦੋਂ ਤਕ ਬਹੁਤ ਦੇਰ ਹੋ ਚੁੱਕੀ ਸੀ। ਜਦੋਂ ਭਾਈ ਲੰਗਾਹ ਜੀ ਦਹੀਂ ਲੈ ਕੇ ਗੁਰਦੇਵ ਦੇ ਸਮਮੁਖ ਹਾਜ਼ਰ ਹੋਏ ਤਾਂ ਉਨ੍ਹਾਂ ਨੇ ਦੇਰ ਨਾਲ ਆਉਣ ਦਾ ਕਾਰਣ ਪੁਛਿਆ। ਉੱਤਰ ਵਿਚ ਭਾਈ ਲੰਗਾਹ ਨੇ ਕਿਹਾ- ਆਪ ਜੀ ਸਰਵਗਿਏ ਹੋ, ਇਸ ਲਈ ਮੈਂ ਆਪ ਜੀ ਨੂੰ ਕੀ ਦਸਾਂ। ਗੁਰੁਦੇਵ ਨੇ ਉਨ੍ਹਾਂ ਨੂੰ ਧੀਰਜ ਦਿਤਾ ਅਤੇ ਕਹਿਆ ਕਰਤਾਰ ਭਲੀ ਕਰੇਗਾ। ਆਪ ਲਾਹੌਰ ਚਲੇ ਜਾਓ। ਉਥੇ ਸੂਫੀ ਸੰਤ ਸ਼ਾਹ ਹੁਸੈਨ ਜੀ ਹਨ। ਉਨ੍ਹਾਂ ਨੂੰ ਕਹਿਣਾ ਕਿ ਮੈਂਨੂੰ ਅਮਰਦਾਸ ਜੀ ਨੇ ਆਪ ਦੇ ਕੋਲ ਭੇਜਿਆ ਹੈ ਅਤੇ ਬੇਨਤੀ ਕਰਨੀ ਹੈ ਕਿ ਆਪ ਮੇਰੀ ਟੰਗ ਠੀਕ ਕਰਦੇਵੋ ਭਾਈ ਲੰਗਾਹ ਜੀ ਨੇ ਹੁਕਮ ਮੰਨ ਕੇ ਇੱਦਾਂ ਹੀ ਕੀਤਾ। ਬੈਲ ਗਡੀ ਦਾ ਸਫਰ ਕਰਦੇ ਉਹ ਲਾਹੌਰ ਪੁੱਜ ਗਏ। ਉਨ੍ਹਾਂ ਨੇ ਸ਼ਾਹ ਹੁਸੈਨ ਜੀ ਦੇ ਦਰਬਾਰ ਵਿਚ ਬੇਨਤੀ ਕੀਤੀ ਕਿ ਆਪ ਜੀ ਮੇਰੀ ਟੰਗ ਠੀਕ ਕਰ ਦੇਵੋ। ਸ਼ਾਹ ਹੁਸੈਨ ਜੀ ਨੇ ਉਸ ਤੋਂ ਸਾਰੀ ਵਾਰਤਾ ਧਿਆਨ ਨਾਲ ਸੁਣੀ ਅਤੇ-ਕਹਿਆ ਗੁਰੂਅਮਰ ਦਾਸ ਜੀ ਪੂਰਨ ਪੁਰਖ ਹਨ, ਤੂੰ ਉਨ੍ਹਾਂ ਦਾ ਦਰ ਛਡ ਕੇ ਇਥੇ ਕੀ ਲੈਣ ਆਇਆ ਹੈਂ। ਤੁਸੀਂ ਫੌਰਨ ਵਾਪਸ ਮੁੜ ਜਾਓ ਅਤੇ ਉੱਥੇ ਹੀ ਉਨ੍ਹਾਂ ਪਾਸ ਮੁੜ ਕੇ ਮੇਰੀ ਤਰਫੋ ਵੀ ਬੇਨਤੀ ਕਰਨੀ ਕਿ ਮੈਂ ਤਾਂ ਇਕ ਅਦਨਾ ਜਿਹਾ ਸੇਵਕ ਹਾਂ। ਮੇਰੇ ਕੋਲ ਐਸੀ ਸਮਰਥਾ ਕਿੱਥੇ ਜੋ ਮੈਂ ਚਮਤਕਾਰ ਵਿਖਾ ਸਕਾ? ਪਰੰਤੂ ਭਾਹੀ ਲੰਗਾਹ ਜੀ ਨਹੀਂ ਮੰਨੇ। ਉਹ ਕਹਿਣ ਲਗੇ ਕਿ ਮੈਂਨੂੰ ਉਨ੍ਹਾਂ ਹੀ ਤੁਸਾਂ ਪਾਸ ਭੇਜਿਆ ਹੈ, ਵੈਸੇ ਮੈਂ ਆਪਣੇ ਆਪ ਕਦੇ ਵੀ ਆਉਣ ਵਾਲਾ ਨਹੀਂ ਸੀ। ਇਸ ਗੱਲ ਤੇ ਦੋਨਾਂ ਤਰਫੋ ਤਕਰਾਰ ਹੋ ਗਈ ਅਤੇ ਦਬਾਅ ਵਧਣ ਲੱਗਾ। ਪੀਰ ਜੀ ਕਹਿੰਦੇ ਤੂੰ ਵਾਪਸ ਜਾ ਕਿਉਂਕਿ ਗੁਰੂਜੀ ਸਮਰਥ ਹਨ। ਲੰਗਾਹ ਜੀ ਕਹਿੰਦੇ ਕਿ ਉਨ੍ਹਾਂ ਹੀ ਮੈਂਨੂੰ ਆਪ ਜੀ ਪਾਸ ਘੱਲਿਆ ਹੈ। ਇਸ ਤਰ੍ਹਾਂ ਕਹਾਸੁਣੀ ਹੋ ਗਈ। ਅੰਤ ਵਿਚ ਕ੍ਰੋਧ ਵਿਚ ਆਕੇ ਇਕ ਸੋਟਾ ਲੈ ਕੇ ਪੀਰ ਜੀ ਭਾਈ ਲੰਗਾਹ ਨੂੰ ਮਾਰਣ ਦੌੜ ਪਏ ਅਤੇ ਆਖਣ ਲਗੇ ਜਾਂਦਾ ਹੈ ਕਿ ਨਹੀਂ। ਹੁਣੇ ਤੇਰੀ ਲੱਤ ਠੀਕ ਕਰਕੇ ਹੀ ਛਡਦਾ ਹਾਂ। ਮਾਰ ਕੇ ਡਰਕਾਰਣ ਭੈਭੀਤ ਹੋਏ ਭਾਈ ਲੰਗਾਹ ਜੀ ਅਪਣੀ ਬੈਸਾਖੀ ਉਥੇ ਹੀ ਛਡ ਕੇ ਭਜ ਪਏ। ਵੇਖਦੇ ਕੀ ਹਨ ਕਿ ਉਨ੍ਹਾਂ ਦੀ ਲੱਤ ਠੀਕ ਹੋ ਗਈ ਹੈ। ਹੁਣ ਉਨ੍ਹਾਂ ਨੂੰ ਬੈਸਾਖੀ ਦੇ ਸਹਾਰੇ ਦੀ ਲੌੜ ਨਹੀਂ ਰਹੀ। ਉਹ ਖੁਸ਼ੀ-ਖੁਸ਼ੀ ਮਨ ਹੀ ਮਨ ਗੁਰੂਜੀ ਦਾ ਧੰਨਵਾਦ ਕਰਦੇ ਹੋਏ ਵਾਪਸ ਆ ਗਏ। ਜਦੋਂ ਉਸ ਪਿੰਡ ਦੇ ਚੌਧਰੀ ਨੇ ਭਾਈ ਲੰਗਾਹ ਜੀ ਨੂੰ ਬਿਲਕੁਲ ਠੀਕ ਵੇਖਿਆ ਤਾਂ ਉਹ ਅਪਣੀ ਮੁਰਖਤਾ ਤੇ ਪਸ਼ਚਾਤਾਪ ਕਰਣ ਲਈ ਗੁਰਦੇਵ ਦੇ ਸਮਮੁਖ ਹਾਜ਼ਿਰ ਹੋਇਆ ਅਤੇ ਅਪਣੀ ਗੁਸਤਾਖੀ ਲਈ ਖਿਮਾ ਜਾਚਨਾ ਕਰਣ ਲਗਾ।

# ਗੰਗੂਸ਼ਾਹ

ਸ਼੍ਰੀ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਦਰਸ਼ਾਰਥੀਆ ਦੀ ਸਦਾ ਭੀੜ ਬਣੀ ਰਹਿੰਦੀ ਸੀ। ਇਕ ਦਿਨ ਲਾਹੌਰ ਨਗਰ ਦਾ ਇਕ ਵਪਾਰੀ ਆਪ ਜੀ ਦੇ ਸਮਮੁਖ ਹਾਜ਼ਰ ਹੋਇਆ ਅਤੇ ਬੇਨਤੀ ਕਰਨ ਲਗਾ ਕਿ ਗੁਰਦੇਵ ! ਮੇਰੇ ਵਪਾਰੀ ਵਿਚ ਇਕ ਸਾਰਤਾ ਨਹੀਂ ਰਹਿੰਦੀ। ਮੈਂਨੇ ਬਹੁਤ ਘਾਟੇ ਪਾਏ ਹਨ। ਕ੍ਰਿਪਾ ਕਰ ਕੇ ਕੋਈ ਐਸੀ ਜੁਗਤੀ ਦਸੋਂ ਕਿ ਜਿਸ ਨਾਲ ਬਰਕਤਾਂ ਬਣੀਆਂ ਰਹਿਣ। ਉੱਤਰ ਵਿਚ ਗੁਰੂਜੀ ਨੇ ਕਹਿਆ–ਗੰਗੂਸ਼ਾਹ ਤੇਰੇ ਵਿਆਪਾਰ ਵਿਚ ਪ੍ਰਭੂਨੇ ਚਾਹਿਆ ਤਾਂ ਬਹੁਤ ਲਾਭ ਹੋਵੇਗਾ, ਜੇਕਰ ਤੂੰ ਆਪਣੀ ਆਮਦਨੀ ਵਿਚੋਂ ਪ੍ਰਭੂਦੇ ਨਾਂ ਤੇ ਦਸਵੰਦ ਕਡਿਆ ਕਰ ਅਤੇ ਉਸ ਰਕਮ ਨੂੰਜਰੂਰਤ ਮੰਦ ਗਰੀਬਾਂ ਦੀ ਸਹਾਇਤਾ ਲਈ ਵਰਤਿਆਂ ਕਰੇਗਾ ਤਾਂ ਜ਼ਰੂਰ ਬਰਕਤਾਂ ਪੈਣਗੀਆਂ ਗੁਰਦੇਵ ਇਸ ਵਪਾਰੀ ਨੂੰ ਪਹਿਲਾ ਤੋਂ ਜਾਣਦੇ ਸਨ। ਕਦੇ ਸਮਾਂ ਸੀ ਜਦੋਂ ਆਪ ਜੀ ਵਪਾਰੀ ਦੇ ਵਿਸ਼ੇ 'ਚ ਬਾਸਰਕੇ ਤੋਂ ਇਸ ਸਾਹੂਕਾਰ ਦੇ ਲਾਹੌਰ ਵਿਚ ਸਹਿਯੋਗੀ ਹੋਇਆ ਕਰਦੇ ਸਨ।

ਗੰਗੂਸ਼ਾਹੂਕਾਰ ਨੇ ਵਚਨ ਦਿਤਾ ਅਤੇ ਕਿਹਾ–ਆਪ ਦੀ ਅਸੀਸ ਹੋਣੀ ਚਾਹਿਦੀ ਹੈ। ਮੈਂ ਦਸਵੰਦ ਧਰਮ ਹਿਤ ਵਿੱਚ ਖਰਚ ਕਰਿਆ ਕਰਾਂਗਾਂ। ਉਹ ਗੁਰਦੇਵ ਤੋਂ ਆਗਿਆ ਲੈਕੇ ਦਿੱਲੀ ਨਗਰ ਚਲਾ ਗਿਆ। ਉਸ ਨੇ ਨਵੇਂ ਸਿਰਓ ਸਾਹੂਕਾਰੇ ਦਾ ਧੰਦਾ ਸ਼ੁਰੂ ਕੀਤਾ। ਸਹਿਜੇ–ਸਹਿਜੇ ਵਪਾਰ ਫਲੀਭੂਤ ਹੋਣ ਲਗਾ। ਕੁਝ ਸਮੇਂ ਵਿਚ ਹੀ ਗੰਗੂਸ਼ਾਹ ਵਡੇ ਸਾਹੂਕਾਰਾਂ ਵਿਚ ਗਿਣਿਆ ਜਾਣ ਲਗਾ। ਇਕ ਵਾਰ ਪ੍ਰਸ਼ਾਸਨ ਨੂੰ ਇਕ ਲੱਖ ਰੂਪਏ ਦੀ ਲਾਹੌਰ ਨਗਰ ਦੇ ਲਈ ਹੁੰਡੀ ਦੀ ਜਰੂਰਤ ਪੈ ਗਈ। ਕਈ ਵੀ ਵਿਆਪਾਰੀ ਇਤਨੀ ਵਡੀ ਧਨ–ਰਾਸ਼ੀ ਦੀ ਹੁੰਡੀ ਬਣਾਉਣ ਦੀ ਸ਼ਮਤਾ ਨਹੀਂ ਰਖਦਾ ਸੀ। ਪਰ ਗੰਗੂਸ਼ਾਹ ਨੇ ਇਹ ਹੰਡੀ ਤੁਰੰਤ ਤਿਆਰ ਕਰ ਦਿਤੀ। ਇਤਨੀ ਵਡੀ ਸ਼ਮਤਾ ਵਾਲੇ ਵਪਾਰੀ ਜਾਣਕੇ ਸਰਕਾਰੀ ਦਰਬਾਰ ਵਿਚ ਉਨ੍ਹਾਂ ਦਾ ਸੰਮਾਨ ਵਦਣੇ ਲਗਾ।

ਇਕ ਲੋੜਵੰਦ, ਇਕ ਦਿਨ ਗੋਇੰਦਵਾਲ ਗੁਰੂਜੀ ਦੇ ਦਰਬਾਰ ਵਿਚ ਹਾਜ਼ਰ ਹੋਇਆ ਅਤੇ ਨਿਮ੍ਰਤਾ ਸਹਿਤ ਬੇਨਤੀ ਕਰਣੇ ਲਗਾ–ਹੇ ਗੁਰਦੇਵ ਜੀ, ਮੈਂ ਆਰਥਿਕ ਤੰਗੀ ਵਿਚ ਹਾਂ। ਮੇਰੀ ਬੇਟੀ ਦਾ ਵਿਆਹ ਤੈਅ ਹੋ ਗਿਆ ਹੈ ਪਰ ਮੇਰੇ ਪਾਸ ਧਨ ਨਹੀਂ, ਜਿਸ ਨਾਲ ਮੈਂ ਉਸ ਦਾ ਵਿਆਹ ਪੂਰਣ ਕਰ ਸਕਾ। ਇਸ ਲਈ ਤੁਸੀ ਮੇਰੀ ਸਹਾਇਤਾ ਕਰੋ। ਗੁਰਦੇਵ ਨੇ ਉਸ ਨੂੰ ਇਕ ਹੁੰਡੀ ਪੰਜ ਸੌ ਰੁਪਏ ਦੀ ਦਿਤੀ ਅਤੇ ਕਹਿਆ ਇਹ ਹੁੰਡੀ ਅਸਾਡੇ ਸਿੱਖ ਗੰਗੂਸ਼ਾਹ ਦੇ ਨਾਂ ਤੇ ਹੈ ਆਪ ਇਸ ਨੂੰ ਲੈਕੇ ਉਸ ਕੋਲ ਦਿੱਲੀ ਚਲੇ ਜਾਓ, ਉਹ ਇਹ ਰਕਮ ਤੁਸਾਂ ਨੂੰ ਉਸੀ ਵਕਤ ਦੇ ਦੇਵੇਗਾ। ਜਦੋਂ ਉਹ ਮਨੁੰਖ ਹੁੰਡੀ ਲੈਕੇ ਗੰਗੂਸ਼ਾਹ ਦੇ ਕੋਲ ਦਿੱਲੀ ਪੁਜਾ ਤਾਂ ਉਹ

ਵਿਚਾਰਾ ਵਿਚ ਗੁਵਾਚ ਗਿਆ ਅਤੇ ਸੋਚਣ ਲਗਾ ਕਿ ਹੁੰਡੀ ਦਾ ਰੁਪਇਆ ਭੁਗਤਾਨ ਕਰਨ ਵਿਚ ਮੈਂਨੂੰ ਕੋਈ ਔਖ ਨਹੀਂ ਹੈ। ਜੇਕਰ ਮੈਂ ਅਜ ਇਹ ਰੁਪਏ ਸਿੱਖ ਨੂੰ ਦੇਂਦਾ ਹਾਂ ਤਾ ਕਲ ਨੂੰ ਤਾਂ ਗੁਰਦੇਵ ਦੇ ਪਾਸ ਹੋਰ ਲੋੜਵੰਦ ਸਿੱਖ ਵੀ ਆਉਂਦੇ ਰਹਿੰਦੇ ਹਨ, ਕਿਉਕਿ ਉਥੇ ਤਾਂ ਇੱਦਾਂ ਦੇ ਲੋਕਾਂਦਾ ਤਾਂ ਤਾਂਤਾ ਲਗਿਆ ਹੀ ਰਹਿੰਦਾ ਹੈ, ਫਿਰ ਮੈਂ ਕਿਸ-ਕਿਸ ਦੀ ਹੁੰਡੀ ਅਦਾ ਕਰਦਾ ਫਿਰਾਗਾ। ਬਸ ਇਹ ਵਿਚਾਰ ਕਰਕੇ ਉਹ ਮੁਕਰ ਗਿਆ ਅਤੇ ਕਹਿਣ ਲਗਾ-ਭਾਈ ਸਾਹਿਬ ਮੈਂਨੇ ਸਾਰੇ ਖਾਤੇ ਦੇਖ ਲਏ ਹਨ, ਮੇਰੇ ਕੋਲ ਗੁਰਦੇਵ ਜੀ ਦਾ ਕੋਈ ਖਾਤਾ ਹੈ ਹੀ ਨਹੀਂ। ਇਸ ਲਈ ਮੇਰਾ ਉਨ੍ਹਾਂ ਦਾ ਕੁਝ ਵੀ ਲੈਣ ਦੇਣ ਨਹੀਂ ਹੈ। ਸਿੱਖ ਨੇ ਬਹੁਤ ਨਿਮ੍ਰਤਾਪੁਰਵਕ ਬੇਨਤੀ ਕੀਤੀ ਕਿ ਗੁਰਦੇਵ ਮੈਂਨੂੰ ਕਦੇ ਗਲਤ ਹੁੰਡੀ ਨਹੀਂ ਦੇ ਸਕਦੇ। ਤੁਸੀ ਮੈਂਨੂੰ ਨਿਰਾਸ਼ ਨਾ ਮੌੜੇ ਕਿਉਂਕਿ ਮੇਰਾ ਨਿਰਾਸ਼ ਵਾਪਸ ਮੁੜਨਾ ਗੁਰਦੇਵ ਦਾ ਨਿਰਾਦਰ ਹੈ। ਪਰ ਗੰਗੂਸ਼ਾਹ ਮਾਇਆ ਦੇ ਹੰਕਾਰ ਵਿਚ ਮਸਤ ਕੁਝ ਸੁਣਨ ਨੂੰ ਤਿਆਰ ਹੀ ਨਹੀਂ ਹੋਇਆ। ਸਿੱਖ ਗੁਰਦੇਵ ਦੇ ਕੋਲ ਵਾਪਸ ਪਰਤ ਆਇਆ ਅਤੇ ਹੁੰਡੀ ਵਾਪਸ ਕਰ ਦਿਤੀ। ਇਸ ਗਲ ਤੇ ਗੁਰੂਜੀ ਦਾ ਮਨ ਬਹੁਤ ਦੁਖਿਆ। ਉਨ੍ਹਾਂ ਨੇ ਕਹਿਆ-ਚੰਗਾ ਜੇਕਰ ਗੰਗੂਸ਼ਾਹ ਦੇ ਖਾਤਿਆ ਵਿਚ ਸਾਡਾ ਨਾਂ ਨਹੀਂ ਹੈ ਤਾਂ ਅਸਾ ਨੇ ਵੀ ਉਸ ਦਾ ਨਾ ਅਪਣੇ ਖਾਤਿਆ ਤੋਂ ਕਟ ਦਿਤਾ ਹੈ ਅਤੇ ਉਸ ਅਭਿਆਗਤ ਸਿੱਖ ਨੂੰ ਜਰੂਰਤ ਅਨੁਸਾਰ ਧਨ ਦੇ ਕੇ ਪ੍ਰੇਮ ਨਾਲ ਵਿਦਾ ਕੀਤਾ।

ਉਧਰ ਦਿੱਲੀ ਵਿਚ ਗੰਗੂਸ਼ਾਹ ਦਾ ਕੁਝ ਹੀ ਦਿਨ੍ਹਾਂ ਵਿਚ ਦਿਵਾਲਾ ਨਿਕਲ ਗਿਆ ਅਤੇ ਉਹ ਦਿੱਲੀ ਤੋਂ ਕਰਜ਼ਦਾਰ ਹੋਕੇ ਭੱਜਿਆ। ਪਰ ਹੁੱਣ ਉਸ ਨੂੰ ਭਜਨ ਦੇ ਲਈ ਕੋਈ ਠਿਕਾਣਾ ਵਿਖਾਈ ਨਹੀਂ ਦੇ ਰਿਹਾ ਸੀ ਤਾ ਅਖਿਰਕਾਰ ਉਹ ਟੱਕਰਾ ਮਾਰਦਾ ਹੋਇਆ ਮੁੜ ਕੇ ਗੋਇੰਦਵਾਲ ਪਹੁੰਚਿਆ ਪਰ ਉਸ ਹੋਸਲਾ ਨਾ ਬਣਿਆ ਕਿ ਉਹ ਗੁਰਦੇਵ ਦੇ ਸਮਮੁਖ ਹਾਜ਼ਰ ਹੋਵੇ। ਇਸ ਲਈ ਉਹ ਲੰਗਰ ਵਿਚ ਸੇਵਾ ਕਰਨੇ ਲਗਾ। ਸੇਵਾ ਕਰਦੇ-ਕਰਦੇ ਕਈ ਮਹਿਨੇ ਬੀਤ ਗਏ। ਇਸ ਵਾਰ ਦੀ ਸੇਵਾ ਨਾਲ ਉਸ ਦੇ ਹਿਰਦੇ ਦਾ ਅਹੰ-ਭਾਵ (ਅੰਹੁਕਾਰ) ਦੀ ਮੈਲ ਧੋਤੀ ਗਈ ਉਹ ਹਰਵਕਤ ਪਸ਼ਚਾਤਾਪ ਦੀ ਅੱਗ ਵਿਚ ਜਲਦੇ ਹੋਏ ਹਰਿ ਨਾਮ ਦਾ ਸਿਮਰਨ ਵੀ ਕਰਦਾ ਰਹਿੰਦਾ ਸੀ। ਇਕ ਦਿਨ ਗੁਰਦੇਵ ਲੰਗਰ ਦੇ ਪਾਸ ਕਮਰੇ ਵਿਚ, ਜਿਥੇ ਭੋਜਨ ਤਿਆਰ ਦੀ ਸ਼ੁਰੂਆਤੀ ਤਿਆਰੀ ਦੀ ਜਾਂਦੀ ਸੀ, ਉਥੇ ਆਏ। ਇਸ ਸ਼ੁਭ ਮੌਕੇ ਦਾ ਫਾਇਦਾ ਲੈਕੇ ਗੰਗੂਸ਼ਾਹ ਗੁਰਦੇਵ ਦੇ ਚਰਣਾਂ ਵਿਚ ਡਿਗ ਪਿਆ ਅਤੇ ਦੰਡੋਤ ਨਮਸ਼ਕਾਰ ਕਰਣ ਲਗਾ। ਗੁਰਦੇਵ ਦਇਆ ਦੇ ਪੁੰਜ ਸਨ। ਉਨ੍ਹਾਂ ਨੇ ਉਸ ਨੂੰ ਫਿਰ ਤੋਂ ਚੱਕ ਕੇ ਅਪਣੇ ਗੱਲੇ ਲਗਾ ਲਿਆ ਅਤੇ ਕਿਹਾ ਤੂੰ ਖਿਮਾ ਦੇ ਲਾਇਕ ਤਾਂ ਨਹੀਂ ਸੀ ਪਰ ਤੇਰੀ ਸੇਵਾ ਅਤੇ ਪੋਸ਼ਚਾਤਾਪ ਨੇ ਸਾਨੂੰ ਮਜਬੂਰ ਕੀਤਾ ਹੈ। ਹੁਣ ਵਾਪਸ ਜਾਓ ਅਤੇ ਮੁੜ ਕੇ ਵਿਆਪਾਰ ਸ਼ੁਰੂਕਰ ਪਰ ਧਰਮ-ਕਰਮ ਕਰਨਾਂ ਨਾ ਭੁਲਾਈ।

# ਨਥੋ ਅਤੇ ਮੁਰਾਰੀ

ਲਾਹੌਰ ਨਗਰ ਵਿਚ ਇਕ ਅਮੀਰ ਪਰਿਵਾਰ ਰਹਿੰਦਾ ਸੀ। ਇਸ ਪਰਿਵਾਰ ਦਾ ਇਕਲੌਤਾ ਪੁਤ੍ਰ ਪ੍ਰੇਮਾ ਜਦੋਂ ਜਵਾਨ ਹੋਇਆ ਤਾਂ ਧਨ ਦੀ ਬਹੁਤਾਤ ਕਾਰਣ ਉਸ ਨੂੰ ਬਹੁਤ ਸਾਰੇ ਐਬ ਲਗ ਗਏ। ਉਹ ਐਸ਼-ਪਰਸਤੀ ਦਾ ਜੀਵਨ ਜੀਣ ਲਗਾ। ਇਸ ਤਰ੍ਹਾਂ ਉਹ ਸਹਿਜੇ-ਸਹਿਜੇ ਕੁਸੰਗਤ ਦੀ ਦਲ-ਦਲ ਵਿਚ ਫਸਦਾ ਹੀ ਚਲਾ ਗਿਆ। ਮਾਪਿਆ ਨੇ ਬਹੁਤ ਕੋਸ਼ੀਸ਼ ਕੀਤੀ ਕਿ ਕਿਸੀ ਤਰ੍ਹਾਂ ਉਨ੍ਹਾਂ ਦਾ ਬੇਟਾ ਉੱਜਵਲ ਜੀਵਨ ਚਰਿਤ੍ਰ ਦਾ ਮਨੁੱਖ ਬਣ ਜਾਵੇ ਪਰ ਸਭ ਵਿਅਰਥ ਰਿਹਾ। ਇਸੇ ਦੁੱਖ ਹਥੋਂ ਉਨ੍ਹਾਂ ਦੀ ਮੌਤ ਹੋ ਗਈ। ਸਾਰੀ ਜਾਇਦਾਦ ਵਿਗੜੇ ਹੋਏ ਜਵਾਨ ਪ੍ਰੇਮੇ ਦੇ ਹਥ ਲਗ ਗਈ। ਹੁਣ ਉਸ ਤੇ ਕਿਸੀ ਪ੍ਰਕਾਰ ਦੀ ਰੋਕ ਟੋਕ ਵੀ ਨਾ ਰਹੀ। ਉਹ ਬਿਨ੍ਹਾਂ ਸੋਚੇ ਵਿਚਾਰੇ ਜਾਇਦਾਦ ਦੀ ਕੂਵਰਤੋ ਕਰਣ ਲਗਾ। ਕੁਸੰਗਤਿਆਂ ਨੇ ਉਸ ਨੂੰ ਸੁਰਾ-ਸੁੰਦਰੀ ਅਤੇ ਜੁਏ ਦੀ ਐਸੀ ਦਲ-ਦਲ ਵਿਚ ਫਸਾ ਦਿਤਾ ਕਿ ਉਹ ਸਾਰਾ ਧਨ ਆਹਿਸਤਾ-ਆਹਿਸਤਾ ਬਰਬਾਦ ਕਰਦਾ ਚਲ ਗਿਆ। ਦੁਜੀ ਤਰਫ ਸ਼ਰੀਰ ਨੂੰ ਇਕ ਭਅੰਕਰ ਛੂਤ ਦਾ ਰੋਗ "ਸੂਜਾਕ" ਹੋ ਗਿਆ। ਇਹ ਰੋਗ ਅਸਾਧਏ ਮਨਿਆ ਜਾਂਦਾ ਹੈ। ਇਸ ਦਾ ਇਲਾਜ ਨਹੀਂ ਹੋ ਸਕਦਾ। ਇਸ ਰੋਗ ਵਿਚ ਰੋਗੀ ਨੂੰ ਪੀੜਾ ਅਤੇ ਦੁਖ ਵੀ ਬਹੁਤ-ਹੁੰਦਾ ਹੈ। ਜਦੋਂ ਇਹ ਯੌਨ ਰੋਗ ਚਰਮ ਸੀਮਾ ਤੇ ਪਹੁੰਚਿਆ ਤਾਂ ਸਾਰੇ ਕੁਸੰਗੀ ਛੂਤ ਦੇ ਰੋਗ ਦੇ ਡਰ ਕਾਰਣ ਨੇੜੇ ਨਹੀਂ ਆਉਂਦੇ ਸਨ। ਇਸ ਤਰ੍ਹਾਂ ਓਹ ਸਦਾ ਦੇ ਲਈ ਸਾਥ ਛਡ ਕੇ ਭੱਜ ਗਏ। ਧਨ ਤਾਂ ਪਹਿਲਾ ਹੀ ਬਰਬਾਦ ਹੋ ਚੁੱਕਾ ਸੀ। ਹੁਣ ਜਵਾਨ ਪ੍ਰੇਮਾ ਨ ਮਾਰਿਆ ਵਿਚ ਸੀ ਨਾ ਜਿਉਂਦਿਆ ਲੋਕਾਂ ਵਿਚ, ਉਸ ਦੇ ਨਿਕਟ ਵਰਤੀ ਉਸ ਨੂੰ ਮੂੰਹ ਨਹੀਂ ਲਾਉਂਦੇ ਸਨ। ਇਸ ਲਈ ਉਹ ਦਰ-ਦਰ ਭਟਕਣ ਲੱਗਿਆ ਅਤੇ ਭਿਖਿਆ ਮੰਗ ਕੇ ਪੇਟ ਦੀ ਅੱਗ ਬੁਝਾਉਣ ਲੱਗਾ। ਸਮਾਜ ਤੋਂ ਮਿਹਣਾ ਸੁਣਨ ਨੂੰ ਮਿਲ ਰਹੇ ਸਨ ਅਤੇ ਉਹ ਖੁਦ ਵੀ ਪਸ਼ਚਾਤਾਪ ਦੀ ਅੱਗ ਵਿਚ ਜਲ ਰਿਹਾ ਸੀ ਪਰ ਸਮਾਂ ਹਥੋ ਨਿਕਲ ਗਿਆ ਸੀ। ਹੁਣ ਉਸ ਦੇ ਸਾਮਣੇ ਇਕ ਹੀ ਰਾਹ ਸੀ- ਆਤਮਹਤਿਆ ਕਰਨੇ ਦਾ। ਉਸ ਨੇ ਆਤਮਹਤਿਆ ਕਰਣ ਦੀ ਕਈ ਵਾਰ ਅਸਫਲ ਕੋਸ਼ੀਸ਼ ਕੀਤੀ, ਜਿਸ ਨਾਲ ਉਸ ਦਾ ਦਾ ਕਸ਼ਟ ਹੋਰ ਵੀ ਵਧ ਗਿਆ। ਅੰਤ ਵਿਚ ਕਿਸੀ ਦਿਆਲੁ ਪੁਰਖ ਨੇ ਉਸ ਨੂੰ ਸੁਮੱਤ ਦਿੱਤੀ ਕਿ ਤੂੰ ਹੁਣ ਕਿਸੀ ਮਹਾਪੁਰਖ ਦੀ ਸ਼ਰਣ ਵਿਚ ਜਾਓ ਅਤੇ ਪਸ਼ਚਾਤ ਕਰੋ ਤਦੇ ਤੇਰਾ ਕਲਿਆਣ ਹੋਇਆ। ਕੁਸ਼ਟੀ (**ਕੌੜੀ**) ਪ੍ਰੇਮੇ ਨੂੰ ਇਸ ਗੱਲ ਵਿਚ ਕੁਝ ਤਤੁ-ਸਾਰ ਵਿਖਾਈ ਦਿਤਾ। ਉਹ ਲੋਕਾਂ ਤੋਂ ਪੁੱਛਦਾ ਫਿਰਦਾ ਕਿ ਓਹ ਕੌਣ ਮਹਾ ਪੁਰਸ਼ ਹਨ, ਜਿਨ੍ਹਾਂ ਦੀ ਸ਼ਰਣ ਵਿਚ ਜਾਣ ਨਾਲ ਮੇਰਾ ਕਲਿਆਣ ਹੋ ਸਕਦਾ ਹੈ। ਇੱਤਫ਼ਾਕ ਨਾਲ ਕਾਬੁਲ ਦੀ ਸੰਗਤ ਗੋਇੰਦਵਾਲ ਜਾ ਰਹੀ ਸੀ ਤਾਂ ਉਨ੍ਹਾਂ ਨੂੰ ਇਹ ਪੇਮਾ ਕੌੜੀ ਮਿਲ ਗਿਆ। ਉਸ ਦਾ ਵਿਰਲਾਪ ਅਤੇ ਦੁਖ ਵੇਖ ਕੇ ਸੰਗਤ ਵਿਚੋਂ ਕੁਝ ਸਿੱਖਾਂ ਨੂੰ ਉਸ ਤੇ ਦਾਇਆ ਆ ਗਈ। ਓਹ ਉਸ ਨੂੰ ਇਕ ਬੈਲਗੱਡੀ ਤੇ ਬਿਠਾ ਕੇ ਗੋਇੰਦਵਾਲ ਲੈ ਆਏ। ਪ੍ਰੇਮੇ

ਕੌੜੀ ਨੇ ਪ੍ਰਮੁਖ ਰਸਤੇ ਤੇ ਜੋ ਗੁਰੁ ਦਰਬਾਰ ਨੂੰ ਜਾਂਦਾ ਸੀ, ਉਥੇ ਇਕ ਦਰਖ਼ਤ ਦੇ ਹੇਠਾ ਆਸਣ ਜਮਾਇਆ ਅਤੇ ਭਜਨ ਗਉਣ ਲਗਿਆ। ਲੋਕ ਉਸ ਤੇ ਦਇਆ ਕਰਦੇ ਹੋਏ ਜੀਵਨ ਨਿਰਵਾਹ ਕਰਨੇ ਦਿਆਂ ਜਰੂਰੀ ਵਸਤਾਂ ਦੇ ਦੇਂਦੇ। ਇਸ ਤਰ੍ਹਾਂ ਸਮਾਂ ਬਤੀਤ ਹੋਣ ਲਗਾ। ਇਸ ਸਮੇਂ ਵਿਚ ਕੌੜੀ ਪ੍ਰੇਮੇ ਨੂੰ ਇਸ ਗੱਲ ਦਾ ਐਹਿਸਾਸ ਹੋ ਗਿਆ ਕਿ ਕੁਕਮਾਂ ਦੇ ਪਸ਼ਤਾਵਾ ਕਰਣ ਲਈ ਇਹ ਹੀ ਠੀਕ ਥਾਂ ਹੈ। ਉਹ ਸਦਾ ਗੁਰੂ-ਚਰਣਾਂ ਦਾ ਧਿਆਨ ਕਰ ਭਜਨ-ਬੰਦਗੀ ਵਿਚ ਮਸ਼ਰੂਫ ਰਹਿੰਦਾ ਅਤੇ ਕਦੇ-ਕਦੇ ਜਦੋਂ ਦਰਦ ਅਸਹਿ ਹੋ ਜਾਂਦਾ ਤਾਂ ਉੱਚੀ ਅਵਾਜ ਵਿਚ ਗਾਉਂਦਿਆ ਹੋਏ ਕਹਿੰਦਾ "ਮੈਂ ਗੁਵਾਚਿਆ ਹੋਇਆ ਰਤਨ ਮੁੜ ਕੇ ਲਭ ਲਿਆ ਹੈ।"

ਇਕ ਦਿਨ ਦਰਦ ਕਾਰਨ ਉਹ ਬਹੁਤ ਉੱਚੀ ਅਵਾਜ ਵਿਚ ਗਾਉਣ ਲਗਾ ਗੁਰੂਜੀ ਨੇ ਉਸ ਦੀ ਪੁਕਾਰ ਸੁਣੀ ਹੋਰ ਸੇਵਕਾਂ ਨੂੰ ਕਹਿਆ ਜਾਓ, ਉਸ, ਕੌੜੀ ਨੂੰ ਬਾਉਲੀ ਦੇ ਪਵਿੱਤਰ ਜਲ ਨਾਲ ਇਸਨਾਨ ਕਰਵਾ ਕੇ ਦਰਬਾਰ ਵਿਚ ਲੈ ਆਓ ਬਸ ਫਿਰ ਕੀ ਸੀ, ਕੁਝ ਸੇਵਕ ਤੁਰੰਤ ਗਏ ਅਤੇ ਕੁਸ਼ਠੀ ਨੂੰ ਇਸ਼ਨਾਨ ਕਰਵਾਉਣ ਲਈ ਬਾਉਲੀ ਦੇ ਜਲ ਵਿਚ ਡੁਬਕੀ ਲਗਵਾਈ। ਜਦੋਂ ਉਸ ਨੂੰ ਬਾਹਰ ਕੱਢਿਆ ਗਿਆ ਤਾਂ ਭਾਣਾ ਵਰਤਿਆ ਉਹਪ੍ਰੇਮਾਂ ਕੌੜੀ ਇਕ ਤੰਦਰੁਤ ਜਵਾਨ ਬਣ ਕੇ ਬਾਹਰ ਨਿਕਲਿਆ। ਸਾਰੇ ਸਿੱਖਾਂ ਦੀ ਗੁਰੂ-ਬਚਨਾਂ ਤੇ ਅਗਾਧ ਸ਼ਰਧਾ ਹੋਰ ਜ਼ਿਆਦਾ ਵਧ ਗਈ। ਓਹ ਵੇਖ ਰਹੇ ਸਨ ਕਿ ਕੋਹੜੀ ਪ੍ਰੇਮਾ ਹੁਣ ਕੁਸ਼ਠੀ ਨਹੀਂ ਹੈ, ਉਸ ਦਾ ਸ਼ਰੀਰ ਸਾਧਾਰਣ ਤੰਦੁਸਤ ਯੁਵਕਾਂ ਵਰਗ ਹੋ ਗਿਆਂ ਹੈ। ਉਨ੍ਹਾਂ ਜਲਦੀ ਹੀ ਲਾਲ ਨਵੇਂ ਵਸਤ੍ਰਾਂ ਵਿਚ ਪ੍ਰੇਮਾਂ ਨੂੰ ਲਪੇਟ ਕੇ ਗੁਰਦੇਵ ਦੇ ਸਮਮੁਖ ਹਾਜ਼ਿਰ ਕੀਤਾ। ਗੁਰਦੇਵ ਪ੍ਰੇਮੇ ਨੂੰ ਵੇਖਕੇ ਅਤਿ ਪ੍ਰਸ਼ਨ ਹੋਏ। ਅਤੇ ਉਨ੍ਹਾਂ ਕਹਿਆ-ਇਹ ਯੁਵਕ ਤਾਂ ਮੁਰਾਰੀ ਜੈਸਾ ਸੁੰਦਰ ਹੈ ਇਸ ਨੂੰ ਤਾਂ ਤੁਸਾਂ ਲਾੜਾ ਬੜਾ ਦਿਤਾ ਹੈ। ਬਸ ਉਨ੍ਹਾਂ ਦੇ ਮਨ ਵਿਚ ਇਕ ਵਿਚਾਰ ਉਠੀ ਅਤੇ ਉਨ੍ਹਾਂ, ਕਹਿਆ - ਹੈ ਕੋਈ ਪਿਆਰਾ ਸਿੱਖ ਜੋ ਇਸ ਮੁਰਾਰੀ ਵਰਗੇ ਲਾੜੇ ਨੂੰ ਅਪਣੀ ਕੰਨਿਆ ਲਾੜੀ ਰੂਪ ਵਿਚ ਦੇਵੇ। ਇਹ ਹੁਕਮ ਸੁਣਦੇ ਹੀ ਇਕ ਗੁਰਸਿੱਖ ਭਾਈ ਸ਼ੀਹਾਂ ਜੀ ਸੰਗਤ ਵਿਚੋਂ ਉਠੇ ਅਤੇ ਬੇਨਤੀ ਕਰਨੇ ਲਗੇ ਕਿ ਮੇਰੀ ਸ਼ਪੁਤ੍ਰੀ ਵਰ ਕੇ ਜੋਗ ਹੋ ਗਈ ਹੈ, ਜੇਕਰ ਤੁਸੀ ਆਗਿਆ ਦੇਵੋਂ ਤਾਂ ਇਸ ਯੁਵਕ ਦਾ ਵਿਆਹ ਸੰਪੂਰਣ ਕਰ ਦੇਇਏ। ਗੁਰਦੇਵ ਨੇ ਜੋੜੀ ਨੂੰ ਅਸੀਸਾਂ ਦਿਤੀਆਂ ਅਤੇ ਕਿਹਾ ਤੁਹਾਡੀ ਦੋਨਾਂ ਦੀ ਗ੍ਰਿਹਸਥੀ ਸਫਲ ਸਿੱਧ ਹੋਵੇ। ਗ੍ਰਿਹਸਤੀ ਲਾੜੀ ਦੀ ਮਾਤਾ ਨੂੰ ਖਬਰ ਮਿਲੀ ਕਿ ਤੇਰੀ ਪੁਤ੍ਰੀ ਦਾ ਵਿਵਾਹ ਉਸ ਕੌੜੀ ਦੇ ਨਾਲ ਤੈਅਕਰ ਦਿਤਾ ਗਿਆ ਹੈ, ਜੋਕਿ ਗੁਰੂ ਦਰਬਾਰ ਦੇ ਬਾਹਰ ਭਿਖਿਆ ਮੰਗਿਆ ਕਰਦਾ ਸੀ। ਬਸ ਫਿਰ ਕੀ ਸੀ, ਉਹ ਜਲਦੀ ਨਾਲ ਗੁਰੂਦਰਬਾਰ ਵਿਚ ਪਹੁੰਚੀ ਅਤੇ ਬਹੁਤ ਗਿਲੇ-ਸ਼ਿਕਵੇ ਭਰੇ ਅੰਦਾਜ਼ ਵਿਚ ਗੁਰਦੇਵ ਤੇ ਸੁਆਲ ਕੀਤਾ ਕਿ ਮੇਰੀ ਪੁਤ੍ਰੀ ਹੀ ਭਿਖਾਰੀ ਅਤੇ ਕੌੜੀ ਦੇ ਲਈ ਰਹ ਗਈ ਸੀ, ਤਦ ਗੁਰੁਦੇਵ ਨੇ ਉਸ ਨੂੰ ਧੀਰਜ ਦਿਤਾ ਅਤੇ ਬਹੁਤ ਸਹਜ ਭਾਵ ਵਿਚ ਉਸ ਨੂੰ ਕਹਿਆ ਅਸਾਂ ਤੇਰੀ ਪੁਤ੍ਰੀ ਦਾ ਵਿਆਹ ਅਪਣੇ ਪੁਤ੍ਰ ਮੁਰਾਰੀ ਦੇ ਨਾਲ ਤੈਅ ਕੀਤਾ ਹੈ,

ਉਹ ਭਿਖਾਰੀ ਪ੍ਰੇਮਾ ਕੌੜੀ ਨਹੀਂ ਹੈ। ਜੇਕਰ ਤੂੰ ਲਾੜੇ ਨੂੰ ਵੇਖਣਾ ਚਾਹੁੰਦੀ ਹੈ ਤਾਂ ਪ੍ਰਤਖ ਵੇਖ ਲੈ। ਜਦੋਂ ਲਾੜੀ ਮਥੋ ਦੀ ਮਾਤਾ ਨੇ ਵਰ ਮੁਰਾਰੀ ਨੂੰ ਵੇਖਿਆ ਤਾਂ ਉਸ ਦੀ ਕਾਇਆ ਕਲਪ ਹੋ ਚੁੱਕਾ ਸੀ, ਉਹ ਤਾਂ ਹੁਣ ਇਕ ਤੰਦਰੁਸਤ ਨਵਯੁਵਕ ਦੁਲਹਾ ਸੀ। ਤੱਦ ਮਾਤਾ ਨੇ ਸੰਤੁਸ਼ਟ ਹੋ ਕੇ ਸੁਖ ਦਾ ਸਾਹ ਲਿਆ ਅਤੇ ਗੁਰੂ ਆਗਿਆ ਦੇ ਅਗੇ ਸਿਰ ਝੁਕਾ ਦਿਤਾ।

ਉਨ੍ਹਾਂ ਦਿਨਾਂ 'ਚ ਇਸ ਸੁਭਾਗੀ ਜੋੜੀ ਦਾ ਵਿਵਾਹ ਗੁਰਦੇਵ ਦੀ ਛਤ੍ਰ ਛਾਇਆ ਵਿਚ ਸਮਪੂਰਣ ਕਰ ਦਿਤਾ ਗਿਆ। ਇਹ ਦੰਪਤੀ ਸਮਰਪਿਤ ਹੋ ਕੇ ਗੁਰੂਘਰ ਦੇ ਲੰਗਰ ਦੀ ਸੇਵਾ ਵਿਚ ਜੁਟ ਗਿਆ ਅਤੇ ਨਾਲ-ਨਾਲ ਗੁਰਮਤਿ ਦਾ ਅਧਿਅਨ ਕਰਨੇ ਲਗੇ। ਇਕ ਸਮਾਂ ਐਸਾ ਆਇਆ ਜਦੋਂ ਗੁਰਦੇਵ ਨੇ ਮਹਿਸੂਸ ਕੀਤਾ ਕਿ ਮਥੋ-ਮੁਰਾਰੀ ਦੀ ਜੋੜੀ ਪੂਰਣ ਰੂਪ ਵਿਚ ਗੁਰਮਤਿ ਸਿੱਧਾਂਤਾਂ ਵਿਚ ਦਖਸ਼ਤਾ ਪ੍ਰਾਪਤ ਕਰ ਲਈ ਹੈ ਤਾਂ ਉਨ੍ਹਾਂ ਇਸ ਦੰਪਤੀ ਨੂੰ ਸਾਂਝੀ (**ਸੰਯੁਕਤ**) ਰੂਪ ਵਿਚ ਅਪਣੀ ਪ੍ਰਤਿਨਿਧਿਤਾ (**ਮੰਜੀ**) ਦਾ ਹੱਕ ਦੇ ਕੇ ਉਨ੍ਹਾਂ ਦੇ ਜੱਦੀ ਪਿੰਡ ਵਿਚ ਭੇਜ ਦਿਤਾ ਜਿਸ ਵਿਚ ਓਹ ਅਜ਼ਾਦ ਹਸਤੀ ਰੂਪ ਵਿਚ ਸਿੱਖੀ ਦਾ ਪ੍ਰਚਾਰ-ਪ੍ਰਸਾਰ ਕਰ ਸਕਣ।

## ਪੰਡਿਤ ਬੇਣੀ ਜੀ

ਪੰਡਿਤ ਬੇਣੀ ਜੀ ਪਿੰਡ ਚੁਹਣੀਆ ਜ਼ਿਲਾ ਲਾਹੌਰ ਦੇ ਰਹਣੇ ਵਾਲੇ ਸਨ। ਆਪ ਵੇਦਾਂਤ ਅਤੇ ਵਿਆਕਰਣ ਦੇ ਮਹਾਨ ਗਿਆਤਾ ਸਨ। ਆਪ ਜਿਸ ਵਿਸ਼ੇ ਤੇ ਵੀ ਬੋਲਦੇ, ਉਸੀ ਵਿਸ਼ੇ ਵਿਚ ਪ੍ਰਮਾਣਾਂ ਦਾ ਭੰਡਾਰ ਪ੍ਰਸਤੁਤ ਕਰਕੇ ਵਿਰੋਧੀ ਪੱਖ ਨੂੰ ਨਿਰੁੱਤਰ ਕਰ ਦੇਂਦੇ ਸਨ। ਵਿਦਵਾਨਾਂ ਦੇ ਨਾਲ ਸ਼ਾਸਤਾਰਥ ਕਰਨਾ ਆਪ ਦੀ ਵਿਸ਼ੇਸਤਾ ਜਹੀ ਹੋ ਗਈ ਸੀ। ਜਦੋਂ ਕਦੇ-ਕਦੇ ਕਿਸੀ ਵਿਦਵਾਨ ਦੇ ਨਾਲ ਵਿਚਾਰ-ਗੋਸ਼ਠੀ ਹੁੰਦੀ ਤਾਂ ਸ਼ਰਤ ਇਹ ਹੀ ਰਖੀ ਜਾਂਦੀ ਕਿ ਪਰਾਜਿਤ ਪੱਖ ਦਿਆਂ ਪੁਸਤਕਾਂ ਆਦਿ ਗਿਆਨ ਦਾ ਸਾਰਾ ਭੰਡਾਰ ਜ਼ਬਤ ਕਰ ਲਿਆ ਜਾਵੇਗਾ। ਇਸ ਪ੍ਰਕਾਰ ਬੇਣੀ ਜੀ ਕਈ ਵਿਦਵਾਨਾਂ ਨੂੰ ਹਰਾ ਕੇ ਉਨ੍ਹਾਂ ਦੇ ਸਾਹਿਤ ਨੂੰ ਜਬਤ ਕਰਕੇ ਜੇਤੂਇਲਾਨੇ ਜਾ ਚੁੱਕੇ ਸਨ। ਇਸ ਲਈ ਉਨ੍ਹਾਂ ਦੇ ਦਿਗਵਿਜਈ ਹੋਣ ਦੇ ਵਿਚਾਰ ਨਾਲ ਅਪਣੇ ਗ੍ਰੰਥ ਊਂਦਾ ਤੇ ਲਦਵਾ ਲਏ ਅਤੇ ਨਗਰ-ਨਗਰ ਵਿਦਵਾਨਾਂ ਦੀ ਖੋਜ ਵਿਚ ਨਿਕਲ ਪਏ। ਕਾਸ਼ੀ, ਪ੍ਰਆਗ ਇਤਿਆਦਿ ਕਈ ਨਗਰਾਂ ਵਿਚ ਉਨ੍ਹਾਂ ਨੂੰ ਭਾਰੀ ਸਫਲਤਾ ਮਿਲੀ, ਜਿਸ ਨਾਲ ਉਨ੍ਹਾਂ ਪਾਸ ਊਟਾਂ ਨਾਲ ਲੱਦਿਆ ਗ੍ਰੰਥਾ ਦਾ ਭੰਡਾਰ ਹੋਰ ਵਦ ਗਿਆ। ਇਸ ਦੇ ਨਾਲ ਹੀ ਵਿਧਿਆਂ ਸੰਬੰਧੀ ਅੰਹਕਾਰ ਵੀ ਵਧਦਾ ਚਲਾ ਗਿਆ ਅਤੇ ਆਤਮਿਕ ਸ਼ਾਂਤੀ ਭੰਗ ਹੁੰਦੀ -ਚਲੀ ਗਈ। ਅੰਤ ਵਿਚ ਉਹ ਪੰਜਾਬ ਅਪਣੇ ਘਰ ਵਾਪਸ ਆ ਰਹੇ ਸਨ ਤਾਂ ਉਨ੍ਹਾਂ ਨੂੰ ਗਿਆਨ ਹੋਇਆ ਕਿ ਬਿਆਸ ਦਰੀਆ ਦੇ ਕੰਡੇ ਵਸੇ ਨਵੇਂ ਨਗਰ ਗੋਇੰਦਵਾਲ ਵਿਚ ਗੁਰੂ ਨਾਨਕ ਜੀ ਦੇ ਉੱਤਰਾਧਿਕਾਰੀ ਸ਼੍ਰੀ ਗੁਰੂ ਅਮਰਦਾਸ ਜੀ ਨਿਵਾਸ ਕਰਦੇ ਹਨ। ਓਹ ਪੂਰਣ ਪੁਰਖ

ਮੰਨੇ ਜਾਂਦੇ ਹਨ। ਜੇਕਰ ਮੈਂ ਉਨ੍ਹਾਂ ਨਾਲ ਸ਼ਾਸਤ੍ਰਾਰਥ ਵਿਚ ਜੇਤੂਹੋ ਨਿਬੜਨਾ ਤਾਂ ਮੈਂ ਖੁਦ ਨੂੰ ਦਿਗਵਿਜਈ ਐਲਾਨ ਕਰ ਦੇਵਾਂਗਾ। ਇਸ ਵਿਚਾਰ ਨਾਲ ਉਹ ਗੁਰੂਦਰਬਾਰ ਵਿਚ ਹਾਜ਼ਰ ਹੋਇਆ ਅਤੇ ਗੁਰਦੇਵ ਤੋਂ ਮੰਗ ਕਰਣ ਲਗਾ ਕਿ ਓਹ ਉਸ ਨਾਲ ਇਕ ਗੋਸ਼ਠੀ ਦਾ ਆਯੋਜਨ ਰਖਣ। ਉੱਤਰ ਵਿਚ ਵੇਦ-ਕਤੇਬਾਂ ਦੀ ਪਹੁੰਚ ਤੋਂ ਪਰੇ ਅਨੁਭਵੀ ਗਿਆਨ ਦੇ ਬ੍ਰਹਮਵੇੱਤਾ ਗੁਰਦੇਵ ਨੇ ਕਹਿਆ-ਬੇਸ਼ਕ ਆਪ ਦੀ ਬੁੱਧਿ ਕਿਤਾਬੀ ਗਿਆਨ ਨਾਲ ਤੇਜ਼ ਅਤੇ ਚੰਚਲ ਹੋ ਗਈ ਹੈ, ਪਰ ਸਤਿ ਗਿਆਨ ਦੀ ਗਰਿਮਾ ਉਨ੍ਹਾਂ ਨੂੰ ਪ੍ਰਾਪਤ ਨਹੀਂ ਹੋਈ, ਇਸ ਲਈ ਉਹ ਦੁਵਿਧਾ ਵਿਚ ਭਟਕ ਰਹੇ ਹਨ। ਬੇਸ਼ਕ ਤੁਸਾਂ ਆਪਣੇ ਪਾਸ ਗਿਆਨ ਦਾ ਇਤਨਾ ਵਡਾ ਭੰਡਾਰ ਰਖਿਆ ਹੋਇਆ, ਪਰ ਤਤੁ -ਗਿਆਨ ਤੋਂ ਵਾਂਝੇ ਰਹ ਗਏ ਹੋਂ।

ਪੰਡਿਤ ਬੇਣੀ ਜੀ ਨੂੰ ਇਸ ਤਰ੍ਹਾਂ ਦੇ ਉੱਤਰ ਦੀ ਆਸ ਨਹੀਂ ਸੀ। ਇਸ ਲਈ ਉਹ ਜਿਗਿਆਸਾ ਵਸ ਪੁਛਣ-ਲਗਾ ਕਿ ਆਖਿਰ ਸਤਿ-ਗਿਆਨ ਕੀ ਹੈ? ਜੋਂ ਮੈਂਨੂੰ ਪ੍ਰਾਪਤ ਨਹੀਂ ਹੋਇਆ। ਉੱਤਰ ਵਿਚ ਗੁਰਦੇਵ ਨੇ ਕਹਿਆ-ਸਵੈ-ਚਿੰਤਨ ਹੀ ਸਤਿ ਗਿਆਨ ਹੈ ਜੋ ਆਪ ਨਹੀਂ ਕਰਦੇ, ਜਿਸ ਨਾਲ ਚੰਚਲ ਮਨ ਦਾ ਬੋਧ ਹੁੰਦਾ ਹੈ ਅਤੇ ਉਸ ਨੂੰ ਕਾਬੂਕਰਨ ਦੇ ਲਈ ਆਤਮਾ ਨੂੰ ਪ੍ਰਭੂਨਾਮ ਰੂਪੀ ਧਨ ਨਾਲ ਸੁਦ੍ਰਿੜ ਕਰਨਾ ਪਹਿੰਦਾ ਹੈ । ਇਸ ਸੰਘਰਸ਼ ਵਿਚ ਪ੍ਰੇਮਾ- ਭਗਤੀ ਦਾ ਸ਼ਸਤਰ ਹੀ ਕੰਮ ਆਉਂਦਾ ਹੈ ਨਹੀਂ ਤਾਂ ਮਨ ਸਿਰਫ ਹਠ ਯੋਗ ਦੀ ਸਾਧਨਾਂ ਦੇ ਨਾਅ ਤੇ ਅਭਿਮਾਨੀ ਹੋ ਕੇ ਨਿਅੰਤਣ ਤੋਂ ਬਾਹਰ ਹੋ ਜਾਂਦਾ ਹੈ। ਜਦੋਂ ਤਦ ਮਨ ਦੇ ਰੋਗੇ ਨੂੰ ਨਹੀਂ ਸਮਝੋਂਗੇ ਤਦ ਤਕ ਭਟਕਣਾ ਬੜੀ ਰਹੇਗੀ। ਪੰਡਿਤ ਬੇਣੀ ਜੀ ਕੁਝ ਗੰਭੀਰ ਹੋਏ ਅਤੇ ਕਹਿਣ ਲਗੇ- ਮੈਂ ਸ਼ਾਸਤ੍ਰਾਂ ਦੁਆਰਾ ਦਸੀ ਗਈ ਸਾਰੀ ਵਿਧਿਆਂ ਦੇ ਅਨੁਸਾਰ ਜੀਵਨ ਜੀਉਂਦਾ ਹਾਂ ਅਤੇ ਸਾਰੇ ਗ੍ਰੰਥਾਂ ਦਾ ਅਧਿਅਨ ਕਰਨੇ ਦੇ ਬਾਦ ਪ੍ਰਾਪਤ ਹੋਏ ਗਿਆਨ ਨਾਲ ਸਮਾਜ ਵਿਚ ਜਾਗ੍ਰਿਤੀ ਲਿਆਉਣ ਦੀ ਕੋਸੀਸ਼ ਕਰ ਰਿਹਾ ਹਾਂ ਕਿੰਤੂਆਪ ਦੇ ਸੇਵਕ (**ਸਿੱਖ ਸ਼ਾਸਤ੍ਰਾਂ ਦੀ ਵਿਧੀ ਜਪ-ਤਪ, ਵ੍ਰਤ, ਨੇਮ, ਦਾਨ-ਪੁੰਨ, ਤੀਰਖ ਇਸ਼ਨਾਨ ਆਦਿ** ਕਰਮਾਂ ਤੇ ਵਿਸ਼ਵਾਸ ਹੀ ਨਹੀਂ ਰਖਦੇ ਤਾਂ ਇਨ੍ਹਾਂ ਨੂੰ ਕਿਸ ਤਰ੍ਹਾਂ ਮੁਕਤੀ ਪ੍ਰਾਪਤ ਹੋਵੇਗੀ? ਗੁਰਦੇਵ ਜੀ ਕਹਿਣ ਲਗੇ-ਅਸੀਂ ਸ਼੍ਰੀ ਗੁਰੂਨਾਨਕ ਦੇਵ ਜੀ ਦੁਆਰਾ ਦਸੇ ਪੰਛੀ ਮਾਰਗ ਤੇ ਚਲਦੇ ਹਾਂ ਅਤੇ ਤੁਸੀ ਕੀੜੀ-ਮਾਰਗ ਨੂੰ ਅਪਨਾਉਂਦੇ ਹੋ। ਇਹ ਠੀਕ ਉਸ ਤਰ੍ਹਾਂ ਹੈ ਜਿਸ ਤਰ੍ਹਾਂ ਦਰਖਤ ਤੇ ਲਗੇ ਹੋਏ ਮਿਠੇ ਫਲ ਨੂੰ ਖਾਣ ਦੇ ਲਈ ਪੰਛੀ ਪਲ ਜਿਨ੍ਹੀ ਦੇਹੀ ਵਿਚ ਉਡ ਦੇ ਪੁਜ ਜਾਂਦਾ ਹੈ ਠੀਕ ਇਸ ਦੇ ਉਲਟ ਕੀੜੀ ਨੂੰ ਫਲ ਤਕ ਪੁਜਣ ਲਈ ਸਹਿਜੇ-ਸਹਿਜੇ ਚਲ ਕੇ ਲੰਬੇ ਸਮੇਂ ਦੀ ਮਿਹਨਤ ਤੋਂ ਬਾਦ ਨੀ ਨੀਸ਼ਾਨੇ ਦੀ ਪ੍ਰਾਪਤੀ ਹੁੰਦੀ ਹੈ। ਇਸ ਲਈ ਕਰਮ-ਕਾਂਡ ਕਰਨਾ ਕੀੜੀ ਮਾਰਗ ਹੈ, ਜਦੋਂ ਕਿ ਸਿਰਫ ਨਾਮ ਅਭਿਆਸੀ ਹੋਣਾ ਪੰਛੀ ਮਾਰਗ ਹੈ। ਇਹ ਹੀ ਵਿਧੀ ਇਸ ਕਲਯੁਗ ਵਿਚ ਪ੍ਰਧਾਨ ਹੈ, ਇਸ ਦੇ ਦੁਆਰਾ ਸਹਿਜ ਵਿਚ ਜਨਸਾਧਾਰਣ ਪ੍ਰਭੂ ਦੀ ਨੇੜਨਾ ਪ੍ਰਾਪਤ ਕਰ ਸਕਦੇ ਹਨ।

**ਕਲਿ ਮਹਿ ਰਾਮ ਨਾਮਿ ਵਡਿਆਈ ॥**

**ਗੁਰ ਪੂਰੇ ਤੇ ਪਾਇਆ ਜਾਈ ॥** (ਅੰਗ – 1176)

ਯਥਾ

**ਜੁਗ ਚਾਰੇ ਨਾਮਿ ਵਡਿਆਈ ਹੋਈ ॥**

**ਜਿ ਨਾਮਿ ਲਾਗੈ ਸੋ ਮੁਕਤਿ ਹੋਵੈ ॥**

**ਗੁਰ ਬਿਨੁ ਨਾਮੁ ਨ ਪਾਵੈ ਕੋਈ ॥** ਰਹਾਉ ॥ (ਅੰਗ– 88●)

ਪੰਡਿਤ ਬੇਣੀ ਜੀ ਨੇ ਗੁਰਦੇਵ ਦੇ ਬਚਨਾਂ ਦਾ ਗਹਿਨ ਅਧਿਐਨ ਕੀਤਾ ਅਤੇ ਯਥਾਰਥ ਨੂੰ ਸਮਝਣੇ ਦੀ ਕੋਸ਼ੀਸ਼ ਕੀਤੀ। ਜਦੋਂ ਉਨ੍ਹਾਂ ਨੂੰ ਗੁਰੂਕ੍ਰਿਪਾ ਨਾਲ ਸਤਿ ਦਾ ਗਿਆਨ ਹੋਇਆ ਅਤੇ ਦੁਵਿਧਾ ਦੂਰ ਹੋਈ ਤਾਂ ਉਨ੍ਹਾਂ ਨੇ ਅਪਣੇ ਦੁਆਰਾ ਇਕੱਠੇ ਕੀਤੇ ਗਏ ਗ੍ਰੰਥਾਂ ਦੇ ਭੰਡਾਰ ਨੂੰ ਵਿਅਰਥ ਜਾਨਿਆ ਅਤੇ ਉਹ ਜਾਣ ਗਏ ਕਿ ਅਸਲੀਅਤ 'ਢਾਈ ਅੱਖਰ ਪ੍ਰੇਮ ਦੇ ਪੜ੍ਹੇ ਤਾਂ ਪੰਡਿਤ ਹੋਇ" ਵਾਲੀ ਗਲ ਹੀ ਸ਼ੌ ਪ੍ਰਤਿਸ਼ਤ ਠੀਕ ਹੈ, ਨਹੀਂ ਤਾਂ ਸਿਰਫ ਗ੍ਰੰਥਾਂ ਦਾ ਗਿਆਨ ਦਿਮਾਗੀ ਕਸਰਤ ਭਰ ਹੀ ਹੈ, ਜਿਸ ਨਾਲ ਅਭਿਮਾਨ ਤੋਂ ਇਲਾਵਾ ਕੁਝ ਵੀ ਪ੍ਰਾਪਤ ਨਹੀਂ ਹੁੰਦਾ। ਤਦ ਉਨ੍ਹਾਂ ਨੇ ਮਨ ਤੇ ਕਾਬੂਪਾਉਣ ਲਈ ਅਪਣੇ ਸਾਰੇ ਗ੍ਰੰਥ ਬਿਆਸਾ ਦਰੀਆ ਵਿਚ ਰੋੜ ਦਿਤੇ ਅਤੇ ਕਹਿਆ ਨ ਹੋਇਗਾ ਮਿਥਿਆ ਗਿਆਨ ਅਤੇ ਨ ਹੋਏਗਾ ਅਭਿਮਾਨ। ਜਦੋਂ ਅਹੰਕਾਰ ਜਾਂਦਾ ਰਿਹਾ ਤਾਂ ਪਰਮ ਪਿਤਾ ਪਰਮੇਸ਼ਵਰ (**ਸੱਚਿਦਾਨੰਦ**) ਦੇ ਵਿਚ ਦੀ ਅਹੰਕਾਰ ਰੂਪੀ ਦੀਵਾਰ ਡਿਗ ਗਈ ਇਸ ਪ੍ਰਕਾਰ ਉਨ੍ਹਾਂ ਨੂੰ ਤਤਕਾਲ ਸਤਿ ਗਿਆਨ (**ਸ਼ਾਸ਼ਵਤ ਗਿਆਨ**) ਦੀ ਪ੍ਰਾਪਤੀ ਹੋਈ।

## ਭਾਈ ਪਾਰੋ ਜੁਲਕਾ ਜੀ

ਭਾਈ ਪਾਰੋ ਜੁਲਕਾ ਜੀ ਡੱਲਾ ਨਗਰ ਦੇ ਨਿਵਾਸੀ ਸਨ। ਆਪ ਜੀ ਨੇ ਸ਼੍ਰੀ ਗੁਰੂਅੰਗਦ ਦੇਵ ਜੀ ਤੋਂ ਦੀਖਿਆ ਪ੍ਰਾਪਤ ਕੀਤੀ ਸੀ, ਜਿਸ ਨਾਲ ਆਪ ਜੀ ਨਾਮ ਅਭਿਆਸੀ ਪੁਰਖ ਬਣ ਗਏ ਸੀ। ਆਪ ਕੋਈ ਵੀ ਪਲ ਵਿਅਰਥ ਨਹੀ ਗੁਵਾਉਂਦੇ ਸਨ। ਆਪ ਦੇ ਹਿਰਦੇ ਵਿਚ ਸੱਦਾ ਪ੍ਰਭੂ ਚਿੰਤਨ – ਮਨਨ ਚਲਦਾ ਰਹਿੰਦਾ ਸੀ। ਨਾਮ ਕਮਾਈ ਨਾਲ ਆਪ ਦੀ ਆਤਮਾ ਨਿਰਮਲ ਹੋ ਗਈ ਅਤੇ ਆਪ ਅਭੈ ਹੋ ਕੇ ਸੰਸਾਰਿਕ ਕਾਰਜਾਂ ਵਿਚ ਵੀ ਯਥਾਯੋਗ ਹਿੱਸਾ ਪਾਉਂਦੇ ਰਹਿੰਦੇ ਸਨ ਆਪ ਜੀ ਅਪਣੇ ਖ਼ੇਤਰ ਵਿਚ ਗੁਰਮਤਿ ਦਾ ਪ੍ਰਚਾਰ-ਪ੍ਰਸਾਰ ਵੀ ਕਰਦੇ ਸਨ। ਕਈਆਂ ਭੁੱਲੇ-ਭਟਕੇ ਮਨੁੱਖਾਂ ਨੂੰ ਗੁਰਦੇਵ ਦੀ ਸ਼ਰਣ ਵਿਚ ਪਹੁੰਚਾਉਂਦੇ ਰਹਿੰਦੇ ਸਨ। ਆਪ ਜੀ ਦਾ ਉੱਜਵਲ ਜੀਵਨ ਜਨ-ਸਾਧਾਰਣ ਦੇ ਲਈ ਪ੍ਰੇਰਣਾ- ਸ੍ਰੋਤ ਹੁੰਦਾ। ਆਸ ਦੀਨ-ਦੁਖਿਆਂ ਦੀ ਨਿਸ਼ਕਾਮ ਸੇਵਾ ਵਿਚ ਜੁਟੇ ਰਹਿੰਦੇ। ਆਪ ਲਈ ਸਾਰੀ ਮਨੁੰਖ ਪ੍ਰਜਾਤੀ ਇਕ ਪ੍ਰਭੂ ਦੀ ਸੰਤਾਨ ਹਨ। ਆਪ ਨੇ ਕਿਸੀ ਨੂੰ ਵੀ ਭੇਦ ਭਾਵ ਨਾਲ ਨਹੀਂ ਵੇਖਿਆ, ਬਸ ਇਕ ਹੀ ਟੀਚਾ ਕਿ ਸਾਰਿਆ ਦਾ ਕਲਿਆਣ ਹੋਵੇ।

ਆਪ ਜੀ ਇਕ ਕੁਲੀਨ ਪਰਿਵਾਰ ਦੇ ਜ਼ਮੀਂਦਾਰ ਸਨ, ਪਰ ਮਿਲਨਸਾਰ ਇਤਨੇ ਕਿ ਗਰੀਬ ਮਜ਼ਦੂਰਾਂ ਨੂੰ ਵੀ ਆਦਰ-ਮਾਣ ਦੇ ਕੇ ਉਨ੍ਹਾਂ ਨੂੰ ਬੁਲਾਉਂਦੇ ਸਨ। ਅਹੰਕਾਰ ਤਾਂ ਆਪ ਵਿਚ ਲੇਸ਼ਮਾਤ੍ਰ ਵੀ ਨਹੀਂ ਸੀ। ਜਦੋਂ ਵੀ ਖਾਲੀ ਸਮਾਂ ਮਿਲਦਾ ਗੁਰੂਦਰਸ਼ਨਾਂ ਲਈ ਗੋਇੰਦਵਾਲ ਚਲੇ ਆਉਂਦੇ ਸਨ। ਇਕ ਦਿਨ ਜਦੋਂ ਆਪ ਗੁਰਦੇਵ ਦੇ ਦਰਸ਼ਨਾਂ ਦੀ ਅਭਿਲਾਖਾ ਲੈਕੇ ਬਿਆਸ ਨਦੀ ਦੇ ਕੰਡੇ ਤੇ ਪੁੱਜੇ ਤਾਂ ਦਰਿਆ ਵਿਚ ਹੜ ਦੇ ਕਾਰਣ ਕੁਝ ਪਾਣੀ ਜਿਆਦਾ ਸੀ। ਨਦੀ ਦੇ ਕੰਡੇ ਫੌਜੀਆਂ ਦੀ ਇਕ ਪਲਟਨ ਇੰਤਜ਼ਾਰ ਵਿਚ ਖਲੋਤੀ ਸੀ ਕਿ ਹੜ ਦਾ ਪਾਣੀ ਘਟੇ ਤਾਂ ਅਸੀ ਕਿਸ਼ਤੀਆਂ ਰਾਹੀ ਨਦੀਂ ਪਾਰ ਕਰਕੇ ਲਾਹੌਰ ਨਗਰ ਦੇ ਲਈ ਚਾਲੇ ਪਾਇਏ। ਤਦੇ ਪਾਰੋ ਜੀ ਨੇ ਇਕ ਠੀਕ ਥਾਂ ਵੇਖਕੇ ਦੇ ਬਿਨ੍ਹਾਂ ਤਿਆਰੀ ਦੇ ਗੁਰ ਜੀ ਦਾ ਮਨ ਵਿਚ ਧਿਆਨ ਕਰਕੇ ਘੋੜਾ ਦਰਿਆ ਵਿਚ ਠੇਲ ਦਿਤਾ ਅਤੇ ਵੇਖਦੇ ਹੀ ਵੇਖਦੇ ਹਾੜ ਦੇ ਹੁੰਦਿਆ ਦਰਿਆ ਪਾਰ ਕਰ ਗਏ। ਇਹ ਸਬ ਦ੍ਰਿਸ਼ ਉਥੇ ਖਲੋਤਾ ਫੌਜੀ ਅਫਸਰ ਅਬਦੁੱਲਾ ਵੇਖ ਰਿਹਾ ਸੀ, ਉਹ ਬਹੁਤ ਹਰਿਆਨ ਹੋਇਆ। ਉਸ ਨੇ ਵੀ ਪਾਰੋ ਜੀ ਦੀ ਨਕਲ ਕਰਨੇ ਦੀ ਕੋਸ਼ੀਸ਼ ਕੀਤੀ ਪਰ ਉਹ ਬੁਰੀ ਤਰ੍ਹਾਂ ਅਸਫਲ ਰਿਹਾ ਕਿਉਂਕਿ ਪਾਣੀ ਦਾ ਵਹਾਵ ਬਹੁਤ ਤੇਜ਼ ਗਤੀ ਵਿਚ ਸੀ। ਸ਼ਾਮ ਦੇ ਸਮੇਂ ਗੁਰਦੇਵ ਤੋ ਵਿਦਾਇਗੀ ਲੈਕੇ ਜਦੋਂ ਉਸੀ ਵਿਧੀ ਅਨੁਸਾਰ ਨਦੀ ਪਾਰ ਕਰਕੇ ਭਾਈ ਪਾਰੋ ਜੀ ਵਾਪਸ ਪਰਤ ਰਹੇ ਸਨ ਤਾਂ ਫੌਜੀ ਅਵਸਰ ਅਬਦੁੱਲਾ ਨੇ ਉਨ੍ਹਾਂ ਨੂੰ ਰੋਕ ਦੇ ਪੁਛਿਆ-ਤੁਸਾਂ ਨਦੀ ਦੋ ਵਾਰ ਪਾਰ ਕੀਤੀ ਹੈ, ਐਸੀ ਕੇਹੜੀ ਗਲ ਸੀ, ਜਿਸ ਲਈ ਆਪ ਨੇ ਅਪਣੀ ਜਿੰਦਗੀ ਨੂੰ ਖਤਕੇ ਵਿਚ ਪਾ ਕੇ ਨਦੀ ਪਾਰ ਕਰਨੀ ਜ਼ਰੂਰੀ ਸਮਝੀ। ਉੱਤਰ ਵਿਚ ਭਾਈ ਪਾਰੋ ਜੀ ਨੇ ਕਿਹਾ। ਮੈਂ ਅਪਣੇ ਮੁਰਸ਼ਿਦ ਦੇ ਦਿਦਾਰ ਦੇ ਲਈ ਅਕਸਰ ਜਾਂਦਾ ਹੀ ਰਹਿੰਦਾ ਹਾਂ। ਮੇਰੇ ਮੁਰਸ਼ਿਦ ਅਤੇ ਮੇਰੇ ਵਿਚ ਇਹ ਨਦੀ-ਨਾਲੇ ਕਦੇ ਵੀ ਰੁਕਾਵਟ ਨਹੀਂ ਬਣੇ। ਸਾਡੀ ਮੁਹਬੱਤ ਮੈਂਨੂੰ ਅਪਣੇ ਆਪ ਰਸਤਾ ਦੇ ਦਿੰਦੀ ਹੈ। ਮੈਂ ਤਾਂ ਸਿਰਫ ਉਨ੍ਹਾਂ ਦਾ ਧਿਆਨ ਕਰਕੇ ਅੱਲਾਹ ਦਾ ਨਾਂ ਲੈਂਦਾ ਰਹਿੰਦਾ ਹਾਂ।

ਇਹ ਗੱਲ ਸੁਣਕੇ ਅਬਦੁੱਲਾ ਖਾਨ ਨੇ ਇੱਛਾ ਪ੍ਰਗਟਾਈ ਕਿ ਮੈਂ ਉਨ੍ਹਾਂ ਦੇ ਦੀਦਾਰ ਕਰਨਾਂ ਚਾਹੁੰਦਾ ਹਾਂ। ਮੈਂਨੂੰ ਵੀ ਉਨ੍ਹਾਂ ਨਾਲ ਮਿਲਾਓ। ਭਾਈ ਧਾਰੋ ਜੀ ਨੇ ਉਸ ਨੂੰ ਸਮਝਾਇਆਂ ਕਿ ਉਥੇ ਇਸ ਰੂਪ ਵਿਚ ਜਾਣੋ ਨਾਲ ਕੋਈ ਫਾਇਦਾ ਨਹੀ ਹੋਵੇਗਾ। ਇਸ ਕਾਰਜ ਲਈ ਆਪ ਨੂੰ ਇਕ ਫੌਜੀ ਅਵਸਰ ਤੋਂ ਇਕ ਸਾਧਾਰਣ ਮਨੁੰਖ ਦਾ ਰੂਪ ਧਾਰਣ ਕਰਨਾ ਹੋਏਗਾ ਕਿਉਂਕਿ ਵਿਨਮਰ ਬਣ ਕੇ ਅਤੇ ਝੁਕ ਕੇ ਜਾਣ ਨਾਲ ਪ੍ਰਾਪਤਿਆ ਹੁੰਦੀਆਂ ਹਨ। ਅਬਦੁੱਲਾ ਨੇ ਗੱਲ ਨੂੰ ਧੀਰਜ ਨਾਲ ਸਮਝਿਆ ਅਤੇ ਕਿਹਾ-ਠੀਕ ਹੈ, ਤੁਸੀ ਜਦੋਂ ਕਲ ਮੁਰਸ਼ਿਦ ਦੇ ਦੀਦਾਰ ਨੂੰ ਜਾਓਗੇ ਤਾਂ ਮੈਂਨੂੰ ਵੀ ਨਾਲ ਲੈਕੇ ਜਾਣਾ। ਦੂਜੇ ਦਿਨ ਵੀ ਹੜ ਦਾ ਪਾਣੀ ਉਂਵੇ ਦਾ ਉਂਵੇ ਹੀ ਸੀ। ਜਦੋਂ ਭਾਈ ਪਾਰੋ ਜੀ ਆਏ ਤਾਂ ਅਬਦੁੱਲਾ ਨੇ ਅਪਣੀ ਫੌਜ ਦੀ ਰਹਿਨੁਮਾਈ ਅਪਣੇ ਬੇਟੇ ਨੂੰ ਸੌਂਪੀ ਅਤੇ ਖੁਦ ਭਾਈ ਪਾਰੋ ਜੁਲਕਾ ਜੀ ਦੇ ਨਾਲ ਉਸੀ ਵਿਧੀ ਅਨੁਸਾਰ ਨਦੀ ਵਿਚ ਉੱਤਰ ਗਏ ਅਤੇ ਵੇਖਕੇ ਹੀ ਵੇਖਕੇ ਨਦੀ ਸਹਜੇ ਹੀ ਪਾਰ ਕਰਦੇ ਗੋਇੰਦਵਾਲ ਪਹੁੰਚ ਗਏ। ਪਾਰੋ ਜੀ ਨੇ ਗੁਰਦੇਵ ਨਾਲ

ਹਾਕਿਮ ਅਬਦੁੱਲਾ ਦਾ ਮੇਲ ਕਰਵਾਇਆ। ਉਨ੍ਹਾਂ ਨੇ ਉਸ ਦੀ ਜਿਗਿਆਸਾਂ ਅਤੇ ਸ਼ਰਧਾ ਵੇਖਕੇ ਉਸ ਨੂੰ ਕੰਠ ਨਾਲ ਲਗਾਇਆਂ ਅਤੇ ਅਧਿਆਤਮਿਕ ਉਪਦੇਸ਼ ਦਿਤਾ। ਅਬਦੁੱਲਾ ਵੀ ਗੁਰੁਦੇਵ ਦੀ ਸ਼ਕਸੀਅਤ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਗੁਰੁਦੇਵ ਦੇ ਚਰਨਾਂ ਵਿਚ ਰਹਿਣ ਦੀ ਇੱਛਾ ਪ੍ਰਗਟ ਕੀਤੀ। ਗੁਰੁਦੇਵ ਨੇ ਖੁਸ਼ੀ ਨਾਲ ਉਸ ਨੂੰ ਆਪਣੀ ਛੱਤ੍ਰ ਛਾਇਆ ਵਿਚ ਰਹਿਣ ਦੀ ਆਗਿਆ ਦੇ ਦਿਤੀ। ਇਸ ਤਰ੍ਹਾਂ ਹਾਕਿਮ ਅਬਦੁੱਲਾ ਗੁਰੁਦੇਵ ਦੀ ਸ਼ਰਣ ਵਿਚ ਭਜਨ ਬੰਦਗੀ ਕਰਨ ਵਿਚ ਜੁਟ ਗਿਆ। ਉਹ ਸਹਿਜੇ-ਸਹਿਜੇ ਨਾਮ ਅਭਿਆਸੀ ਬਣ ਗਿਆ ਅਤੇ ਲਗਿਆ ਅੱਲਾਹ-ਅੱਲਾਹ ਕਰਣੇ। ਲੋਕਾਂ ਨੇ ਜਦੋਂ ਉਸ ਦੇ ਅਗਾਧ ਪ੍ਰੇਮ ਨੂੰ ਵੇਖਿਆ ਤਾਂ ਉਸ ਅੱਲਾਹ ਦਾ ਯਾਰ ਕਹਿਣਾ ਸ਼ੁਰੂਕਰ ਦਿਤਾ ਜੋ ਕਿ ਬਾਅਦ ਵਿਚ ਉਸ ਦੇ ਨਾਂ ਵਿਚ ਬਦਲ ਗਿਆ ਅਤੇ ਉਸ ਦਾ ਨਾਮ ਅੱਲਾਹ ਯਾਰ ਖਾਨ ਹੋ ਗਿਆ।

ਗੁਰੁਦੇਵ ਭਾਈ ਪਾਰੋ ਜੁਲਕਾ ਜੀ ਦਾ ਪ੍ਰੇਮਾ-ਭਗਤੀ ਤੋਂ ਇਤਨੇ ਪ੍ਰਭਾਵਿਤ ਹੋਏ ਕਿ ਇਕ ਦਿਨ ਉਨ੍ਹਾਂ ਨੇ ਕਿਹਾ ਮੈਂ ਆਪ ਜੀ ਨੂੰ ਅਪਣਾ ਉੱਤਰਾਧਿਕਾਰੀ ਬਣਾਨਾ ਚਾਹੁੰਦਾ ਹਾਂ। ਮੇਰੇ ਤੋਂ ਬਾਦ ਅਗਲੇ ਗੁਰੂਤੁਸੀ ਹੋਵੇਗੇ। ਇਹ ਸੁਣ ਕੇ ਭਾਈ ਪਾਰੋ ਜੀ ਨੇ ਬਹੁਤ ਵਿਨਿਮ੍ਰਤਾ ਭਾਵ ਨਾਲ ਗੁਰੁਦੇਵ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਮੈਂਨੂੰ ਆਪ ਸੇਵਕ ਹੀ ਰਹਿਣ ਦਿਓ। ਇਹ ਭਾਰੀ ਜ਼ਿਮੇਵਾਰੀ ਸੰਭਾਲਨਾ ਮੇਰੇ ਵਸ ਦੀ ਗੱਲ ਨਹੀਂ। ਇਸ ਸੁਣਕੇ ਗੁਰੁਦੇਵ ਨੇ ਉਨ੍ਹਾਂ ਨੂੰ ਪਰਮ ਹੰਸ ਦੇ ਖਿਤਾਬ ਨਾਲ ਨਿਵਾਜਿਆ ਅਤੇ ਉਨ੍ਹਾਂ ਨੂੰ ਅਤੇ ਹਾਕਿਮ ਅਬਦੁੱਲਾ ਜੀ ਨੂੰ ਅਪਣਾ ਪ੍ਰਤਿਨਿਧੀ ਥਾਪ ਦੇ ਭਾਵ ਮੰਜੀਦਾਰ ਬਣਾ ਕੇ ਉਨ੍ਹਾਂ ਨੂੰ ਉਨ੍ਹਾਂ ਦੇ ਪੂਰਖਿਆਂ ਦੇ ਪਿੰਡ ਵਿਚ ਗੁਰਮਤਿ (ਸਿੱਖੀ) ਦਾ ਪ੍ਰਚਾਰ-ਪ੍ਰਸਾਰ ਦੇ ਲਈ ਦੇ ਭੇਜ ਦਿਤਾ ਅਰਥਾਤ ਉਨ੍ਹਾਂ ਨੂੰ ਉਪਗੁਰੂਦਾ ਰੁਤਬਾ ਬਖਿਸ਼ਿਆ।

## ਬੀਰਬਲ ਦਾ ਗੁਰੁਦੇਵ ਨਾਲ ਮਤਭੇਦ

ਬੀਰਬਲ ਭੱਟ ਸਮੁਦਾਏ ਦਾ ਇਕ ਰਾਜਸਥਾਨੀ ਪੰਡਿਤ ਸੀ। ਰਾਜਾ ਮਾਨ ਸਿੰਘ ਨੇ ਇਸ ਚਤੁਰ ਮਨੁੰਖ ਦੀ ਮੁਲਾਕਾਤ ਬਾਦਸ਼ਾਹ ਅਕਬਰ ਨਾਲ ਕਰਵਾਈ। ਅਕਬਰ ਇਸ ਮਨੁੰਖ ਦੀ ਤੀਖਣ ਬੁੱਧੀ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਸਨੇ ਬੀਰਬਲ ਨੂੰ ਅਪਣੇ ਰਤਨਾਂ ਵਿਚ ਸ਼ਾਮਿਲ ਕਰਕੇ ਇਸ ਨੂੰ ਲੌਵਾਂ ਰਤਨ ਦੀ ਉਪਾਧੀ ਨਾਲ ਨਿਵਾਜਿਆ। ਪੁਰਾਤਨ ਸੱਮਿਆਂ ਵਿਚ ਭੱਟ ਕਵਿਆਂ ਨੂੰ ਰਾਜਾ-ਮਹਾਰਾਜਿਆਂ ਦੇ ਦਰਬਾਰ ਵਿਚ ਕਵਿਤਾ-ਪਾਠ ਜਾਂ ਹੋਰ ਦੁਜੇ ਕਾਰਿਣੇ ਕ੍ਰਮਾਂ ਦੇ ਪ੍ਰਦਰਸ਼ਨਾਂ ਤੇ ਉਪਹਾਰਾਂ ਦੇ ਰੁਪ ਵਿਚ ਧਨ ਦੀ ਪ੍ਰਾਪਤੀ ਹੁੰਦੀ ਸੀ। ਪਹਿਲਾਂ ਬੀਰਬਲ ਦੀ ਆਮਦਨ ਦਾ ਵੀ ਇਹ ਹੀ ਇਕ ਮਾਤ੍ਰ ਸਾਧਨ ਸੀ। ਇਸ ਦਾ ਧਿਆਨ ਅਪਣੇ ਸਜਮਾਨ ਨੂੰ ਖੁਸ਼ ਕਰਨੇ ਤੇ ਹੀ ਟਿਕਿਆਂ ਰਹਿੰਦਾ ਸੀ। ਜੋ ਕਿ ਇਸ ਦੇ ਸੰਸਕਾਰਾਂ ਵਿਚ ਇਸ ਨੂੰ ਵਿਰਸੇ ਵਿਚ ਮਿਲਿਆ ਹੋਇਆ ਇਕ ਖਾਸ ਤਰ੍ਹਾਂ ਦਾ ਸੁਭਾਵ ਸੀ।

ਰਾਜਦਰਬਾਰ ਵਿਚ ਸਾਰਿਆਂ ਨੂੰ ਖੁਸ਼ ਕਰਨੇ ਦੀ ਕੋਸ਼ੀਸ਼ ਵਿਚ ਨਵੀਆਂ-ਨਵੀਆਂ ਗੱਲਾਂ ਬਣਾਉਣਾ ਇਸ ਦਾ ਮੁਖ ਕਾਰਜ ਸੀ। ਇਕ ਦਿਨ ਬਾਦਸ਼ਾਹ ਅਕਬਰ ਬੀਰਬਲ ਦੇ ਕਿਸੀ ਚੁਟਕਲੇ ਤੇ ਬਹੁਤ ਖੁਸ਼ ਹੋਇਆ ਤਾਂ ਉਸਨੇ ਬੀਰਬਲ ਨੂੰ ਕਹਿਆ-ਅੱਜ ਕੁੱਝ ਮੰਗ ਲਓ ਤਾਂ ਬੀਰਬਲ ਨੇ ਉਸੀ ਵਿਰਾਸਤ ਵਿਚ ਮਿਲੀ ਆਦਤ ਅਨੁਸਾਰ ਮੰਗਲਿਆ ਕਿ ਮੈਂਨੂੰ ਸਵਰਣ ਹਿੰਦੂਪਰਿਵਾਰਾਂ ਦੇ ਵਿਆਹਾਂ ਤੇ ਪੰਜ ਰੁਪਏ ਹਰਇਕ ਵਿਆਵ ਮੋਖ ਵਸੂਲ ਕਰਨੇ ਦਾ ਅਧਿਕਾਰ ਹੋਣਾ ਚਾਹਿਦਾ ਹੈ। ਬਾਦਸ਼ਾਹ ਨੂੰ ਇਸ ਵਿਚ ਕੋਈ ਇਤਰਾਜ਼ ਦੀ ਗੱਲ ਵਿਪਾਈ ਨਹੀ ਮਹਿਸੂਸ ਹੋਈ ਇਸ ਲਈ ਉਸਨੇ ਅਪਣਾ ਮਾਣ ਵਦਾਉਣ ਦੇ ਲਈ ਮਹਿਸੂਸ ਹੋਈ। ਇਸ ਲਈ ਉਸਨੇ ਅਪਣਾਂ ਮਾਣ ਵਦਾਉਣ ਦੇ ਲਈ ਆਗਿਆ ਦੇ ਦਿਤੀ ਇਸ ਤਰ੍ਹਾਂ ਬੀਰਬਲ ਪ੍ਰਸ਼ਾਸਨਿਕ ਬਲ ਦੇ ਨਾਲ ਕਰ ਦੇ ਰੂਪ ਵਿਚ ਅਪਣੇ ਲਈ ਬਹੁਤ ਵਡੀ ਰਕਮ ਇਕੱਠੀ ਕਰਣੇ ਵਿਚ ਸਫਲ ਹੋ ਗਿਆ।

ਉਨ੍ਹਾਂ ਦਿਨ੍ਹਾਂ 'ਚ ਬਲੂਚਿਸਤਾਨ ਦੇ ਕਬਾਇਲੀ ਖੇਤਰ ਵਿਚ ਵਿਦ੍ਰੋਹ ਫੈਲ ਗਿਆ ਬਾਦਸ਼ਾਹ ਅਕਬਰ ਨੇ ਬਗਾਵਤ ਨੂੰ ਕੁਚਲਣ ਦੇ ਲਈ ਫੌਜ ਭੇਜੀ, ਪਰ ਓਹ ਅਸਫਲ ਰਹੀ। ਫਿਰ ਉਸਨੇ ਬੀਰਲ ਦੀ ਅਗਵਾਈ ਵਿਚ ਹੋਰ ਕੁਮਕ ਭੇਜੀ। ਬੀਰਬਲ ਜਦੋਂ ਗੋਇੰਦਵਾਲ ਪੁਜਾ ਤਾਂ ਉਥੇ ਉਸਦੀ ਗੁਰੂਅਮਰਦਾਸ ਜੀ ਉਸਤਤੀ ਸੁਣਨੇ ਨੂੰ ਮਿਲੀ ਉਸਦੇ ਮਨ ਵਿਚ ਵਿਚਾਰ ਆਇਆ ਕਿ ਇਥੇ ਗੁਰੂਅਮਰਦਾਸ ਜੀ ਦਾ ਜਨਤਾ ਵਿਚ ਮਾਨ-ਸਮਸਾਨ ਹੈ। ਇਸ ਲਈ ਇਨ੍ਹਾਂ ਦੇ ਦੁਆਰਾ ਲੌਕਾਂ ਤੋਂ ਮੈਂ ਅਪਣੇ ਲਈ ਪੰਜ ਰੁਪਏ ਪ੍ਰਤਿ ਵਿਆਹ ਦੇ ਹਿਸਾਬ ਨਾਲ ਮੋਖ ਰੂਪ ਵਿਚ ਏਕਤ੍ਰ ਕਰਨੇ ਵਿਚ ਸਫਲਤਾ ਪ੍ਰਾਪਤ ਕਰ ਲਵਾਂ। ਬੀਰਬਲ ਨੇ ਗੁਰਦੇਵ ਨੂੰ ਸੰਦੇਸ਼ ਭੇਜਿਆ ਕਿ ਮੈਂਨੂੰ ਹੱਕ ਮਿਲਿਆ ਹੋਇਆ ਹੈ ਕਿ ਮੈਂ ਸਵਾਰਣ ਹਿੰਦੂਆਂ ਤੋਂ ਜਜ਼ਿਆ ਦੇ ਰੂਪ ਵਿਚ ਪੰਜ ਰੁਪਏ ਹਰਇਕ ਪਰਿਵਾਰ ਪਾਸੋ ਉਗਾਹੀ ਕਰ ਸਕਦਾ ਹਾਂ ਇਸ ਲਈ ਤੁਸੀ ਮੇਰੀ ਇਸ ਕਾਰਜ ਵਿਚ ਸਹਾਇਤਾ ਕਰੋ ਜੀ ਅਤੇ ਮੈਨੂੰ ਅਪਣੇ ਸੇਵਕਾਂ ਤੋਂ ਧਨ ਇੱਕਠਾਂ ਕਰਕੇ ਦਿਓ ਜੀ।

ਉੱਤਰ ਵਿਚ ਗੁਰਦੇਵ ਨੇ ਸੰਦੇਸ਼ ਭੇਜਿਆ ਕਿ ਇਹ ਫ਼ਕੀਰਾਂ ਦਾ ਦਰ ਹੈ, ਇਥੋ ਆਪ ਤਾਕਤ ਨਾਲ ਕੁਝ ਵੀ ਪ੍ਰਾਪਤ ਨਹੀਂ ਕਰ ਸਕਦੇ। ਪਹਲੀ ਗੱਲ ਤਾਂ ਇਹਹੈ ਕਿ ਅਸੀਂ ਹਿੰਦੂਨਹੀਂ ਕਿਉਂਕਿ ਅਸੀਂ ਵਰਣ-ਆਸ਼ਮ ਨੂੰ ਨਹੀਂ ਮਨਦੇ। ਦੁਜੀ ਗੱਲ ਇਹ ਹੈ ਕਿ ਅਸੀਂ ਜਾਜ਼ਿਏ ਨੂੰ ਗਰੀਬਾਂ ਦਾ ਸ਼ੋਸ਼ਣ ਸਮਝਤੇ ਹਾਂ। ਇਸ ਲਈ ਅਸੀਂ ਇਸ ਤਰ੍ਹਾਂ ਦੇ ਨਿਰਾਧਾਰ ਕਰ ਯਾ ਮਹਸੂਲ ਨੂੰ ਕਦੀ ਵੀ ਨਹੀਂ ਦੇਵਾਗੇ। ਹਾਂ ਜੇਕਰ ਨਿਮ੍ਰਤਾ ਵਿਚ ਆ ਕੇ ਲੰਗਰ ਵਿਚ ਭੋਜਨ ਕਰਨਾ ਚਾਹੋ ਤਾਂ ਆਪ ਦਾ ਸਾਰੀ ਫੌਜ਼ ਸਹਿਤ ਸੁਆਗਤ ਹੈ। ਇਹ ਦੋ ਟੂਕ ਉੱਤਰ ਸੁਣ ਕੇ ਬੀਰਬਲ ਦਾ ਮੱਥਾ ਠਨਕਿਆ। ਉਸਨੇ ਫੈਸਲਾ ਲਿਆ ਕਿ ਚਲੋ ਫੌਜ ਨੂੰ ਹੀ ਭੋਜਨ ਛੱਕਵਾ ਕੇ ਵੇਖ ਲੈਂਦੇ ਹਾਂ। ਇਤਨੀ ਵਡੀ ਪਲਟਨ ਦੇ ਲਈ ਰਸਦ ਕਿਥੋ ਲਿਆਉਣਗੇ। ਇਸ ਤਰ੍ਹਾਂ ਰਾਤ ਦੇ ਭੋਜਨ ਸਮੇਂ ਸਾਰੀ ਫੌਜ ਜਿਨ੍ਹਾਂ ਦੀ ਗਿਣਤੀ ਹਜ਼ਾਰਾ ਵਿਚ ਸੀ, ਲੰਗਰ ਵਿਚ ਪ੍ਰਵੇਸ਼ ਕਰ ਗਈ ਅਤੇ ਭੋਜਨ ਦੇ ਲਈ

ਪੰਗਤਿਆ ਵਿਚ ਸੱਜ ਗਈ। ਜਿੱਦਾ ਹੀ ਗੁਰੁਦੇਵ ਨੂੰ ਸੰਦੇਸ਼ ਪੁਜਾ ਓਹ ਖੁਦ ਲੰਗਰ ਵਿਚ ਪਧਾਰੇ ਅਤੇ ਉਨ੍ਹਾਂ ਨੇ ਅਪਣੇ ਹਥਾਂ ਨਾਲ ਲੰਗਰ ਵੰਡਣੇ ਵਿਚ ਮਦਦ ਕਰਨੀ ਸ਼ੁਰੂਕਰ ਦਿਤੀ। ਬਸ ਫਿਰ ਕੀ ਸੀ। ਕੁਦਰਤ ਨੇ ਐਸੀ ਬਰਕਤਾ ਪਾਈ ਕਿ ਭੋਜਨ ਸੱਮਾਪਤ ਹੋਣ ਤੇ ਹੀ ਨਹੀਂ ਆਇਆ। ਸਾਰੀ ਫੌਜ ਨੇ ਮਨ ਇੱਛਿਤ ਭੋਜਨ ਕੀਤਾ, ਪਰ ਭੰਡਾਰਾ ਉੱਦਾ ਦਾ ਉੱਦਾ ਹੀ ਰਿਹਾ। ਇਹ ਅਸ਼ਚਰਜ ਕੌਤਕ ਵੇਖ ਕੇ ਸਾਰੇ ਮਨ ਹੀ ਮਨ ਪ੍ਰਸੰਨ ਹੋਏ ਪਰ ਬੀਰਬਲ ਨੂੰ ਕਿਸੀ ਨੇ ਬਹਦਾ ਦਿਤਾ ਕਿ ਇਨ੍ਹਾਂ ਦੇ ਕੋਲ ਇਕ ਖਾਸ ਕਿਸਮ ਦਾ ਰਮਾਇਨ ਹੈ, ਜਿਸ ਨਾਲ ਇਹ ਲੋਕ ਸੋਨਾ ਤਿਆਰ ਕਰਦੇ ਹਨ ਅਤੇ ਉਸੀ ਧਨ ਦੇ ਜੋਰ ਨਾਲ ਇਹ ਲੰਗਰ ਚਲਾਉਂਦੇ ਹਨ। ਇਹ ਜਾਣਕੇ ਬੀਰਬਲ ਨੇ ਅਖੌਤੀ ਰਸਾਇਨ ਦੀ ਮੰਗ ਕਰ ਦਿਤੀ ਕਿ ਆਪ ਮੈਨੂੰ ਉਹ ਰਸਾਇਨ ਦਿਓ, ਜਿਸ ਨਾਲ ਤੁਸੀ ਸੋਨਾ ਤਿਆਰ ਕਰਦੇ ਹੋ। ਉੱਤਰ ਵਿਚ ਗੁਰੁਦੇਵ ਨੇ ਕਹਿਆ-ਸਾਡੇ ਪਾਸ ਤਾਂ ਸਿਰਫ ਪ੍ਰਭੁਨਾਮ ਰੂਪੀ ਰਸਾਇਨ ਹੈ, ਜਿਸ ਨੂੰ ਪੀ ਕੇ ਸਦਾ ਮਨੁੱਖ ਖੇੜੇ ਵਿਚ ਆਨੰਦਿਤ ਰਹਿੰਦਾ ਹੈ ਅਤੇ ਉਸ ਦੀਆਂ ਸਾਰਿਆਂ ਤ੍ਰਿਸ਼ਣਾਵਾਂ ਸ਼ਾਂਤ ਹੋ ਜਾਂਦਿਆ ਹਨ। ਜੇਕਰ ਤੈਨੂੰ ਇੱਛਾ ਹੋਵੇ ਤਾਂ ਉਹ ਤੈਨੂੰ ਵੀ ਦੇ ਸਕਦੇ ਹਾਂ। ਇਹ ਉੱਤਰ ਸੁਣਕੇ ਬੀਰਬਲ ਬੌਖਲਾ ਗਿਆ ਅਤੇ ਕਹਿਣ ਲਗਾ ਤੁਸੀ ਮੇਰੀ ਸ਼ਕਤੀ ਦਾ ਅੰਦਾਜ਼ਾ ਨਹੀਂ ਲਗਾ ਪਾ ਰਹੇ ਹੋ। ਮੈਂ ਚਾਹਵਾਂ ਤਾਂ ਸਭ ਕੁਝ ਬਲਪੂਰਵਕ ਵੀ ਲੈ ਸਕਦਾ ਹਾਂ। ਗੁਰੁਦੇਵ ਦੇ ਮੁਖਾਰਬਿੰਦ ਤੋਂ ਨਿਕਲਿਆ-ਉਹ ਸਮਾਂ ਕਦੇ ਨਹੀਂ ਆਵੇਗਾ। ਉਸੀ ਪਲ ਬੀਰਬਲ ਨੂੰ ਸੰਦੇਸ਼ ਮਿਲਿਆ, ਬਹੁਤ ਜਲਦੀ ਕਬਾਇਲੀ ਇਲਾਕਿਆ ਵਿਚ ਪਹੁੰਚਣਾ ਹੈ, ਰੁਕੋ ਨਹੀਂ। ਬੀਰਬਲ ਮਜ਼ਬੂਰੀ ਵਿਚ ਅਗੇ ਵੱਦ ਗਿਆ ਪਰ ਕਹਿੰਦਾ ਗਿਆ ਕਿ ਮੈਂ ਵਾਪਸ ਆਉਂਣ ਨੇ ਨਿਪਟ ਲਵਾਂਗਾ। ਜਦੋਂ ਇਹ ਗੱਲ ਗੁਰੁਦੇਵ ਨੂੰ ਦਸੀ ਗਈ ਤਾਂ ਉਨ੍ਹਾਂ ਨੇ ਕਹਿਆ-ਉਹ ਕੱਦੀ ਵੀ ਵਾਪਸ ਨਹੀਂ ਮੁੜੇਗਾ। ਬੀਰਬਲ ਕਬਾਇਲੀ ਖੇਤਰ ਵਿਚ ਯੁੱਧ ਵਿਚ ਮਾਰਾ ਗਿਆ।

## ਬਾਦਸ਼ਾਹ ਅਕਬਰ ਨੂੰ ਜੇਠਾ ਜੀ ਨੇ ਸੰਤੁਸ਼ਟ ਕੀਤਾ

ਬਾਦਸ਼ਾਹ ਅਕਬਰ ਬਹੁਮੁਖੀ ਪ੍ਰਤਿਭਾ ਦਾ ਮਾਲਿਕ ਅਤੇ ਵਿਵੇਕ ਬੁੱਧੀ ਵਾਲਾ ਸੀ। ਬੇਸ਼ਕ ਬੱਚਪਨ ਵਿਚ ਉਹ ਸਕੂਲੀ ਗਿਆਨ ਨਹੀਂ ਪ੍ਰਾਪਤ ਕਰ ਸਕਿਆ ਕਿਉਂਕਿ ਉਸ ਦੇ ਪਿਤਾ ਹੁਮਾਯੂਦੀ ਹਾਰ ਹੋਣ ਦੇ ਕਾਰਣ ਕਿਤੇ ਵੀ ਸਥੀਰਤਾ ਦਾ ਜੀਵਨ ਜੀ ਨਹੀ ਸਕਿਆ ਸੀ। ਪਰ ਅਕਬਰ ਨਿਮਰਤ ਅਤੇ ਮਿਠ ਬੋਲੜਾ ਹੋਣ ਦੇ ਖਾਸ ਗੁਣਾਂ ਦੇ ਕਾਰਣ ਹਰਮਨ ਪਿਆਰਾ ਬਣਦਾ ਚਲ ਗਿਆ। ਨਿਆ-ਇਨਸਾਫ ਨੂੰ ਪਹਿਲਾ ਦੇਂਦਾ ਸੀ। ਇਸ ਲਈ ਉਸ ਦਾ ਰਾਜ-ਪਾਟ ਸਹਿਜੇ-ਸਹਿਜੇ ਦ੍ਰਿੜ ਹੁੰਦਾ ਚਲਾ ਗਿਆ। ਇਕ ਵਾਰ ਉਸਦੇ ਦਰਬਾਰ ਵਿਚ ਕੁਝ ਰੂੜੀਵਾਦੀ ਕੱਟਰਪੰਥੀਆਂ ਦਾ ਪ੍ਰਾਤੀਨਿਧੀ ਮੰਡਲ ਪੁਜਾ ਅਤੇ ਨਿਆ-ਇੰਸਾਫ ਦੇ ਲਈ ਦੁਹਾਈ ਦੇਣ ਲਗਾ ਕਿ ਅਸੀ ਸਨਾਤਨ ਹਿੰਦੂਹਾਂ ਸਾਡੇ ਜੀਵਨ ਵਿਚ ਕਰਮ ਕਾਂਡ ਜਰੂਰੀ ਹਨ ਪਰ ਗੁਰੂ ਨਾਨਕਦੇਵ

ਜੀ ਦੇ ਉੱਤਰਾਧਿਕਾਰੀ ਅਮਰਦਾਸ ਜੀ ਇਕ ਨਵੀਂ ਪ੍ਰਥਾ ਚਲਾ ਰਹੇ ਹਨ। ਓਹ ਸਾਡੀ ਪ੍ਰਾਚੀਨ ਪ੍ਰਥਾਵਾਂ ਦਾ ਖੰਡਨ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਨ੍ਹਾਂ ਕਰਮਾਂ ਦੇ ਕਰਨੇ ਨਾਲ ਸਮਾਂ ਅਤੇ ਧਨ ਵਿਅਰਥ ਨਸ਼ਟ ਕਰਨਾ ਹੈ ਕਿਉਂਕਿ ਇਨ੍ਹਾਂ ਕਰਮ-ਨਾਲ ਕਿਸੀ ਵੀ ਨਿਸ਼ਾਨੇ ਦੀ ਸਿੱਧੀ ਹੋਣੀ ਅਸੰਭਵ ਹੈ। ਉਨ੍ਹਾਂ ਦਾ ਮਨਣਾ ਹੈ ਕਿ ਸ਼ਰੀਰ ਦੁਆਰਾ ਕੀਤੇ ਗਏ ਕਾਰਜ ਆਧਿਆਤਮਿਕ ਦੁਨੀਆਂ ਵਿਚ ਗੌਣ (**ਸਿਵਰ**) ਹਨ। ਉਥੇ ਤਾਂ ਹਿਰਦੇ ਦੁਆਰਾ ਕੀਤਾ ਗਿਆ ਕਾਰਜ ਹੀ ਫਲੀਭੁਤ ਹੁੰਦੇ ਹਨ। ਇਸ ਤਰ੍ਹਾਂ ਇਹ ਲੋਕ ਸਾਡੇ ਹਰਇਕ ਕਾਰਜ ਵਿਚ ਤਰੁਟੀਆ ਦਸਕੇ ਸਮਾਜ ਵਿਚ ਪੰਡਿਤ ਯਾ ਪੁਰੋਹਿਤ ਦੀ ਮਹੱਤਤਾ ਨੂੰ ਖਤਮ ਕਰ ਰਹੇ ਹਨ, ਜਿਸ ਨਾਲ ਸਾਡੀ ਰੋਜ਼ੀ-ਰੋਟੀ ਵਿਚ ਬਹੁਤ ਮੁਸ਼ਕਲਾ ਪੈਦਾ ਹੋ ਗਈਆ ਹਨ ਅਤੇ ਅਸੀਂ ਕਿਤੇ ਦੇ ਨਹੀਂ ਰਹੇ।

ਅਕਬਰ ਨੇ ਸਾਰੇ ਇਲਜ਼ਾਮ ਬਹੁਤ ਧਿਆਨ ਨਾਲ ਸੁਣੇ ਅਤੇ ਉਸ ਨੇ ਮਹਿਸੂਸ ਕੀਤਾ ਕਿ ਇਹ ਇਲਜ਼ਾਮ ਨਹੀਂ ਬਲਕੇ ਸਮਾਜ ਦਾ ਸੋਸ਼ਣ ਕਰਨੇ ਵਾਲਿਆ ਵਲੋਂ ਇਕ ਮਹਾਪੁਰਸ਼ ਦੇ ਵਿਰੁਦ ਘੜੀ ਗਈ ਸਾਜਿਸ਼ ਹੈ। ਜਿਸ ਨੂੰ ਓਹ ਰਾਜਬਲ ਨਾਲ ਸੱਚਾਈ ਦਾ ਦਮਨ ਕਰਨਾ ਚਾਹੁੰਦੇ ਹਨ। ਇਸ ਲਈ ਉਸ ਨੇ ਉਸ ਪ੍ਰਤਿਨਿਧੀ ਮੰਡਲ ਨੂੰ ਧੀਰਜ ਦਿਤਾ ਅਤੇ ਕਹਿਆ- ਮੈਂ ਇਸ ਵਿਸੇ 'ਚ ਬਹੁਤ ਗੰਥਰਿ ਹਾਂ ਪਰ ਦੋਨਾਂ ਪੱਖਾ ਨੂੰ ਸੁਣਨ ਤੋਂ ਬਾਦ ਕੋਈ ਫੈਸਲਾ ਕਰਾਗਾ। ਇਸ ਤਰ੍ਹ ਅਕਬਰ ਨੇ ਗੁਰਦੇਵ ਨੂੰ ਸੰਦੇਸ਼ ਭੇਜਿਆ ਕਿ ਤੁਸੀ ਖੁਦ ਅਸਾਂ ਨੂੰ ਦਰਸ਼ਨ ਦੇਵੋ ਯਾ ਅਪਣਾ ਕੋਈ ਵਕੀਲ ਪ੍ਰਤਿਨਿਧੀ ਬਣਾ ਕੇ ਭੇਜੋ। ਜਿਸ ਨਾਲ ਪੰਡੀਤ ਵਰਗਾ ਦੇ ਇਲਜਾਮ ਦਾ ਹਲ ਕੀਤਾ ਜਾ ਸਕੇ। ਉੱਤਰ ਵਿਚ ਗੁਰਦੇਵ ਨੇ ਅਪਣੇ ਜੁਆਈ ਜੇਠਾ ਜੀ ਨੂੰ ਅਪਣਾ ਪ੍ਰਤਿਨਿਧੀ ਬਣਾ ਕੇ ਲਾਹੌਰ ਨਗਰ ਭੇਜਿਆ ਅਕਬਰ ਉਨ੍ਹਾਂ ਦਿਨ੍ਹਾਂ' ਚ ਅਪਣੇ ਚਚੇਰੇ ਭਾਈ ਮਿਰਜਾ ਮਹੁੱਮਦ ਹਕੀਮ ਦੁਆਰਾ ਕੀਤੀ ਬਗਾਵਤ ਨੂੰ ਕੁਚਲਣ ਦੇ ਲਈ ਪੰਜਾਬ (ਲਾਹੌਰ) ਆਇਆ। ਹੋਇਆ ਸੀ। ਇਹ ਘਟਨਾ ਸਨ 1556 ਈ. ਦੇ ਲਗਭਗ ਦੀ ਹੈ। ਅਕਬਰ ਨੇ ਇਕ ਖਾਸ ਗੋਸ਼ਠੀ ਦੇ ਵਿਚਾਰ ਨਾਲ ਦੋਨਾਂ ਵਿਰੋਧੀ ਪਖਾਂ ਨੂੰ ਆਮਣੇ -ਸਾਮਣੇ ਬਿਠਾ ਦਿਤਾ ਅਤੇ ਪੰਡੀਤ ਵਰਗ ਨੂੰ ਇਲਜ਼ਾਮਾ ਦੀ ਸੂਚੀ ਪੜਨ ਨੂੰ ਕਹਿਆ। ਪੰਡਿਤਾਂ ਨੇ ਪਹਿਲੇ ਇਲਜ਼ਾਮ ਵਿਚ ਇਹ ਕਹਿਆ ਕਿ ਇਨ੍ਹਾਂ ਲੋਕਾਂ ਨੇ ਮਨੁ ਸਿਮ੍ਰਤੀ ਦੇ ਬਣਾਏ ਨੇਮਾ ਨੂੰ ਰੱਦ ਕਰ ਦਿਤਾ ਹੈ ਅਤੇ ਉਨ੍ਹਾਂ ਦੇ ਦੁਆਰਾ ਬਣਾਏ ਵਰਣ **ਆਸ਼੍ਰਮ ਨੂੰ ਠੁਕਰਾ ਕੇ ਸਮਾਜ ਨੂੰ ਖਿਚੜੀ ਵਰਗਾ ਬਣਾ ਦਿਤਾ ਹੈ।** ਜੇਕਰ ਇਸ ਤਰ੍ਹਾਂ ਸਮਾਜ ਨੂੰ ਦੂਸ਼ਿਤ ਕੀਤਾ ਗਿਆ ਤਾਂ ਵਿਦਵਾਨ (**ਪੰਡਿਤ**) ਅਤੇ ਮੂਰਖ ਵਿਚ ਕੋਈ ਵਰਕ ਹੀ ਨਹੀਂ ਰਹੇਗਾ। ਇਹ ਲੋਕ ਪੰਡਿਤਾਂ ਨੂੰ ਸਾਧਾਰਣ ਮਨੁੰਖ ਹੀ ਮਨਦੇ ਹਨ। ਉਨ੍ਹਾਂ ਲਈ ਕੋਈ ਖਾਸ ਥਾਂ ਇੱਜ਼ਤ-ਮਾਨ ਦੇ ਲਈ ਨਹੀਂ ਦੇਂਦੇ।

ਉਤਰ ਵਿਚ ਗੁਰੂਜੀ ਦੇ ਨੁਮਾਇੰਦੇ ਭਾਈ ਜੇਠਾ ਜੀ ਨੇ ਕਿਹਆ-ਅਸੀਂ ਗੁਰੂਨਾਨਕ ਦੇਵ ਜੀ ਵਲੋਂ ਦਰਸਾਏ ਮਾਰਗ ਤੇ ਚਲਦੇ ਹਾਂ। ਉਨ੍ਹਾਂ ਨੇ ਸਮਾਜ ਦਾ ਵਰਗੀ ਕਰਣ ਨਹੀਂ ਮਨਿਆ। ਉਨ੍ਹਾਂ ਦੀ ਦ੍ਰਿਸ਼ਟੀ

ਵਿਚ ਸਾਰੀ ਮਨੁੱਖੀ ਸਮਾਜ ਸਮਾਨਤਾ ਦਾ ਹੱਕ ਰਖਦੀ ਹੈ। ਜਨਮ ਤੋਂ ਕੋਈ ਛੋਟਾ ਵਡਾ ਨਹੀਂ ਹੋ ਸਕਦਾ। ਵਡਾਪਨ ਮਨੁੱਖ ਦੀ ਅਪਣੀ ਯੋਗਤਾ ਤੇ ਨਿਰਭਰ ਕਰਦਾ ਹੈ। ਇਸ ਸੰਦਰਭ ਵਿਚ ਵਰਤਮਾਨ ਕਾਲ ਦੇ ਗੁਰਦੇਵ ਸ਼੍ਰੀ ਗੁਰੂ ਅਮਰਦਾਸ ਜੀ ਦਾ ਕਥਨ ਹੈ –

**ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥**

**ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥**

**ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥**

**ਇਸ ਗਰਬ ਤੇ ਚਲਹਿ ਬਹੁਤੁ ਵਿਕਾਰਾ ॥ਰਹਾਉ ॥**

**ਚਾਰੇ ਵਰਨ ਆਖੈ ਸਭੁ ਕੋਈ ॥**

**ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ ॥**

**ਮਾਟੀ ਏਕ ਸਗਲ ਸੰਸਾਰਾ ॥**

**ਬਹੁ ਬਿਧਿ ਭਾਂਡੇ ਘੜੈ ਕੁਮਹਾਰਾ ॥** (ਅੰਗ– 1128)

ਭਾਵ ਇਹ ਹੈ ਕਿ ਕਿਸੀ ਵੀ ਮਨੁੱਖ ਨੂੰ ਸਵਰਣ ਜਾਤਿ ਦਾ ਝੂਠਾ ਅਭਿਮਾਨ ਨਹੀਂ ਕਰਣਾ ਚਾਹਿਦਾ ਕਿਉਂਕਿ ਇਸ ਤਰ੍ਹਾਂ ਦੀ ਵਿਚਾਰਧਾਰਾ ਨਾਲ ਮਨੁੱਖ ਆਧਿਅਤਮਿਕ ਪ੍ਰਾਪਤੀਆਂ ਤੋਂ ਵੰਚਿਤ ਰਹਿ ਜਾਂਦਾ ਹੈ ਅਤੇ ਸਮਾਜ ਵਿਚ ਵੀ ਕਲੇਸ਼ ਪਇਆ ਰਹਿੰਦਾ ਹੈ। ਛੋਟਾ ਵਡਾ ਬਣਾਣਾ ਇਹ ਕਾਰਜ ਪ੍ਰਭੂਨੇ ਅਪਣੇ ਹਥ ਵਿਚ ਰਖਿਆ ਹੋਇਆ ਹੈ।

ਬਾਦਸ਼ਾਹ ਅਕਬਰ ਇਸ ਉੱਤਰ ਤੋਂ ਸੰਤੁਸ਼ਟ ਹੋਇਆ ਅਤੇ ਕਹਿਣ ਲਗਾ ਕਿ ਮੈਂ ਵੀ ਤਾਂ ਇਹ ਹੀ ਚਾਹੁੰਦਾ ਹਾਂ ਕਿ ਕੋਈ ਵੀ ਕਿਸੀ ਤੋਂ ਜਾਤਿ–ਪਾਤਿ ਦੇ ਮਨਗਢੰਤ ਨੇਮਾਂ ਨਾਲ ਘ੍ਰਿਣਾ ਨ ਕਰਨ ਅਤੇ ਸਾਰੇ ਆਪਸ ਵਿਚ ਮਿਲ–ਜੁਲ ਕਰ ਪ੍ਰੇਮ ਨਾਲ ਰਵਨ। ਇਸ ਤੋਂ ਬਾਦ ਪੰਡਿਤਾਂ ਤੋਂ ਪੁਛਿਆ ਗਿਆ ਕਿ ਤੁਸਾਂ ਦਾ ਦੂਜਾ ਇਲਜ਼ਾਮ ਕੀ ਹੈ? ਪੰਡਿਤਾਂ ਨੇ ਬੜੇ ਸੋਚ–ਵਿਚਾਰ ਤੋਂ ਬਾਦ ਕਹਿਆ– ਹਜ਼ੂਰ! ਇਹ ਲੋਕ ਇਸਤੀਆਂ ਨੂੰ ਬਰਾਬਰੀ ਦਾ ਥਾਂ ਦੇਂਦੇ ਹਨ। ਵਿਧਵਾ–ਵਿਵਾਹ ਦੇ ਲਈ ਵੀ ਪ੍ਰਵਾਨਗੀ ਦੇਂਦੇ ਹਨ ਕਿ ਵਿਧਵਾ ਨੂੰ ਸਤੀ ਨਹੀਂ ਹੋਣਾ ਚਾਹਿਦਾ ਯਾ ਨਹੀਂ ਕੀਤਾ ਜਾਣਾ ਚਾਹਿਦਾ। ਗੱਲ ਇਥੇ ਤਕ ਹੀ ਨਹੀ ਮੁਕਦੀ, ਇਹ ਲੋਕ ਤਾਂ ਸਜ ਵਿਆਈ ਨੂੰ ਵੀ ਘੁੰਡ ਨਹੀਂ ਕਡਣ ਦੇਂਦੇ ਅਤੇ ਕਹਿੰਦੇ ਹਨ ਕਿ ਸਸੁਰ ਅਤੇ ਜੇਠ ਪਿਤਾ ਅਤੇ ਭਾਈ ਬਰਾਬਰ ਹੁੰਦੇ ਹਨ, ਉਨ੍ਹਾਂ ਤੋਂ ਘੁੰਘਟ ਕਿਸ ਲਈ?

ਉੱਤਰ ਵਿਚ ਭਾਈ ਜੇਠਾ ਜੀ ਨੇ ਕਹਿਆ- ਸਾਡੇ ਗੁਰਦੇਵ ਨੇ ਨਾਰੀ ਜਾਤਿ ਤੇ ਅਣ ਮਨੁੰਖੀ ਜੁਲਮਾਂ ਨੂੰ ਹੁੰਦੇ ਵੇਖਿਆ ਹੈ। ਇਸ ਲਈ ਓਹ ਸਮਾਜ ਦੀ ਇਸ ਬੁਰਾਈ ਦੇ ਕਲੰਕ ਨੂੰ ਮਿਟਾ ਦੇਣਾ ਚਾਹੁੰਦੇ ਹਨ। ਇਸ ਵਿਸੇ 'ਚ ਉਨ੍ਹਾਂ ਦਾ ਵਿਚਾਰ ਹੈ।-

**ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਹਿ ॥**

**ਨਾਨਕ ਸਤੀਆ ਜਾਣੀ ਅੰਹਿ ਜਿ ਬਿਰਹੇ ਚੋਟ ਮਰੰਹਿ ॥**

**ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ - ਰਹੰਹਿ ॥**

**ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਹਾਲੰਹਿ ॥** (ਅੰਗ- 787)

ਇਸ ਦਾ ਭਾਵ ਇਹ ਹੈ ਕਿ ਵਿਧਵਾ ਨਾਰੀ ਨੂੰ ਜੋਰ-ਜਬਰਦਸਤੀ ਯਾ ਬੈਹਲਾ-ਫੁਸਲਾ ਕੇ ਪਤੀ ਦੀ ਚਿਤਾ ਨਾਲ ਸੜਨ ਨਾਲ ਉਹ ਸਤੀ ਨਹੀਂ ਹੋ ਜਾਂਦੀ। ਸਤੀ ਤਾਂ ਉਹ ਹੈ ਜੋ ਪਤੀ ਦੀ ਯਾਦ ਵਿਚ ਸੰਜਮੀ, ਸੰਤੋਖੀ, ਨਿਸ਼ਕਾਮੀ ਜੀਵਨ ਜੀਅ ਕੇ ਵਿਚਰੇ ਅਤੇ ਪਤੀ ਦੇ ਵਿਯੋਗ ਦਾ ਦਰਦ ਵਿਚ ਸਦਾਚਾਰੀ ਜੀਵਨ ਜੀਂਦੇ ਹੋਏ ਪ੍ਰਭੁ ਦੇ ਕਾਰਜਾ ਵਿਚ ਸੰਤੁਸ਼ਟੀ ਦਰਯਾਏ।

ਬਾਦਸ਼ਾਹ ਨੇ ਕਹਿਆ- ਇਸ ਗਲ ਵਿਚ ਵੀ ਤਤੁ-ਸਾਰ ਹੈ। ਜੇਕਰ ਮਰਦ ਤਿਨ ਯਾ ਚਾਰ ਵਿਵਾਹ ਤਕ ਕਰ ਸਕਦਾ ਹੈ ਤਾਂ ਇਸਤਰੀ ਨੂੰ ਵਿਧਵਾ ਹੋਣੇ ਤੇ ਦੁਬਾਰਾ ਵਿਵਾਹ ਦੀ ਆਗਿਆ ਕਿਉਂ ਨਹੀਂ ਦਿਤੀ ਜਾਂਦੀ। ਅਸਲ ਵਿਚ ਇਹ ਬੇਨਸਾਫੀ ਹੈ। ਇਨਸਾਫ ਤਾਂ ਇਹ ਹੋਵੇਂਗਾ ਕਿ ਘਟੋ-ਘਟ ਵਿਧਵਾ ਇਸਤਰੀ ਨੂੰ ਵੀ ਦੁਬਾਰਾ ਵਿਵਾਹ ਕਰਨੇ ਦਾ ਕੋਈ ਅਸੂਲ ਹੋਣਾ ਚਾਹਿਦਾ ਹੈ ਅਤੇ ਰਹੀ ਗਲ ਸਤੀ ਪ੍ਰਥਾ ਦੀ, ਤਾਂ ਇਹ ਗੱਲ ਵੀ ਸਮਾਜ ਤੇ ਕਲੰਕ ਹੈ ਕਿ ਜੀਉਦੇ ਪ੍ਰਾਣੀ ਨੂੰ ਬਿਨਾਂ ਕਿਸੀ ਦੋਸ਼ ਦੇ ਜਿਉਂਦੇ ਜੀ ਸਾੜ ਦਿਤਾ ਜਾਏ। ਐਦਾ ਦੇ ਅਤਿਆਚਾਰ ਨੂੰ ਅਸੀਂ ਕਾਨੂੰਨ ਬਣਾਕੇ ਉਸ ਕਲੰਕ ਦੀ ਰੋਕ ਥਾਮ ਕਰਾਗੇ। ਇਸ ਲਈ ਸਮਾਜ ਵਿਚ ਜਾਗ੍ਰਿਤੀ ਵੀ ਲਿਆਉਣੀ ਚਾਹਿਦੀ ਹੈ। ਜਿਥੋ ਤਕ ਪਰਦੇ ਦਾ ਸੁਆਲ ਹੈ। ਪਰਦਾ ਕਿਸੀ ਹੱਦ ਤਕ ਤਾਂ ਠੀਕ ਹੈ ਪਰ ਬਿਨ੍ਹਾਂ ਕਾਰਣ ਜ਼ਰੂਰਤ ਤੋਂ ਜ਼ਿਆਦਾ ਪਰਦਾ ਸਮਾਜ ਵਚ ਬੁਰਾਇਆ ਪੈਦਾ ਕਰਦਾ ਹੈ ਯਾ ਸਾਧਾਰਣ ਜੀਵਨ ਜੀਣੇ ਵਿਚ ਬਹੁਤ ਸਾਰਿਆ ਮੁਸ਼ਕਿਲਾ ਪੇਸ਼ ਆਉਂਦੀਆਂ ਹਨ।

ਇਸ ਵਾਰ ਪੰਡਿਤਾ ਨੇ ਕਹਿਆ- ਹਜ਼ੂਰ ! ਇਹ ਲੋਕ ਸ਼ਾਸਤ੍ਰ ਅਤੇ ਵੈਦਿਕ ਮਾਨਤਾਵਾਂ ਨੂੰ ਤਿਆਗ ਰਹੇ ਹਨ। ਇਹ ਨ ਮੁਰਤੀ ਪੂਜਾ ਕਰਦੇ ਹਨ ਨ ਹੀ ਦੇਵੀ-ਦੇਵਤੀਆਂ ਦੀ ਪੂਜਾ ਕਰਦੇ ਹਨ। ਇਨ੍ਹਾਂ ਨੇ ਗਇਤ੍ਰੀ-ਮੰਤ੍ਰ ਦੀ ਥਾਂ ਤੇ ਕਿਸੀ ਨਵੇਂ ਮੰਤ੍ਰ ਦੀ ਰਚਨਾਂ ਕਰ ਲਈ ਹੈ ਅਤੇ ਤੀਰਥ-ਯਾਤ੍ਰਾਵਾਂ ਆਦਿ ਨੂੰ ਨਿਸ਼ਫਲ ਕਰਮਕਾਂਡ ਦਸਦੇ ਹਨ। ਉੱਤਰ ਵਿਚ ਜੇਠਾ ਜੀ ਨੇ ਕਹਿਆ- ਗੁਰੂਨਾਨਕ ਦੇਵ ਜੀ ਦਾ ਸਾਨੂੰ ਹੁਕਮ ਹੈ ਕਿ ਪ੍ਰਭੁ ਅਰਥਾਤ ਪਾਰਬ੍ਰਹਮ ਪਰਮੇਸ਼ਵਰ ਸਿਰਫ਼ ਇਕ ਅਤੇ ਸਿਰਫ ਇਕ ਹੀ ਹੈ, ਉਸ ਦਾ

ਪ੍ਰਤਿਦਵੰਦੀ (ਸ਼ਰੀਕ) ਕੋਈ ਨਹੀਂ ਹੈ। ਕਿਉਂਕਿ ਪ੍ਰਭੂਸਰਵ ਸ਼ਕਤੀਮਾਨ ਅਤੇ ਸਰਵ ਵਿਆਪਕ ਹੈ। ਇਸ ਲਈ ਉਸ ਨੂੰ ਹੀ ਇਕ ਸਰਵੋਤਮ ਸ਼ਕਤੀ ਦੇ ਰੂਪ ਵਿਚ ਬਿਨਾਂ ਮੂਰਤੀ ਦੇ ਪੂਜਦੇ ਹਾਂ ਅਤੇ ਉਸਦੇ ਬਦਲੇ ਵਿਚ ਅਸੀਂ ਕਿਸੀ ਹੋਰ ਦੇਵੀ-ਦੇਵਤੀਆਂ ਦੀ ਕਲਪਨਾ ਵੀ ਨਹੀਂ ਕਰਦੇ। ਰਹੀ ਗੱਲ ਗਾਇਤ੍ਰੀ ਮੰਤ੍ਰ ਦੀ ਤਾਂ ਗੁਰੂਨਾਨਕ ਦੇਵ ਜੀ ਦੇ ਕਥਨ-ਅਨੁਸਾਰ ਗਾਇਤ੍ਰੀ ਸਿਰਫ ਸੂਰਜ ਦੀ ਉਪਾਸਨਾ ਦਾ ਮੰਤ੍ਰ ਹੈ ਜੋ ਕਿ ਸਿਰਫ ਇਕ ਗ੍ਰਹ ਮਾਤ੍ਰ ਹੈ। ਉਸ ਵਰਗੇ ਕਰੋੜਾਂ ਸੂਰਜ ਇਸ ਬ੍ਰਹਮੰਡ ਯਾ ਆਕਾਸ਼ ਗੰਗਾ ਵਿਚ ਵਿਦਯਮਾਨ ਹਨ। ਇਸ ਲਈ ਅਸੀਂ ਇਨ੍ਹਾਂ ਸਾਰੇ ਸੂਰਜ ਦੇ ਨਿਰਮਾਤਾ ਜਿਸ ਨੂੰ ਅਸੀਂ ਅਕਾਲ ਪੁਰਖ ਆਖਦੇ ਹਾਂ, ਦੇ ਪੁਜਾਰੀ ਹਾਂ ਅਤੇ ਸਾਡਾ ਮੰਤ੍ਰ ਉਸ ਦਿਵਯ ਜੋਤੀ ਪਾਰਬ੍ਰਹਮ ਪਰਮੇਸ਼ਵਰ ਦੀ ਉਸਤਤੀ ਵਿਚ, ਉਸ ਦੀ ਪਰਿਭਾਸ਼ਾ ਦੇ ਰੂਪ ਵਿਚ ਹਨ ਜਿਸ ਨੂੰ ਅਸੀਂ ਮੂਲ-ਮੰਤ੍ਰ ਕਹਿੰਦੇ ਹਾਂ। ਸਾਡੇ ਗੁਰਦੇਵ ਦੇ ਵਿਚਾਰ ਨਾਲ ਤੀਰਥ ਥਾਂਵਾਂ ਉਹ ਹੀ ਹੁੰਦਿਆਂ ਹਨ ਜਿਥੇ ਸੰਗਤ ਮਿਲਕੇ ਪ੍ਰਭੂਉਸਤਤੀ ਕਰੇ ਯਾ ਕੋਈ ਪੂਰਣ ਪੁਰਖ ਮਨੁੱਖੀ ਕਲਿਆਣ ਦੇ ਲਈ ਕਾਰਜ ਕਰੇ।

ਬਾਦਸ਼ਾਹ ਅਕਬਰ ਇਨ੍ਹਾਂ ਉੱਤਰਾਂ ਨਾਲ ਬਹੁਤ ਪ੍ਰਸੰਨ ਹੋਇਆ ਅਤੇ ਉਹ ਕਹਿੰਣ ਲਗਾ ਕਿ ਇਸਲਾਮ ਵਿਚ ਵੀ ਅੱਲਾਹ ਨੂੰ ਇਕ ਹੀ ਮਨਿਆ ਹੈ ਅਤੇ ਬਿਨਾਂ ਮੂਰਤੀ ਦੇ ਉਸ ਦੀ ਇਬਾਦਤ ਕੀਤੀ ਜਾਂਦੀ ਹੈ, ਕਿਸੀ ਵੀ ਫ਼ਰਿਸ਼ਤੇ ਆਦਿ ਤੇ ਇਮਾਨ ਨਹੀਂ ਲਿਆਇਆ ਜਾਂਦਾ।

ਬਾਦਸ਼ਾਹ ਨੇ ਦੁਬਾਰਾ ਕਹਿਆ- ਮੈਂ ਐਸੇ ਮਹਾਨ ਮੁਸ਼ਿਦ (ਗੁਰੂਜੀ) ਦੇ ਦੀਦਾਰ ਕਰਨਾ ਚਾਹੁਗਾ ਅਤੇ ਉਸ ਨੇ ਪੰਡਿਤਾਂ ਦੇ ਇਲਜਾਮ ਦੇ ਚਿਠੇ ਨੂੰ ਤੁਰੰਤ ਰੱਦ ਕਰ ਦਿਤਾ। ਇਸ ਪ੍ਰਕਾਰ ਭਾਈ ਜੇਠਾ ਜੀ ਗੁਰਦੇਵ ਦੇ ਪ੍ਰਤਿਨਿਧੀ ਦੇ ਰੂਪ ਵਿਚ ਅਪਣਾ ਪੱਖ ਪੇਸ਼ ਕਰਨੇ ਵਿਚ ਸਫਲ ਹੋਏ ਅਤੇ ਬਾਦਸ਼ਾਹ ਨੂੰ ਸੰਤੁਸ਼ਟ ਕਰਕੇ ਵਾਪਸ ਮੁੜ ਆਏ।

## ਬਾਦਸ਼ਾਹ ਅਕਬਰ ਗੁਰੂਦਰਬਾਰ ਵਿਚ

ਲਾਹੌਰ ਨਗਰ ਤੋਂ ਆਗਰਾ ਦੇ ਲਈ ਵਾਪਸ ਮੁੜਨ ਸਮੇਂ ਰਾਹ ਵਿਚ ਗੋਇੰਦਵਾਲ ਨਗਰ ਪੈਂਦਾ ਸੀ। ਇਸ ਲਈ ਅਕਬਰ ਨੇ ਮਨ ਵਿਚ ਵਿਚਾਰ ਕੀਤਾ ਕਿ ਗੋਇੰਦਵਾਲ ਰੁਕ ਕੇ ਕਿਉਂ ਨ ਗੁਰੂਅਮਰਦਾਸ ਜੀ ਦੇ ਦਰਸ਼ਨ ਕੀਤੇ ਜਾਵਨ ਇਸ ਤਰ੍ਹਾਂ ਉਹ ਇਸ ਭੇਂਟ ਨਾਲ ਉਨ੍ਹਾਂ ਦੇ ਪਰਤਖ ਵਿਚਾਰ-ਵਟਾਂਦਰਾ ਕਰਨੇ ਦਾ ਸ਼ੁਭ ਅਵਸਰ ਪ੍ਰਾਪਤ ਕਰ ਸਕੇਗਾ। ਇਸ ਲਈ ਉਸਨੇ ਗੁਰਦੇਵ ਨੂੰ ਸੰਦੇਸ਼ ਭੇਜਿਆ ਕਿ ਮੈਂ ਆਪ ਦੇ ਸਮਮੁਖ ਹਾਜ਼ਿਰ ਹੋਣ ਲਈ ਆ ਰਿਹਾ ਹਾ। ਜਦੋਂ ਉਹ ਗੋਇੰਦਵਾਲ ਪੁਜਾ ਤਾਂ ਸ਼ਾਹੀ ਕਰਮਚਾਰੀਆਂ ਨੇ ਰੇਸ਼ਮੀ ਲਾਲ ਟਾਟ ਰਾਹ ਵਿਚ ਵਿੱਛਾ ਦਿਤੇ ਪਰ ਬਾਦਸ਼ਾਹ ਨੇ ਤੁਰੰਤ ਓਹ ਲਾਲ ਟਾਟ ਅਪਣੇ ਹਥਾ ਨਾਲ ਹਟਾ ਦਿਤੇ ਅਤੇ ਅਪਣੀ ਜੁਤੀਆਂ ਵੀ ਉਤਾਰ ਦਿਤੀਆਂ ਅਤੇ ਨੰਗੇ ਪੈਰ ਗੁਰੂਦਰਬਾਰ ਦੀ ਤਰਫ ਚਲ ਪਿਆ। ਇਸ ਤਰ੍ਹਾਂ

ਉਸ ਨੇ ਅਪਣੇ ਕਰਮਚਾਰੀਆਂ ਨੂੰ ਕਹਿਆ ਕਿ ਕਿਸੀ ਮਹਾਨ ਸਖਸੀਅਤ ਨੂੰ ਮਿਲਣ ਜਾਣਾ ਹੋਵੇ ਤਾਂ ਵਿਨਮਰ ਬਣਕੇ ਜਾਣਾ ਚਾਹਿਦਾ ਹੈ। ਇਸ ਤੋਂ ਪਹਿਲਾ ਇਸ ਦਰਬਾਰ ਵਿਚ ਹਾਜ਼ਿਰੀ ਭਰਦੇ ਵਕਤ ਮੇਰੇ ਪਿਤਾ ਤੋਂ ਇਹ ਭੁਲ ਹੋਈ ਸੀ ਕਿ ਉਹ ਸ਼ਾਹੀ ਠਾਠ-ਬਾਠ ਦਾ ਪ੍ਰਦਰਸ਼ਨ ਕਰਦੇ ਹੋਏ ਆਏ ਸਨ ਇਸ ਲਈ ਉਨ੍ਹਾਂ ਨੂੰ ਖਾਲੀ ਹਥ ਵਾਪਸ ਜਾਣਾ ਪਿਆ ਸੀ। ਖੈਰ........ਹੁਣ ਓਹੀ ਭੁਲ ਦੋਬਾਰਾ ਨ ਦੋਹ ਗਈ ਜਾਵੇ।

ਜਦੋਂ ਗੁਰੁਦੇਵ ਨੂੰ ਸੰਦੇਸ਼ ਮਿਲਿਆ ਕਿ ਅਕਬਰ ਆ ਪਹੁੰਚਿਆ ਹੈ, ਉਹ ਤੁਸਾਂ ਨਾਲ ਭੇਂਟ ਕਰਨਾ ਚਾਹੁੰਦਾ ਹੈ। ਉਸ ਨੂੰ ਦਰਬਾਰ ਵਿਚ ਹਾਜ਼ਿਰ ਹੋਣ ਦੀ ਆਗਿਆ ਦਿਤੀ ਜਾਵੇ ਤਾਂ ਗੁਰੁਦੇਵ ਜੀ ਨੇ ਕਹਿਆ-ਸਾਡੇ ਇਥੇ ਗੁਰੁਮਰਿਆਦਾ ਹੈ, ਦਰਸ਼ਨ ਉਸੀ ਨੂੰ ਹੋਣਗੇ ਜੋ ਪਹਿਲਾ ਗੁਰੂਦੇ ਲੰਗਰ ਵਿਚੋਂ ਪੰਗਤੀਆਂ ਅੰਦਰ ਬੈਠ ਕੇ ਭੋਜਨ ਗ੍ਰਹਣ ਕਰਨਗੇ। ਉੱਤਰ ਮਿਲ ਦਿਆ ਹੀ ਬਾਦਸ਼ਾਹ ਨੇ ਅਪਣੇ ਅਧਿਕਾਰੀਆਂ ਸਹਿਤ ਲੰਗਰ ਵਿਚ ਪ੍ਰਵੇਸ਼ ਕਰਕੇ ਸੰਗਤ ਦੇ ਨਾਲ ਇਕੱਠੇ ਬੈਠਕੇ ਭੋਜਨ ਕੀਤਾ। ਭੋਜਨ ਕਰਦੇ ਵਕਤ ਬਾਦਸ਼ਾਹ ਅਤੇ ਉਸਦੇ ਐਲਕਾਰਾਂ ਨੇ ਮਹਿਸੂਸ ਕੀਤਾ ਕਿ ਭੋਜਨ ਅਤਿ ਸੁਆਦਿਸ਼ਟ ਹੈ, ਹਰਇਕ ਗ੍ਰਾਮ ਦੇ ਨਾਲ ਭੋਜਨ ਵਿਚੋਂ ਅਲਗ-ਅਲਗ ਤਰ੍ਹਾਂ ਦੇ ਵਿਆਂਜਨਾ ਨੂੰ ਚਖਣੇ ਦਾ ਐਸਾਸ ਹੁੰਦਾ ਹੈ। ਇਸ ਤੇ ਬਾਦਸ਼ਾਹ ਬਹੁਤ ਹੈਰਾਨ ਹੋਇਆ ਅਤੇ ਉਸਨੇ ਲੰਗਰ ਦੀ ਮਰਿਆਦਾ ਅਤੇ ਅਨੁਸ਼ਾਸਨ ਵੇਖਿਆ ਤਾਂ ਉਹ ਹੋਰ ਵੀ ਪ੍ਰਭਾਵਿਤ ਹੋਇਆ। ਉਹ ਵਿਚਾਰਨੇ ਲਗਿਆ ਕਿ ਬਿਨ੍ਹਾਂ ਭੇਦਭਾਵ ਦੇ ਸਾਰਿਆਂ ਵਰਣਾਂ ਦੇ ਲੋਕਾਂ ਨੂੰ ਇਕ ਸਮਾਨ ਭੋਜਨ ਇਕ ਪੰਗਤੀ ਵਿਚ ਮਿਲਦਾ ਹੈ, ਜਿਥੇ ਰਾਜਾ-ਰੰਕ ਉੱਚ-ਨੀਚ, ਪੁਰਖ-ਇਸਤਰੀ ਇਤਿਆਦਿ ਦਾ ਕੋਈ ਭੇਦ ਨਹੀਂ ਰਖਿਆ ਜਾਂਦਾ। ਇਸ ਤਰ੍ਹਾਂ ਦੇ ਆਦਰਸ਼ ਸਮਾਜ ਦੀ ਮੈਂ ਕਲਪਨਾ ਕੀਤਾ ਕਹਿਆ ਕਰਦਾ ਸੀ ਅਤੇ ਮੈਂ ਚਾਹੁੰਦਾ ਵੀ ਹਾਂ ਕਿ ਮੇਰੇ ਰਾਜ ਵਿਚ ਸਾਰੇ ਮਿਲਜੁਲ ਕੇ ਰਵਨ, ਕੋਈ ਕਿਸੀ ਤੋਂ ਘ੍ਰਿਣਾ ਨ ਕਰੇ ਪਰ ਇਥੇ ਤਾਂ ਸਬ ਕੁਝ ਸਾਕਾਰ ਦ੍ਰਿਸ਼ਟਮਾਨ ਹੋ ਰਿਹਾ ਹੈ। ਉਹ ਗੁਰੂਕੇ ਲੰਗਰ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਫਿਰ ਗੁਰੁਦੇਵ ਦੇ ਸਨਮੁਖ ਹਾਜ਼ਰ ਹੋਇਆ। ਉਥੇ ਉਸ ਨੇ ਬਹੁਤ ਸਾਰਿਆ ਵਸਤੁਆਂ ਸ਼੍ਰੱਧਾ ਸੁਮਨ ਰੁਪ ਵਿਚ ਭੇਂਟ ਕੀਤੀਆਂ। ਗੁਰੁਦੇਵ ਉਸ ਦੀ ਨਿਮ੍ਰਤਾ ਤੇ ਰੀਝ ਉਠੇ ਅਤੇ ਉਸ ਨੂੰ ਅਸੀਸਾਂ ਦਿਤੀਆਂ ਅਤੇ ਕਹਿਆ ਕਿ ਜੇਕਰ ਤੂੰ ਅਪਣੀ ਪ੍ਰਜਾ ਦੇ ਸੇਵਕ ਬਣ ਕੇ ਰਾਜ ਕਰੇਗਾ ਤਾਂ ਇਤਿਹਾਸ ਵਿਚ ਤੇਰਾ ਨਾਂ ਸੁਅਰਣ-ਅੱਖਰਾਂ ਵਿਚ ਲਿਖਿਆ ਜਾਵੇਗਾ। ਇਸ ਤੇ ਬਾਦਸ਼ਾਹ ਅਕਬਰ ਕਹਿਣੇ ਲਗਿਆ ਕਿ ਗੁਰੁਦੇਵ ਮੈਂ ਸੱਦਾ ਨਿਆ- ਇੰਸਾਫ਼ ਤੇ ਖਾਸ ਜ਼ੋਰ ਦੇਂਦਾ ਹਾਂ ਅਤੇ ਚਾਹੁੰਦਾ ਹਾਂ ਕਿ ਜਨਤਾ ਆਪਸ ਵਿਚ ਮਿਲਜੁਲ ਕੇ ਰਵੇ ਅਤੇ ਇਸ ਕਾਰਜ ਲਈ ਮੈਂਨੇ ਇਕ ਨਵੇਂ ਧਰਮ ਦੀ ਸਥਾਪਨਾ ਦੀ ਕੋਸ਼ੀਸ਼ ਵੀ ਕੀਤੀ ਹੈ ਅਤੇ ਧਰਮ ਦਾ ਨਾਮ **"ਦੀਨੇ ਇੱਲਾਹੀ"** ਰਖਿਆ ਹੈ। ਜਿਸ ਤਰ੍ਹਾਂ ਕਿ ਨਾਂ ਤੋਂ ਸਪਸ਼ਟ ਹੁੰਦਾ ਹੈ ਕਿ ਮੇਰਾ ਵਿਚਾਰ ਸੀ ਕਿ ਸਮਾਜ ਵਿਚ **ਹਿੰਦੂ- ਮੁਸਲਿਮ** ਦਾ ਮਤਭੇਦ ਖ਼ਤਮ ਹੋ ਜਾਏ ਅਤੇ ਸਾਰੇ

ਨੇਕ ਇੰਸਾਨ ਬਣ ਕੇ ਜੀਵਨ ਵਿਅਤੀਤ ਕਰਨ ਅਤੇ ਸਮਾਜ ਵਿਚ ਧਰਮ ਨਿਰਪੱਖਤਾ ਦਾ ਬੋਲਬਾਲਾ ਹੋਵੇ। ਤਦ ਗੁਰੁਦੇਵ ਨੇ ਬਾਦਸ਼ਾਹ ਤੇ ਸੁਆਲ ਕੀਤਾ ਕਿ ਆਪਨੇ ਇਥੇ ਕੀ ਵੇਖਿਆ ਹੈ? ਜੁਆਬ ਵਿਚ ਬਾਦਸ਼ਾਹ ਨੇ ਕਹਿਆ ਕਿ ਮੈਂ ਤਾਂ ਕੋਰੀ ਕਲਪਨਾ ਹੀ ਕਰਦਾ ਹਾਂ, ਜਿਸ ਨੂੰ ਚਾਹੁਣ ਤੇ ਵੀ ਸਾਕਾਰ ਰੂਪ ਨਹੀਂ ਦੇ ਸਕਿਆ ਪਰ ਤੁਸਾਂ ਦੇ ਇਥੇ ਤਾਂ ਸਬ ਕੁਝ ਵਿਆਵਰਿਕ ਰੂਪ ਵਿਚ ਸਾਕਾਰ ਹੋਕੇ ਦ੍ਰਿਸ਼ਟਮਾਨ ਹੋ ਰਿਹਾ ਹੈ। ਗੁਰੁਦੇਵ ਨੇ ਬਾਦਸ਼ਾਹ ਨੂੰ ਸਮਝਾਉਂਦੇ ਹੋਏ ਕਿਹਾ- ਜਿਥੇ ਸਤਿ ਹੋਇਗਾ, ਉਥੇ ਅਸਲੀ ਧਰਮ ਹੋਵੇਗਾ ਅਤੇ ਧਰਮ ਕਦੇ ਘ੍ਰਿਣਾ ਕਰਨਾਂ ਨਹੀਂ ਸਿੱਖਾਉਂਦਾ। ਧਰਮ ਦਾ ਅਸਲੀ ਅਰਥ ਹੈ- ਕੁਝ ਆਦਸ਼ ਨਿਅਮਾਂ ਨੂੰ ਖੁਦ ਤੇ ਲਾਗੂਕਰਨਾ, ਜਿਸ ਨਾਲ ਸਬ ਦਾ ਚਰਿਤ ਨਿਰਮਾਣ ਹੋਵੇ ਅਤੇ ਅਸੀਂ ਇਕ ਚੰਗੇ ਸ਼ਹਿਰੀ ਬੜਿਏ। ਜੋ ਮਨੁੰਖ ਇਸ ਰਮਾਜ਼ ਨੂੰ  ਜਾਣ ਲੈਂਦਾ ਹੈ ਉਹ ਹੀ ਅਸਲੀ ਧਰਮੀ ਪੁਰਸ਼ ਹੁੰਦਾ ਹੈ ਨਹੀ ਤਾਂ ਸਬ ਢੋਂਗ ਹੋਕੇ ਰਹਿ ਜਾਂਦਾ ਹੈ, ਤਦੋਂ ਤਕ ਜੀਵਨ ਵਿਚ ਮਨੁੰਖਤਾ ਦੀ ਖੁਸ਼ਬੂਪੈਦਾ ਨਹੀਂ ਹੁੰਦੀ।

ਬਾਦਸ਼ਾਹ ਇਸ ਵਿਚਾਰ-ਵਟਾਂਦਰੇ ਤੋਂ ਬਹੁਤ ਸੰਤੁਸਟ ਹੋਇਆ ਅਤੇ ਗੁਰੁਦੇਵ ਤੇ ਸੁਆਲ ਕਰਨ ਲਗਾ ਕਿ ਆਪਦੇ ਚੇਹਰੇ ਤੇ ਇਤਨਾ ਜਲਾਲ (ਤੇਜ) ਕਿਉਂਕਿ  ਹੈ? ਆਪ ਜੀ ਕੀ ਛਕਦੇ ਹੋ? ਜੁਆਬ ਵਿਚ ਗੁਰਦੇਵ ਨੇ ਕਹਿਆ ਬ੍ਰਿੱਧਾਵਸਥਾ ਹੈ, ਦੰਦਾ ਦੀ ਘਾਟ ਦੇ ਕਾਰਣ “ਓਗਰਾ” (ਭੁਨੀ ਹੋਈ ਕਣਕ ਦਾ ਚੂਰਣ) ਛੱਕਦੇ ਹਾਂ, ਜਿਥੋ ਤਕ ਤੇਜ-ਪਰਤਾਪ ਦਾ ਸੁਆਲ ਹੈ, ਇਹ ਤਾਂ ਸਿਰਫ ਹਰਿ-ਨਾਮ ਰੂਪੀ ਅਮ੍ਰਿਤ ਰਸ ਸੱਦਾ ਪਾਨ ਕਰਦੇ ਰਹਿਣ ਦੇ ਕਾਰਣ ਹੈ। ਅਕਬਰ ਨੇ “ਓਗਰਾ” ਛੱਕਣੇ ਦੀ ਇੱਛਾ ਪ੍ਰਗਟ ਕੀਤੀ। ਗੁਰੁਦੇਵ ਨੇ ਵਡੇ ਪੈਮਾਨੇ ਵਿਚ ਓਗਰਾ ਤਿਆਰ ਕਰਵਾ ਕੇ ਅਕਬਰ ਦੇ ਖੇਮੇ ਵਿਚ ਭੇਜ ਦਿਤਾ। ਜਦੋਂ ਓਹ ਲੋਕ “ਓਗਰਾ” ਛੱਕਣ ਲਗੇ ਤਾ ਉਨ੍ਹਾਂ ਨੇ ਮਹਿਸੂਸ ਕਿ ਇਸ ਰਮਜ਼ ਭਰੇ ਚੂਰਣ ਵਿਚ ਅਨੇਕਾਂ ਤਰ੍ਹਾਂ ਦੇ ਵਿਅਜਨਾਂ ਦੇ ਸੁਵਾਦ ਮਿਲੇ ਹੋਏ ਹਨ। ਸਾਰੇ ਅਧਿਕਾਰੀ ਅਨੁਮਾਨ ਲਗਾਦੇ ਰਹੇ ਕਿ ਇਸ ਚੂਰਣ ਵਿਚ ਕਹਿਣੀ-ਕਹਿਣੀ ਵਸਤਾਂ ਯਾ ਜਾਇਕੇਦਾਰ ਮਸਾਲੇ ਪਾਏ ਹੋਏ ਹਨ?

ਬਾਦਸ਼ਾਹ ਅਕਬਰ ਨੇ ਅਗਲੇ ਦਿਨ ਗੁਰੁਦੇਵ ਤੋਂ ਆਗਿਆ ਮੰਗੀ ਅਤੇ ਅਪਣੀ ਤਰਫੋ ਇਕ ਪੱਟਾ ਭੇਂਟ ਕੀਤਾ, ਜਿਸ ਵਿਚ ਕੁਝ ਪਿੰਡਾ ਦੀ ਜ਼ਮੀਨ ਲੰਗਰ ਦੇ ਕਾਰਜਾ ਦੇ ਲਈ ਸੀ। ਪਰ ਗੁਰਦੇਵ ਨੇ ਉਸ ਨੂੰ ਸਵੀਕਾਰ ਕਰਨੇ ਤੋਂ ਇੰਕਾਰ ਕਰ ਦਿਤਾ ਅਤੇ ਕਹਿਆ-ਲੰਗਰ ਸਦੈਵ ਸੰਗਤ ਦੀ ਮਾਇਆ ਨਾਲ ਹੀ ਚਲਾਏ ਜਾਂਦੇ ਹਨ। ਲੰਗਰ ਵਿਚ ਸਾਧਾਰਣ ਜਨਸਮੂਹ ਅਪਣਾ ਯੋਗਦਾਨ ਕਰਨੇ ਦਾ ਹੱਕ ਰਖਦੇ ਹਨ। ਜੇਕਰ ਆਪ ਤੋਂ ਇਹ ਧਰਤੀ ਲੰਗਰ ਦੇ ਲਈ ਲੈ ਲਈ ਜਾਂਦੀ ਹੈ ਤਾ ਇਹ ਲੰਗਰ ਗੁਰੂਸੰਗਤ ਦਾ ਨਹੀਂ ਰਹਿ ਜਾਵੇਗਾ ਬਲਕਿ ਸਰਕਾਰੀ ਲੰਗਰ ਕਹਾਵੇਗਾ। ਇਸ ਲਈ ਅਸੀ ਇਹ ਧਰਤੀ ਦਾ ਪੱਟਾ ਸਵੀਕਾਰ ਨਹੀਂ ਕਰ ਸਕਦੇ ਇਸ ਗੱਲ ਮਗਰੋ ਅਕਬਰ ਨੇ ਵਿਨਿਮ੍ਰਤਾ ਭਾਵ ਨਾਲ ਬੇਨਤੀ ਕੀਤੀ ਕੀ ਹੈ ਗੁਰੁਦੇਵ! ਮੇਰੀ ਤਰਫੋ

ਵੀ ਕੁਝ ਭੇਟਾ ਤਾਂ ਸਵੀਕਾਰ ਕਰਨੀ ਹੀ ਪਵੇਗੀ। ਮੈਂ ਵੀ ਤੁਸਾਂ ਦਾ ਸੇਵਕ ਹਾਂ। ਤੁਸੀ ਮੈਨੂੰ ਵੀ ਨਿਵਾਜੋ ਅਤੇ ਉਸ ਨੇ ਇਕ ਜੁਗਤਿ ਨਾਲ ਗੁਰੁਦੇਵ ਨੂੰ ਮਨਾ ਲਿਆ ਅਤੇ ਕਹਿਆ ਕਿ ਮੈਂ ਪੱਟਾ ਲੰਗਰ ਦੇ ਲਈ ਨਹੀਂ ਤੁਸਾਂ ਦਾ ਬੇਟੀ ਦੇ ਲਈ ਇਕ ਭਾਈ ਦੀ ਤਰਫੋ ਸਨੇਹ ਪੂਰਵਕ ਭੇਂਟ ਵਿਚ ਦੇਣਾ ਚਾਹੁੰਦਾ ਹਾਂ। ਇਸ ਤੇ ਸੰਗਤ ਵਿਚੋਂ ਕੁਝ ਬੁਜ਼ਰਗ ਸਿੱਖਾਂ ਨੇ ਗੁਰੁਦੇਵ ਨੂੰ ਪਰੇਰਿਆ ਕਿ ਬਾਦਸ਼ਾਹ ਨੂੰ ਨਿਰਾਸ਼ ਨ ਕਰੇ ਇਸ ਤਰ੍ਹਾਂ ਪੱਟਾ ਬੀਬੀ ਭਾਨੀ ਸ਼ਪੁਤ੍ਰੀ ਗੁਰੂ ਅਮਰਦਾਸ ਜੀ ਦੇ ਨਾਂ ਤੇ ਲੈ ਲਿਆ ਗਿਆ।

## ਗੋਇੰਦਵਾਲ ਦੀ ਬਾਉਲੀ ਗੰਗਾ ਸਮਾਨ

ਸ਼੍ਰੀ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਇਕ ਦਿਨ ਉਨ੍ਹਾਂ ਦਾ ਪੁਰਾਣਾ ਮਿਤ੍ਰ ਮਿਲਨ ਆਇਆ। ਇਸ ਮਨੁੰਖ ਦੀ ਗੁਰੁਦੇਵ ਦੇ ਨਾਲ ਮਿਤ੍ਰਤਾ ਦੀ ਨੀਹ ਉਨ੍ਹਾਂ ਦਿਨ੍ਹਾਂ' ਚ ਰਖੀ ਗਈ ਸੀ। ਜਦੋਂ ਆਪ ਹਰਵਰੇ ਗੰਗਾ ਇਸਨਾਨ ਦੇ ਲਈ ਜਾਇਆ ਕਰਦੇ ਸਨ ਅਕਸਰ ਆਪ ਜੀ ਇਸ ਮ੍ਰਿਤ ਦੇ ਨਾਲ ਮਿਲਕੇ ਹੀ ਯਾਤ੍ਰਾ ਤੇ ਜਾਂਦੇ ਸਨ। ਇਹ ਭਗਤਜ਼ਨ ਗੁਰਦੇਵ ਦਾ ਵਰਤਮਾਨ ਕਾਲ ਦੀ ਜਸ-ਕੀਰਤੀ (**ਵੈਭਵ**) ਵੇਖਕੇ ਹੈਰਾਨ ਰਹਿ ਗਿਆ ਉਸ ਨੇ ਗੁਰੁਦੇਵ ਨੂੰ ਪ੍ਰੇਰਿਆ ਕਿ "ਮੈਂ ਗੰਗਾ ਇਸਨਾਨ ਦੇ ਲਈ ਜਾ ਰਿਹਾ ਹਾਂ। ਆਪ ਵੀ ਮੇਰੇ ਨਾਲ ਗੰਗਾਂ ਇਸਨਾਨ ਦਾ ਕਾਰਿਏਕ੍ਰਮ ਬਣਾ ਕੇ ਚਲੋ, ਕਿਉਂਕਿ ਅਸੀਂ ਪੁਰਾਣੇ ਤੀਰਥ ਯਾਤ੍ਰੀ ਮਿਤ੍ਰ ਹਾਂ। ਉੱਤਰ ਵਿਚ ਗੁਰੁਦੇਵ ਨੇ ਉਸ ਭਗਤਜਨ ਨੂੰ ਬਹੁਤ ਸਮਝਾਇਆ ਕਿ ਸਮੇਂ ਅਨੁਸਾਰ ਮਨੂੰਖ ਨੂੰ ਬਦਲ ਜਾਣਾ ਚਾਹਿਦਾ ਹੈ। ਸਿਰਫ ਗੰਗਾ ਇਸਨਾਨ ਨਾਲ ਕੁਝ ਹੋਣ ਵਾਲਾ ਨਹੀਂ, ਅਸਲੀ ਇਸਨਾਨ ਸ਼ਰੀਰ ਦਾ ਨਹੀਂ ਆਤਮਾ ਦਾ ਹੁੰਦਾ ਹੈ। ਜਦੋਂ ਉਸ ਦੀ ਪਵਿਤ੍ਰਤਾ ਦੀ ਤਰਫ ਧਿਆਨ ਨਹੀਂ ਦਿਤਾ ਜਾਂਦਾ ਤਾਂ ਸ਼ਰੀਰ ਦਾ ਇਸਨਾਨ ਵਿਅਰਥ ਚਲਾ ਜਾਂਦਾ ਹੈ। ਇਸ ਲਈ ਆਤਮਾ ਦੀ ਸ਼ੁੱਧੀ ਦੇ ਲਈ ਵਿਅਕਤੀ ਨੂੰ ਸਤਿ (**ਸ਼ਾਸ਼ਵਤ**) ਗਿਆਨ ਦੀ ਜਰੂਰਤ ਹੁੰਦੀ ਹੈ, ਜੋ ਸਿਰਫ ਅਤੇ ਸਿਫਰ ਸਤਿਗੁਰੂਦੇ ਦਰਬਾਰ ਵਿਚੋਂ ਸਤਿਸੰਗਤ ਰਾਈ ਪ੍ਰਾਪਤ ਹੁੰਦੀ ਹੈ। ਇਸ ਗਿਆਨ ਨੂੰ ਆਧਾਰ ਬਣਾ ਕੇ ਮਨੂੰਖ ਭਵਸਾਗਰ ਤੋ ਪਾਰ ਹੋ ਸਕਦਾ ਹੈ। ਪਰ ਭਗਤ ਹਠੀ ਸੀ, ਉਹ ਕਹਿਣੇ ਲਗਾ ਕਿ ਮੈਂ ਜੀਵਨ ਭਰ ਹਰਸਾਲ ਗੰਗਾ ਇਸ਼ਨਾਨ ਲਈ ਜਾਂਦਾ ਰਿਹਾ ਹਾਂ, ਹੁਣ ਜੀਵਨ ਦੇ ਅੰਤਿਮ ਦਿਨ੍ਹਾਂ 'ਚ ਇਹ ਨੇਮ ਨਹੀਂ ਛੱਡ ਸਕਦਾ ਇਸ ਤੇ ਗੁਰੁਦੇਵ ਨੇ ਉਸ ਨੂੰ ਕਹਿਆ ਕਿ ਆਪ ਜੀ ਕ੍ਰਿਪਾ ਕਰਕੇ ਸਾਡੀ ਤੂੰਬੜੀ (**ਕੌੜਾ ਫਲ**) ਨਾਲ ਲੈ ਜਾਓ ਅਤੇ ਸਾਡੀ ਥਾਂ ਤੇ ਸਾਰੇ ਤੀਰਥਾਂ' ਤੇ ਇਸ ਨੂੰ ਇਸਨਾਨ ਕਰਵਾ ਦੇ ਵਾਪਸ ਲੈ ਆਉਣਾ। ਇਹ ਗੰਗਾ ਭਗਤ ਗੁਰੁਦੇਵ ਤੋਂ ਤੂੰਬੜੀ ਲੈਕੇ ਤੀਰਥ ਯਾਤ੍ਰਾ ਤੇ ਚਲਾ ਗਿਆ। ਇਸ ਵਾਰ ਉਸ ਨੇ ਸ਼੍ਰੱਧਾਵਸ ਬਹੁਤ ਸਾਰੇ ਹੋਰ ਤੀਰਥਾ ਦੀ ਵੀ ਯਾਤ੍ਰਾ ਕੀਤੀ, ਹਰਇਕ ਥਾਂ ਤੇ ਖੁਦ ਵੀ ਇਸਨਾਨ ਕੀਤਾ ਅਤੇ ਗੁਰੁਦੇਵ ਦੀ ਤੂੰਬੜੀ ਨੂੰ ਵੀ ਇਸ਼ਨਾਨ ਕਰਵਾਉਂਦਾ ਰਿਹਾ। ਜਦੋਂ ਲੰਬੇ ਸਮੇਂ ਬਾਦ ਉਹ ਘਰ ਨੂੰ ਪਰਤ ਰਿਹਾ ਸੀ ਤਾਂ ਰਾਸਤੇ ਵਿਚ ਗੋਇੰਦਵਾਲ ਪਹੁੰਚ ਕੇ ਉਸਨੇ ਤੂੰਬੜੀ

ਗੁਰੁਦੇਵ ਨੂੰ ਮੋੜ ਦਿਤੀ ਅਤੇ ਕਹਿਆ ਕਿ ਮੈਂ ਆਪ ਦੀ ਆਗਿਆ ਅਨੁਸਾਰ ਇਸ ਨੂੰ ਬਹੁਤ ਸਾਰੇ ਹੋਰ ਤੀਰਥਾਂ ਤੋਂ ਵੀ ਇਸਨਾਨ ਕਰਵਾਂ ਲਿਆਇਆ ਹਾਂ। ਗੁਰੁਦੇਵ ਨੇ ਕਹਿਆ-ਆਪਨੇ ਬਹੁਤ ਹੀ ਪਰੋਪਕਾਰ ਕੀਤਾ ਹੈ। ਸਾਨੂੰ ਇਸ ਨੂੰ ਹੁਣੇ ਸੰਗਤ ਵਿਚ ਪ੍ਰਸਾਦ ਰੂਪਵਿਚ ਵੰਡ ਦੇਣਾ ਚਾਹਿਦਾ ਹੈ। ਕਿਉਂਕਿ ਇਹ ਤੂੰਬੜੀ ਬਹੁਤ ਸਾਰੇ ਤੀਰਥਾਂ ਤੇ ਇਸਨਾਨ ਕਰਣ ਤੋਂ ਬਾਦ ਪਵਿਤ੍ਰ ਹੋ ਗਈ ਹੋਵੇਗੀ। ਗੁਰੁਦੇਵ ਦੇ ਹੁਕਮ ਨਾਲ ਤੁਬੜੀ ਛੋਟੇ-ਛੋਟੇ ਟੁਕੜਿਆਂ ਵਿਚ ਵਡ ਕੇ ਸੰਗਤ ਵਿਚ ਵੰਡ ਦਿਤੀ ਗਈ, ਪਰ ਇਹ ਕੀ ! ਤੂੰਬੜੀ ਤਾਂ ਉਦਾ-ਦੀ ਉਦਾ ਕੋੜੀ ਸੀ, ਕਿਸੀ ਤੋਂ ਵੀ ਖਾਦੀ ਨਹੀਂ ਗਈ ਅਤੇ ਸਬ ਨੇ ਥੂ-ਥੂਕਰਕੇ ਸੁਟ ਦਿਤੀ। ਹੁਣ ਪ੍ਰਸ਼ਨ ਵਾਚਕ ਦ੍ਰਿਸਟੀ ਨਾਲ ਗੁਰੁਦੇਵ ਨੇ ਉਸ ਗੰਗਾ ਭਗਤ ਦੀ ਤਰਫ ਵੇਖਿਆ ਅਤੇ ਕਹਿਆ-ਤੁਸਾਂ ਸਾਡੀ ਤੂੰਬੜੀ ਨੂੰ ਅਨੇਕਾਂ ਤੀਰਥਾਂ ਤੇ ਇਸਨਾਨ ਕਰਵਾਇਆ ਸੀ, ਫਿਰ ਇਹ ਕੋੜੀ ਕਿਸ ਤਰ੍ਹਾਂ ਰਹਿ ਗਈ। ਇਸ ਦੀ ਕੜਵਾਹਟ ਮਿਠਾਸ ਵਿਚ ਬਦਲ ਜਾਣੀ ਚਾਹਿਦੀ ਸੀ। ਇਸ ਤੇ ਉਸ ਗੰਗਾ ਭਗਤ ਨੂੰ ਕੋਈ ਉੱਤਰ ਨਹੀਂ ਸੁਝਿਆ। ਹੁਣ ਉਹ ਜੀਵਨ ਦੀ ਇਸ ਰਮਜ਼ ਨੂੰ ਜਾਣਨ ਦੇ ਲਈ ਜਿਗਿਆਸਾ ਪ੍ਰਗਟ ਕਰਣ ਲਗਾ। ਤਦ ਗੁਰੁਦੇਵ ਨੇ ਆਪਣੇ ਪ੍ਰਵਚਨਾਂ ਵਿਚ ਕਹਿਆ-ਕੇਵਲ ਸ਼ਾਰੀਰਿਕ ਇਸ਼ਨਾਨ ਆਧਿਆਤਮਿਕ ਦੁਨੀਆਂ ਵਿਚ ਕੋਈ ਮਹਤਵ ਨਹੀਂ ਰਖਦਾ, ਜਦੋਂ ਤਕ ਉਸ ਵਿਚ ਹਰਿਨਾਮ ਰੂਪੀ ਅਮ੍ਰਿਤ ਨਹੀਂ ਮਿਲਾਇਆ ਜਾਂਦਾ ਕੋਈ ਵੀ ਵਸਤੁ ਤਦ ਹੀ ਪਵਿਤ੍ਰ ਹੁੰਦੀ ਹੈ, ਜਦੋਂ ਉਹ ਹਰਿਨਾਮ ਦੇ ਵਾਤਾਵਰਣ ਵਿਚ ਪਹੁੰਚ ਜਾਂਦੀ ਹੈ। ਇਸ ਦੇ ਲਈ ਸਾਨੂੰ ਅਪਣੇ ਹਿਰਦੇ ਰੂਪੀ ਮੰਦਿਰ ਵਿਚ ਹਰਿਨਾਮ ਰੂਪੀ ਜਲ ਨਾਲ ਸਵੱਛ ਕਰਨਾ ਹੀ ਹੋਵੇਗਾ। ਨਹੀਂ ਤਾਂ ਸਾਡੇ ਸਾਰੇ ਕਾਰਜ ਸਿਰਫ ਕਰਮਕਾਂਡ ਬਣਕੇ ਨਿਸ਼ਫਲ ਹੋਕੇ ਰਹਿ ਜਾਵਣਗੇ ਅਤੇ ਸਾਡੀ ਮਹਿਨਤ ਵਿਅਰਥ ਨਸ਼ਟ ਹੋ ਜਾਵੇਗੀ।

**ਕਾਇਆ ਹਰਿ ਮੰਦਰੁ ਹਰਿ ਆਪਿ ਸਵਾਰੇ ॥**

**ਤਸੁ ਵਿਚਿ ਹਰਿ ਜੀਉ ਵਸੈ ਮੁਰਾਰੇ ॥** (ਅੰਗ- 1059)

ਇਸ ਭਗਤਜਨ ਦੀ ਜਿਗਿਆਸ ਜਾਗ੍ਰਿਤ ਹੋਈ ਅਤੇ ਉਹ ਗੁਰਦੇਵ ਦੇ ਚਰਨਾਂ ਵਿਚ ਰਹਿ ਕੇ ਉਨ੍ਹਾਂ ਦੇ ਪ੍ਰਵਚਨਾਂ ਨੂੰ ਸ਼੍ਰਵਣ ਕਰਨੇ ਦੀ ਇੱਛਾ ਨਾਲ ਗੋਇੰਦਵਾਲ ਠਹਿਰ ਗਿਆ। ਅਗਲੀ ਪ੍ਰਭਾਤ ਨੂੰ ਜਦੋਂ ਉਹ ਇਸਨਾਨ ਕਰਨ ਦੇ ਲਈ ਬਾਉਲੀ ਵਿਚ ਡੁਬਕੀ ਲਗਾ ਰਿਹਾ ਸੀ ਤਾਂ ਉਸਨੇ ਮਹਿਸੂਸ ਕੀਤਾ ਕਿ ਉਸਦੇ ਪੈਰ੍ਹਾਂ ਹੇਠ ਕੋਈ ਭਾਂਡਾ ਆ ਗਿਆ ਹੈ, ਜਿਦਾ ਹੀ ਉਸਨੇ ਉਸ ਭਾਂਡੇ ਨੂੰ ਬਾਹਰ ਕਡਿਆ ਤਾਂ ਉਸ ਦੀ ਹਰਿਆਨਗੀ ਦੀ ਕੋਈ ਹਦ ਨਾ ਰਹੀ, ਉਹ ਉਹੀ ਕਮੰਡਲ ਸੀ ਜੋ ਵਾਪਸ ਮੁੜਦੇ ਵਕਤ ਜਲ ਭਰਦੇ ਹੋਏ ਗੰਗਾ ਦੀ ਤੇਜਧਾਰ ਕਾਰਣ ਹਥ ਵਿਚੋਂ ਛੁੱਟ ਕੇ ਰੁੜ ਗਿਆ ਸੀ। ਇਸ ਤੇ ਗੰਗਾ ਭਗਤ ਨੇ ਉਸ ਨੂੰ ਧਿਆਨ ਨਾਲ ਪਹਿਚਾਣ ਨੇ ਦੀ ਕੋਸ਼ੀਸ਼ ਕੀਤਾ ਤਾਂ ਉਸ ਕਮੰਡਲ ਤੇ ਉਸੀ ਦਾ ਨਾਂ ਲਿਆ ਹੋਇਆ ਸੀ। ਉਹ

ਗੁਰੁਦੇਵ ਦੇ ਚਰਨਾਂ ਵਿਚ ਵਾਪਸ ਪ੍ਰੱਤ ਆਇਆ ਅਤੇ ਇਸ ਰਮਜ਼ ਨੂੰ ਜਾਨਣੇ ਦੀ ਜਿਗਿਆਸ ਪ੍ਰਗਟ ਕੀਤੀ। ਗੁਰੁਦੇਵ ਨੇ ਅਪਣੇ ਪ੍ਰਵਚਨਾਂ ਵਿਚ ਸ਼ਪਸ਼ਟ ਕਿ ਸਬ ਅਧਿਆਤਮਿਕ ਪ੍ਰਾਪਤਿਆਂ ਮਨ ਦੀ ਭਾਵਨਾਵਾਂ ਨਾਲ ਸੰਬੰਧ ਰਖਦਿਆ ਹਨ। ਜੋ ਮਨੁੰਖ ਜਿਸ ਭਾਵਨਾਵਾਂ ਨਾਲ ਆਰਾਧਨਾ ਕਰੇਗਾ, ਪ੍ਰਭੁ ਅਪਣੇ ਭਗਤ ਨੂੰ ਉਸੀ ਰੂਪ ਵਿਚ ਪ੍ਰਗਟ ਹੋਕੇ ਮਿਲਦੇ ਹਨ। ਤੁਸਾਂ ਬਾਉਲੀ ਵਿਚ ਇਸਨਾਨ ਕਰਦੇ ਸਮੇਂ ਗੰਗਾ ਮਇਆ ਦਾ ਧਿਆਨ ਕਰਕੇ ਡੁਬਕੀ ਲਗਾਈ ਸੀ ਤਾਂ ਪ੍ਰਭੁ ਨੇ ਆਪ ਦੇ ਲਈ ਬਾਉਲੀ ਨੂੰ ਗੰਗਾ ਬਣਾ ਦਿਤਾ। ਇਹ ਸਬ ਆਪ ਦੀ ਭਾਵਨਾ ਦਾ ਪ੍ਰਤਿਫਲ ਹੈ।

## ਭਾਈ ਫਿਰਾਇਆ ਜੀ

ਪੰਜਾਬ ਦੀ ਦੋ ਨਦੀਆਂ ਦੇ ਖੇਤਰ (**ਸਤਲੁਜ ਅਤੇ ਬਿਆਸ ਦੇ ਵਿਚ ਵਸਿਆ ਹੋਇਆ ਖੇਤਰ**) ਨੂੰ ਦੋਆਬਾ ਕਹਿਦੇ ਹਨ। ਇਹ ਖੇਤਰ ਉਪਜਾਉ ਹੈ, ਇਸ ਲਈ ਸਮ੍ਰਿੱਧਿ ਵੀ ਹੈ ਅਤੇ ਜਨਸੰਖਿਆ ਵੀ ਵੱਦ ਹੈ। ਸ਼੍ਰੀ ਗੁਰੂਅਮਰਦਾਸ ਜੀਦੇ ਜੀਵਨ ਕਾਲ ਵਿਚ ਇਥੇ ਗੋਰਖਨਾਥ ਦੇ ਸਿੱਖਾਂ (ਚੇਲਿਆਂ) ਦੇ ਕਈ ਮਠ ਸਨ, ਜਿਨ੍ਹਾਂ ਤੋਂ ਓਹ ਅਪਣੇ ਯੋਗ ਮਤਿ ਦਾ ਪ੍ਰਚਾਰ ਕਰਦੇ ਸਨ। ਅਸਲੀਅਤ ਇਹ ਸੀ ਕਿ ਜਨਸਾਧਾਂਰਣ ਤਾਂ ਗ੍ਰਿਹਸਥ ਤਿਆਗ ਨਹੀਂ ਸਕਦਾ ਸੀ, ਪਰ ਕੁਝ ਨਿਖੱਟੂ-ਨਿਖਲੇ ਲੋਕ ਇਨ੍ਹਾਂ ਦੇ ਚੰਗੁਲ ਵਿਚ ਫੰਸ ਜਾਂਦੇ ਸਨ ਅਤੇ ਓਹ ਇਨ੍ਹਾਂ ਯੋਗੀਆਂ ਦੇ ਪ੍ਰਤਿਨਿਧੀ ਬਣਕੇ ਪਿੰਡ-ਪਿੰਡ ਘੁਮ ਕੇ ਭਿਖਿਆ ਮੰਗ ਕੇ ਯਾ ਲੋਕਾਂ ਨੂੰ ਯੋਗੀਆਂ ਦੀ ਚਮਤਕਾਰੀ ਸ਼ਕਤੀਆਂ ਦਾ ਡਰ ਵਿਖਾਕੇ ਰਸਦ ਯਾ ਧਨ ਇਕੱਠਾ ਕਰਦੇ ਰਹਿੰਦੇ ਸਨ। ਇਸ ਤਰ੍ਹਾਂ ਯੋਗੀ ਲੋਕ ਕਿਸਾਨਾਂ ਅਤੇ ਮਜ਼ਦੂਰਾਂ ਦਾ ਸ਼ੋਸ਼ਣ ਕਰਵਾਉਂਦੇ ਰਹਿੰਦੇ ਸਨ। ਪਰ ਬਦਲੇ ਵਿਚ ਇਹ ਲੋਕ ਉਨ੍ਹਾਂ ਦੇ ਕਿਸੀ ਕੰਮ ਨਹੀਂ ਆਂਦੇ ਸਨ ਨ ਤਾਂ ਇਹ ਲੋਕ ਕਿਸੀ ਨੂੰ ਆਧਿਆਤਮਿਕ ਗਿਆਨ ਦੇਕੇ ਉਨ੍ਹਾਂ ਦੇ ਕਲਿਆਣ ਦੀ ਗਲ ਸੋਚਦੇ ਸਨ ਅਤੇ ਨ ਹੀ ਉਨ੍ਹਾਂ ਦੇ ਸਾਂਸਾਰਿਕ ਵਿਅਵਾਰ ਵਿਚ ਕਿਸੀ ਪ੍ਰਕਾਰ ਦੀ ਸਹਾਇਤਾ ਕਰਦੇ ਸਨ ਬਲਕਿ ਆਪਣੀ ਰੋਜ਼ੀ-ਰੋਟੀ ਦਾ ਬੋਝ ਵੀ ਇਨ੍ਹਾਂ ਗ੍ਰਿਹਸਥਿਆਂ ਤੇ ਪਾ ਕੇ ਉਨ੍ਹਾਂ ਨੂੰ ਹੀਨ ਦ੍ਰਿਸਟੀ ਨਾਲ ਵੇਖਦੇ ਸਨ ਅਤੇ ਖੁਦ ਨੂੰ ਤਿਆਗੀ ਦਸ ਕੇ ਇਕ ਆਦਰਸ਼ ਮਨੁੰਖ ਇਲਾਨਦੇ ਸਨ। ਭਾਈ ਫਿਰਾਇਆ ਜੀ ਇਸੀ ਖੇਤਰ ਦੇ ਨਿਵਾਸੀ ਸਨ। ਉਹ ਯੋਗੀਆਂ ਵਲੋਂ ਜਨਤਾ ਦਾ ਸ਼ੋਸਣ ਅਤੇ ਉਨ੍ਹਾਂ ਵਲੋਂ ਦੁਰਕਾਨੇ ਤੋਂ ਬਹੁਤ ਹੀਨ ਮਹਿਸੂਸ ਕਰਦੇ ਸਨ। ਉਹ ਸਦਾ ਸੋਚਾ ਵਿਚ ਡੁਬੇ ਰਹਿੰਦੇ ਕਿ ਮਨੁੰਖ ਜੀਵਨ ਦਾ ਜੋ ਪ੍ਰਮੁਖ ਟੀਚਾ ਹੈ, ਉਸ ਦੀ ਪ੍ਰਾਪਤੀ ਦੇ ਰਾਹ ਵਿਚ ਇਹ ਯੋਗੀ ਲੋਕ ਰੁਕਾਵਟ ਹਨ। ਕਿਉਂਕਿ ਇਹ ਲੋਕ ਖੁਦ ਭੁਲੇਖੇ ਵਿਚ ਹਨ। ਇਨ੍ਹਾਂ ਦਾ ਮੁਖ ਨੀਸ਼ਾਨਾ ਪੇਟ -ਪੁਜਾ ਹੈ, ਕਿਸੀ ਦਾ ਕਲਿਆਣ ਨਹੀਂ। ਇਸ ਲਈ ਉਹ ਪੂਰਨ ਗੁਰੂਦੀ ਖੋਜ ਵਿਚ ਨਿਕਲ ਪਏ। ਰਬ ਨੇ ਇਨ੍ਹਾਂ ਨੂੰ ਵਿਵੇਕ ਬੁੱਧੀ ਬਖ਼ਸ਼ੀ ਹੋਈ ਸੀ, ਇਸ ਲਈ ਇਨ੍ਹਾਂ ਦੀ ਤੇਜ-ਨਜ਼ਰ ਤੋਂ ਪਾਖੰਡੀ ਬਚ ਨਹੀਂ ਸਕਦੇ ਸਨ। ਸਤਿ ਦੀ ਖੋਜ ਦੇ ਰਾਹੀ ਨੂੰ ਇਕ ਦਿਨ ਇਕ

ਮਨੁੱਖ ਮਿਲਿਆ, ਜਿਸ ਦਾ ਕਟਾਰਾ ਜੀ ਸੀ। ਇਹ ਵੀ ਆਤਮਿਕ ਸ਼ਾਂਤੀ ਦੇ ਲਈ ਅਲਗ-ਅਲਗ ਥਾਂਵਾ ਤੇ ਭਟਕ ਰਹੇ ਸਨ। ਦੋਨ੍ਹਾਂ ਦਾ ਟੀਚਾ ਇਕੋ ਹੀ ਸੀ। ਇਸ ਲਈ ਸਹਿਜੇ-ਸਹਿਜੇ ਮਿਤ੍ਰਤਾ ਵਦਦੀ ਗਈ। ਇਕ ਦਿਨ ਇਨ੍ਹਾਂ ਦੀ ਖੋਜ ਰੰਗ ਲੈ ਆਈ। ਕਿਸੀ ਮਨੁੱਖ ਨੇ ਇਨ੍ਹਾਂ ਨੂੰ ਦਸਿਆ ਕਿ ਪੰਜਾਬ ਵਿਚ ਸ਼ਾਹੀ ਸੜਕ ਦੇ ਉਪਰ ਵਸੇ ਗੋਇੰਦ ਵਾਲ ਵਿਚ ਇਕ ਮਹਾਪੁਰਖ ਨਿਵਾਸ ਰਖਦੇ ਹਨ ਜੋਕਿ ਗੁਰੂਨਾਨਕ ਦੇਵ ਜੀ ਦੇ ਉੱਤਰਾਧਿਕਾਰੀ ਹਨ ਓਹ ਪੂਰਣ ਪੁਰਸ਼ ਹਨ। ਭਾਈ ਫਿਰਾਇਆ ਜੀ ਨੇ ਕਟਾਰਾ ਜੀ ਨੂੰ ਦਸਿਆ ਕਿ ਇਹ ਥਾ ਤਾਂ ਸਾਡੇ ਜ਼ਿਲੇ ਦੇ ਨੇੜੇ ਹੀ ਹੈ। ਮੈਂਨੇ ਇਨ੍ਹਾਂ ਦੀ ਉਸਤਤੀ ਪਹਿਲਾ ਵੀ ਸੁਣੀ ਹੈ, ਪਰ ਧਿਆਨ ਨਹੀਂ ਦਿਤਾ ਕਿਉਂਕਿ ਮੈਂਨੇ ਕਈ ਵਾਰ ਧੋਖਾ ਖਾਦਾ ਹੈ ਅਤੇ ਮਹਿਸੂਸ ਕੀਤਾ ਹੈ- **"ਉੱਚੀ ਦੁਕਾਨ ਫੀਕਾ ਪਕਵਾਨ"** ਵਾਲੀ ਕਹਾਵਤ ਅਨੁਸਾਰ ਸਬ ਕੁਝ ਛਲ-ਕਪਟ ਹੀ ਹੁੰਦਾ ਹੈ, ਪਰ ਇਸ ਵਾਰ ਉਨ੍ਹਾਂ ਨੇ ਆਪਣੇ ਮਿਤ੍ਰ ਕਟਾਰਾ ਜੀ ਦੇ ਨਾਲ ਗੋਇੰਦਵਾਲ ਜਾਣ ਦਾ ਵਿਚਾਰ ਬੜਾਇਆ। ਗੋਹਿੰਦਵਾਲ ਵਿਚ ਉਨ੍ਹਾਂ ਸਬ ਕੁਝ ਅਪਣੀ ਵਿਚਾਰ ਧਾਰਾ ਦੇ ਉਲਟ ਵੇਖਿਆ। ਇਥੇ ਅਭਿਆਗਤ ਦਾ ਸੁਆਗਤ ਹੁੰਦਾ ਹੈ ਅਤੇ ਹਰ ਤਰ੍ਹਾਂ ਦੀ ਸੁਖ-ਸੁਵਿਧਾ ਦੇਂਕੇ ਦਿਨ-ਰਾਤ ਨਿਸ਼ਕਾਮ ਸੇਵਾ ਕੀਤੀ ਜਾਦੀ ਹੈ। ਇਹਲੋਕ ਗੋਇੰਦਵਾਲ ਦੇ ਵਾਤਾਵਰਣ ਵਿਚ ਬਹੁਤ ਪ੍ਰਭਾਵਿਤ ਹੋਏ। ਉਨ੍ਹਾਂ ਨੇ ਵੇਖਿਆ ਕਿ ਹਰਇਕ ਸਿੱਖ ਮਨ ਹੀ ਮਨ ਪ੍ਰਭੁਭਜਨ ਵਿਚ ਲੀਨ ਰਹਿੰਦਾ ਹੈ ਅਤੇ ਹਥਾਂ ਨਾਲ ਬਿਨ੍ਹਾਂ ਭੇਦਭਾਵ ਜਨਸਾਧਾਰਣ ਦੀ ਸੇਵਾ ਵਿਚ ਤਿਆਰ ਰਹਿੰਦਾ ਹੈ, ਕਿਸੀ ਤੋਂ ਵੀ ਕੋਈ ਇੱਛਾ ਨਹੀਂ ਰਖੀ ਜਾਂਦੀ। ਇਸ ਸੁਖਮਯ, ਭੈ ਰਹਿਤ ਮਹੌਲ ਵਿਚ ਦੋਨੋਂ ਭਗਤਜਨਾਂ ਨੇ ਕੁਝ ਦਿਨ ਬਿਤਾਏ ਅਤੇ ਫਿਰ ਗੁਰਦੇਵ ਦੇ ਦਰਸ਼ਨਾਂ ਦੇ ਲਈ ਹਾਜ਼ਰ ਹੋਏ। ਗੁਰੁਦੇਵ ਨੇ ਸੁਖਸਾਂਦ ਪੁਛੀ। ਇਨ੍ਹਾਂ ਨੇ ਅਪਣੇ ਕੌੜੇ ਤਰਜ਼ਬੇ ਦਸਦੇ ਹੋਏ ਕਹਿਆ- ਹੇ ਗੁਰੁਦੇਵ! ਮਨੁੱਖੀ ਸਮਾਜ ਵਿਚ ਬਹੁਤ ਢੋਂਗੀ ਹਨ। ਇਸ ਲਈ ਜ਼ਿਆਦਾ ਤਰ ਜਨਸਾਧਾਰਣ ਅਗਿਆਨਤਾ ਦੇ ਕਾਰਣ ਭਟਕਦਾ ਫਿਰ ਰਿਹਾ ਹੈ। ਢੌਂਗੀ ਲੋਕ ਨਵੇਂ- ਨਵੇਂ ਜਾਲ ਰਚਕੇ ਅਪਣੀ ਰੋਜ਼ੀ-ਰੋਟੀ ਦੇ ਲਈ ਜਨਤਾ ਨੂੰ ਗੁਮਰਾਹ ਕਰਦੇ ਹਨ ਇਸ ਤਰ੍ਹਾਂ ਉਨ੍ਹਾਂ ਦਾ 'ਸਤਿ' ਤੋਂ ਵਿਸਵਾਸ ਹੀ ਉਠ ਜਾਂਦਾ ਹੈ ਕਿਉਂਕਿ ਥਾਂ-ਥਾਂ ਤੇ ਪਾਖੰਡਿਆਂ ਨੇ ਅਪਣੀ ਦੁਕਾਨਦਾਰੀ ਅਨੁਸਾਰ ਦਲਾਲ ਫੈਲਾ ਰਖੇ ਹਨ, ਜੋਕਿ ਰੂੜਿਵਾਦੀ ਲੋਕਾਂ ਨੂੰ ਜੰਤ੍ਰ, ਮੰਤ੍ਰ ਅਤੇ ਤੰਤ੍ਰ ਦੇ ਝਾਂਸੇ ਵਿਚ ਫੁਸਲਾ ਕੇ ਭੈਭੀਤ ਕਰਕੇ ਅਪਣਾ ਉੱਲੂਸਿਧਾ ਕਰਦੇ ਹਨ ਅਤੇ ਧਨ ਠੱਗ ਲੈਂਦੇ ਹਨ।

ਗੁਰਦੇਵ ਨੇ ਉਨ੍ਹਾਂ ਨੂੰ ਧੀਰਜ ਦਿਤਾ ਅਤੇ ਕਹਿਆ-ਪ੍ਰਭੁਭਲੀ ਕਰੇਗਾ। ਠੀਕ ਵੈਸੇ ਹੀ ਹੋਵੇਗਾ, ਜਿਸ ਤਰ੍ਹਾਂ ਸ਼ੇਰ ਦੀ ਗਰਜ ਸੁਣਕੇ ਛੋਟੇ-ਮੋਟੇ ਪਸ਼ੂ-ਪੰਛੀ ਭਜ ਜਾਂਦੇ ਹਨ ਯਾ ਸੂਰਜ ਨਿਕਲਣ ਤੇ ਅੰਧਕਾਰ ਨਹੀਂ ਰਹਿੰਦਾ। ਉਦਾਂ ਹੀ ਸ਼ਾਸਵਤ (**ਸਾਤਿ**) ਗਿਆਨ ਦਾ ਪ੍ਰਕਾਸ਼ ਫੈਲੇਗਾ ਅਤੇ ਇਹ ਢੌਂਗੀ-ਪਾਖੰਡੀ ਭਜ ਦੇ ਫਿਰਨਗੇ। ਬਸ ਥੋੜਾ ਧੀਰਜ ਰਖਕੇ ਖੁਦ ਨੂੰ ਸੰਜਮ ਵਿਚ ਲਿਆਓ ਅਤੇ ਗੁਰਮਤਿ ਸਿੱਧਾਂਤਾਂ ਦਾ ਗਹਨ

ਅਧਿਅਨ ਕਰਕੇ ਉਸੀ ਅਨੁਸਾਰ ਜੀਵਨ ਜੀਣ ਦਾ ਅਭਿਆਸ ਕਰਓ। ਗੁਰੂਆਗਿਆ ਅਨੁਸਾਰ ਇਨ੍ਹਾਂ ਦੋਨ੍ਹਾਂ ਨੇ ਗੁਰੁਦੇਵ ਦੇ ਨੇੜੇ ਰਹਿ ਕੇ ਉਜਵਲ ਜੀਵਨ ਜੀਣੇ ਦੀ ਵਿਧੀ ਸਿੱਖ ਲਈ। ਜਦੋਂ ਗੁਰੂਜੀ ਨੇ ਮਹਿਸੂਸ ਕੀਤਾ ਕਿ ਭਾਈ ਫਿਰਾਇਆ ਜੀ ਅਤੇ ਉਨ੍ਹਾਂ ਦੇ ਮਿਤ੍ਰ ਕਟਾਰਾ ਜੀ 'ਕਰਨੀ-ਕਥਨੀ' ਦੇ ਬਲੀ ਹੋ ਗਏ ਹਨ ਤਾਂ ਉਨ੍ਹਾਂ ਨੇ ਜੰਮੂਖੇਤਰ ਵਿਚ ਗੁਰਮਤਿ-ਪ੍ਰਚਾਰ ਲਈ ਅਪਣਾ ਪ੍ਰਤਿਨਿਧੀ ਸਥਾਪਿਤ ਕਰ ਮੰਜੀਦਾਰ ਨਿਯੁਕਤ ਕੀਤਾ।

## ਭਾਈ ਜੇਠਾ ਜੀ ਦੀ ਸੇਵਾ ਭਗਤੀ

ਗੋਇੰਦਵਾਲ ਵਿਚ ਬਾਉਲੀ ਦਾ ਨਿਰਮਾਣ ਕਾਰਜ ਚਲ ਰਿਹਾ ਸੀ, ਤਾਂ ਉਨ੍ਹੀ ਦਿਨ੍ਹਾਂ 'ਚ ਲਾਹੋਰ ਨਗਰ ਤੋਂ ਭਾਈ ਜੇਠਾ ਜੀ ਦੇ ਚਾਚਾ ਜੀ ਦੇ ਮੁੰਡੇ ਸਿਹਾਰੀਮਲ ਜੀ ਕਿਸੀ ਕਾਰਣਵਸ ਸੰਗਤ ਦੇ ਨਾਲ ਗੋਇੰਦਵਾਲ ਪਧਾਰੇ। ਉਹ ਸੋਚ ਰਹੇ ਸਨ ਕਿ ਮੇਰਾ ਭਾਈ ਗੁਰਦੇਵ ਦਾ ਜੁਆਈ ਹੈ। ਇਸ ਲਈ ਉਨ੍ਹਾਂ ਦਾ ਕੁੜਮਾਚਾਰੀ ਹੋਣ ਕਾਰਣ ਸ਼ਾਨਦਾਰ ਸੁਆਗਤ ਹੋਵੇਗਾ। ਪਰ ਉਥੇ ਤਾ ਸਬ ਲਈ ਇਕੋ ਜਹੀਵਿਅਵਸਥਾ ਸੀ। ਸੰਗਤ ਦੀ ਬਹੁਤਾਤ ਕਾਰਣ ਕਿਸੀ ਪ੍ਰਮੁਖ ਮਹਿਮਾਨ ਵਲ ਵੀ ਧਿਆਨ ਨਹੀਂ ਦਿਤਾ ਜਾ ਸਕੀਆ। ਇਸ ਕਾਰਣ ਸਿਹਾਰੀਮਲ ਜੀ ਬਹੁਤ ਨਾਰਾਜ਼ ਹੋ ਗਏ। ਉਨ੍ਹਾਂ ਦੀ ਦ੍ਰਿਸ਼ਟੀ ਭਾਈ ਜੇਠਾ ਜੀ ਨੂੰ ਢੂੰਢਣ ਵਿਚ ਲਗਿਆ ਹੋਈਆਂ ਸਨ ਪਰ ਉਹ ਕਿਤੇ ਵਿਖਾਈ ਨਹੀਂ ਦਿੰਦੇ ਸਨ। ਪੂਰਾ ਦਿਨ ਬੀਤ ਗਿਆ। ਅੰਤ ਵਿਚ ਉਨ੍ਹਾਂ ਨੇ ਸੇਵਾਦਾਰਾਂ ਤੋਂ ਪੁਛਤਾਛ ਸ਼ੁਰੂਕੀਤੀ ਕਿ ਉਨ੍ਹਾਂ ਦਾ ਭਾਈ ਜੇਠਾ ਕਿਥੇ ਹੈ? ਸੇਵਾਦਾਰਾਂ ਨੇ ਦਸਿਆ ਕਿ ਉਹ ਬਾਉਲੀ ਦੇ ਨਿਰਮਾਣ ਹੇਤੁ ਉਥੇ ਹੀ ਕਾਰਜਾ ਵਿਚ ਲਗੇ ਰਹਿੰਦੇ ਹਨ। ਇਹ ਪੱਤਾ ਲਗਾਦਿਆ ਹੀ ਸਿਹਾਰੀਮਲ ਜੀ ਉਸ ਵਕਤ ਉਥੇ ਪੁਜੇ ਜਿਥੇ ਬਾਉਲੀ ਦੀ ਕਾਰ ਸੇਵਾ ਚਲ ਰਹੀ ਸੀ। ਉਨ੍ਹਾਂ ਉਥੇ ਵੇਖਿਆ ਕਿ ਭਾਈ ਜੇਠਾ ਜੀ ਖੁਦ ਬਾਉਲੀ ਦੀ ਮਿੱਟੀ ਟੋਕਰੀ ਵਿਚ ਭਰਕੇ ਸਿਰ ਤੇ ਚੱਕੀ ਇਕ ਥਾਂ ਤੋਂ ਦੁਜੀ ਥਾਂ ਤੇ ਸੁਟ ਰਹੇ ਹਨ ਅਤੇ ਬਿਲਕੁਲ ਸਾਧਾਰਣ ਮਜ਼ਦੂਰ ਦੀ ਤਰ੍ਹਾਂ ਕਾਰਜ ਵਿਚ ਵਿਅਸਤ ਹਨ। ਅਸਲ ਵਿਚ ਸਿਹਾਰੀਮਲ ਜੀ ਮਨ-ਮਨ ਵਿਚਾਰ ਰਹੇ ਸਨ ਕਿ ਭਾਈ ਗੁਰੂਜੀ ਦਾ ਜੁਆਈ ਹੈ। ਇਸ ਲਈ ਉਹ ਬਹੁਤ ਤੜਕ-ਭੜਕ ਦੇ ਨਾਲ ਕਿਸੀ ਵਿਸ਼ੇਸ ਕਾਰਜ ਦਾ ਅਪਣੀ ਦੇਖ-ਰੇਖ ਵਿਚ ਸੰਚਾਲਨ ਕਰ ਰਹੇ ਹੋਣਗੇ। ਪਰ ਇਹ ਕੀ, ਜੁਆਈ ਹੋਕੇ ਇਕ ਸਾਧਾਰਣ ਮਜ਼ਦੂਰ ਦੀ ਤਰ੍ਹਾਂ ਛੋਟੇ ਤਪਕੇ ਦਾ ਕਾਰਜ। ਸਿਹਾਰੀਮਲ ਨੂੰ ਇਹ ਵੇਖਕੇ ਬਹੁਤ ਰੋਸ਼ ਹੋਇਆ। ਉਹ ਜੇਠਾ ਜੀ ਤੇ ਬਹੁਤ ਨਾਰਾਜ਼ ਹੋਏ ਅਤੇ ਕਹਿਣ ਲਗੇ-ਸੋਹਰੇ ਜੇਕਰ ਇਹੀ ਕਾਰਜ ਕਰਨਾ ਸੀ ਤਾਂ ਲਾਹੌਰ ਵਿਚ ਕੀ ਕਮਾਂ ਦੀ ਘਾਟ ਹੈ। ਸਾਨੂੰ ਕਹਿਆ ਹੁੰਦਾ, ਅਸੀ ਤੈਨੂੰ ਕਿਸੀ ਚੰਗੇ ਕਮ ਤੇ ਲਗਵਾ ਦੇਂਦੇ। ਤੈਨੂੰ ਤਾਂ ਅਸਾਡੀ ਪੂਰੀ ਬਿਰਾਦਰੀ ਦੀ ਨੱਕ ਹੀ ਕਟਵਾ ਦਿਤੀ ਹੈ। ਪਰ ਭਾਈ ਜੇਠਾ ਜੀ ਬਹੁਤ ਸ਼ਾਂਤ ਭਾਵ ਨਾਲ ਉਨ੍ਹਾਂ ਨੂੰ ਸਮਝਾਣ ਲਗੇ। ਮੈਂ ਆਪਣੇ ਆਪ ਨੂੰ ਗੁਰਦੇਵ ਜੁਆਈ ਨਹੀਂ ਮਨਦਾ

ਮੈਂ ਤਾਂ ਉਨ੍ਹਾਂ ਦਾ ਸੇਵਕ ਹਾਂ ਜੋ ਕਮ ਵੀ ਕਰਦਾ ਹਾਂ ਉਨ੍ਹਾਂ ਦੀ ਖੁਸ਼ੀ ਪਾਉਣ ਲਈ ਕਰਦਾ ਹਾਂ। ਪਰ ਇਹ ਸੱਬ ਸੇਵਾਭਾਵ ਉਨ੍ਹਾਂ ਦੀ ਸਮਝ ਵਿਚ ਆਨੇ ਵਾਲਾ ਨਹੀ ਸੀ। ਉਹ ਰੁਠਕੇ ਗੁਰਦੇਵ ਦੇ ਕੋਲ ਚਲੇ ਗਏ ਅਤੇ ਉਥੇ ਵੀ ਅਪਣੇ ਰਿਸਤੇ -ਨਾਤਿਆਂ ਦਾ ਬੜਪਨ ਵਿਖਾਣ ਲਗੇ ਅਤੇ ਕਹਿਣ ਲਗੇ- ਗੁਰਦੇਵ ਤੁਸੀ ਤਾਂ ਸਮਾਜ ਦੇ ਨਿਅਮਾਂ ਦੇ ਗਿਆਤਾ ਹੋ। ਜੇਠਾ ਤਾਂ ਅਲਪਗ ਹੈ ਤਾਂ ਤੁਸਾਂ ਨੂੰ ਚਾਹਿਦਾ ਸੀ ਕਿ ਉਸ ਨੂੰ ਕੋਈ ਚੰਗਾ ਕਾਰਜ ਦੇ ਦੇਂਦੇ, ਜਿਸ ਨਾਲ ਸਮਾਜ ਵਿਚ ਦੋਨ੍ਹਾਂ ਪਰਿਵਾਰਾ ਦੀ ਇਜ਼ਤ ਬਣੀ ਰਹਿੰਦੀ । ਇਸ ਤਰ੍ਹਾਂ ਤਾਂ ਸਾਡੇ ਕੁਲ ਨੂੰ ਧੱਬਾ ਲਗ ਗਿਆ ਹੈ। ਗੁਰੁਦੇਵ ਵਿਚਾਰ ਮਗਨ ਉਨ੍ਹਾਂ ਦੀਆਂ ਗੱਲਾਂ ਸੁਣਦੇ ਰਹੇ। ਜਦ ਜੇਠਾ ਜੀ ਆਏ ਤਾਂ ਉਨ੍ਹਾਂ ਨੇ ਪ੍ਰਸ਼ਨ ਵਾਚਕ ਦ੍ਰਿਸ਼ਟੀ ਨਾਲ ਜੇਠਾ ਜੀ ਨੂੰ ਵੇਖਿਆ ਤਾਂ ਜੇਠਾ ਜੀ ਦ੍ਰਾਵਿਤ ਨੇਤ੍ਰਾ ਨਾਲ ਕਹਿ ਉਠੇ-ਹੇ ਗੁਰੁਦੇਵ! ਮੈਂ ਤੁੱਛ ਪ੍ਰਾਣੀ ਸਮਾਜ ਦਾ ਕੀੜਾ ਹਾਂ, ਜਦੋਂ ਮੈਂ ਯਤੀਮ ਸੀ ਤਾਂ ਮੇਰੀ ਕਿਸੀ ਨੇ ਵੀ ਸ਼ਰਣ ਨਹੀਂ ਦਿਤੀ। ਇਕ ਆਪ ਹੋ ਕਿ ਤੁਸਾਂ ਮੈਂਨੂੰ ਗਰੀਬ ਨੂੰ ਇੱਜ਼ਤ ਦੇਕੇ ਅਪਣੇ ਪਰਿਵਾਰ ਦਾ ਅੰਗ ਬਣਾਇਆ ਹੈ। ਮੈਂਨੂੰ ਓਹ ਸਬ ਕੁਝ ਦਿਤਾ ਹੈ ਜੋ ਸਾਂਸਰਿਕ ਪਦਾਰਥਾਂ ਤੋਂ ਉਪਰ ਆਧਿਆਤਮਿਕ ਦੁਨੀਆਂ ਵਿਚ ਅਮੁਲ ਰਤਨ ਹੈ। ਮੈਂ ਤੁਸਾਂ ਦਾ ਕੋਟਿ-ਕੋਟਿ ਰਿਣੀ ਹਾਂ। ਪਰ ਮੇਰੇ ਇਸ ਭਾਈ ਦੀ ਨਾਸਮਝੀ ਤੇ ਧਿਆਨ ਨਾ ਦੇਣਾ ਕਿਉਂਕਿ ਇਹ ਸਿਰਫ ਸਾਂਸਾਰਿਕ ਨੇਮਾਂ ਨੂੰ ਹੀ ਜਾਣਦਾ ਹੈ ਅਤੇ ਅਧਿਆਤਮਿਕ ਸੂਸ਼ਮਤਾਵਾਂ ਨੂੰ ਸਮਝਣੇ ਵਿਚ ਅਸਮਰਥ ਹੈ। ਗੁਰੁਦੇਵ ਨੇ ਸਿਹਾਰੀਮਲ ਜੀ ਨੂੰ ਕਹਿਆ-ਤੁਸੀ ਕੁਲ ਯਾ ਬਿਰਾਦਰੀ ਦਿਆਂ ਗੱਲਾ ਕਰਦੇ ਹੋ ਕਿ ਸਾਨੂੰ ਨੀਵਾਂ ਦੇਖਣਾਂ ਪਿਆ ਹੈ, ਅਸਲੀਅਤ ਇਹ ਹੈ ਕਿ ਇਕ ਦਿਨ ਆਵੇਗਾ ਜਦੋਂ ਆਪ ਲੋਕ ਜੇਠੇ ਦੇ ਕਾਰਣ ਆਤਮ ਸਨਮਾਣ ਦਾ ਅਨੁਭਵ ਕਰੋਗੇ ਅਤੇ ਤੁਸਾਂ ਦਾ ਨਾਂ ਪਕਾਸ਼ ਮਾਨ ਹੋਵੇਗਾ। ਇਹ ਉੱਤਰ ਸੁਣਕੇ ਸਿਹਾਰੀਮਲ ਜੀ ਵਾਪਸ ਪਰਤ ਆਏ।

## ਨਵੀਨ - ਨਗਰ ਦਾ ਨਿਰਮਾਣ

ਸ਼੍ਰੀ ਗੁਰੂ ਅਮਰਦਾਸ ਜੀ ਨੇ ਬਾਤਲੀ ਦਾ ਕਾਰਜ ਸੰਪੂਰਣ ਹੋਣੇ ਤੇ ਇਕ ਦਿਨ ਜੇਠਾ ਜੀ ਨੂੰ ਹੁਕਮ ਦਿਤਾ ਕਿ ਆਪ ਉਹ ਜ਼ਮੀਨ ਵਸਾਓ ਜੋ ਬਾਦਸ਼ਾਹ ਅਕਬਰ ਨੇ ਭਾਨੀ ਦੇ ਨਾਂ ਤੇ ਦਿਤੀ ਹੈ। ਜੇਕਰ ਜਰੂਰਤ ਪਏ ਤਾਂ ਕੁਝ ਜ਼ਮੀਨ ਹੋਰ ਖ਼ਰੀਦ ਦੇ ਇਕ ਸੁੰਦਰ ਨਗਰ ਦਾ ਨਿਰਮਾਣ ਕਰਵਾਇਆ ਜਾਏ। ਹੁਕਮ ਮਿਲਦੇ ਹੀ ਜੇਠਾ ਜੀ ਸਤ ਵਚਨ (ਜੋ ਆਗਿਆ) ਕਹਿਕੇ ਪਰਿਵਾਰ ਸਹਿਤ ਨਵਾਂ ਨਗਰ ਵਸਾਣੇ ਚਲੇ ਗਏ। ਗੁਰਦੇਵ ਨੇ ਉਨ੍ਹਾਂ ਦੀ ਸਹਾਇਤਾ ਕਰਣ ਲਈ ਬਾਬਾ ਬੁੱਢਾਂ ਜੀ ਨੂੰ ਭੇਜਿਆ ਅਤੇ ਕਹਿਆ ਕਿ ਉਹ ਉਨ੍ਹਾਂ ਦਾ ਮਾਰਗ ਦਰਸ਼ਨ ਕਰਨ। ਜੇਠਾ ਜੀ ਨੇ ਪਿੰਡ ਗੁਮਰਾਲਾ, ਤੁੰਏ, ਸੁਲਤਾਨ ਵਿੰਡ ਅਤੇ ਗਿਲਵਾਲੀ ਆਦਿ ਨੂੰ ਅਪਣੀ ਯੋਜਨਾ ਦੇ ਲਈ ਠੀਕ ਮਹਿਸੂਸ ਕੀਤਾ ਅਤੇ ਇਨ੍ਹਾਂ ਨੂੰ ਖ਼ਰੀਦ ਕੇ ਇਨ੍ਹਾਂ 'ਚ ਇਮਾਰਤਾ ਨਿਰਮਾਣ ਕਾਰਜ ਸ਼ੁਰੂਕਰਵਾ ਦਿਤਾ ਪਰ ਪਾਣੀ ਦੇ ਭੰਡਾਰ ਦੀ ਸਮਸਿਆਂ ਸਾਮਣੇ ਆਈ। ਤਦ ਆਪਨੇ

ਇਕ ਵਿਸ਼ਾਲ ਤਾਲ ਖੁਦਵਾਇਆ, ਜਿਸ ਦਾ ਨਾਮ ਸੰਤੋਖਸਰ ਰਖਿਆਂ। ਇਸ ਦੇ ਬਾਦ ਆਪਨੇ ਇਕ ਵਿਆਪਾਰਿਕ ਕੇਂਦਰ ਦੀ ਸਥਾਪਨਾ ਦੇ ਲਈ ਇਕ ਖਾਸ ਬਾਜ਼ਾਰ ਬਣਵਾਇਆ, ਜਿਸ ਵਿਚ ਹਰ ਤਰ੍ਹਾਂ ਦਿਆਂ ਵਸਤਾਂ ਮਿਲਸਕਣ ਅਤੇ ਇਸ ਦੇ ਨਾਲ ਹੀ ਅਲਗ-ਅਲਗ ਕਿਸਮ ਦੇ ਕਾਰੀਗਰ ਅਤੇ ਦਸਤਕਾਰੀ ਦੇ ਗਿਆਤਾ ਨੂੰ ਬੁਲਾਇਆ। ਇਸਦੇ ਪਿਛੇ ਵਿਚਾਰ ਇਹ ਸੀ ਨਗਰ ਖਿਚ ਦਾ ਕੇਂਦਰ ਬਣਜਾਵੇ। ਇਸ ਨਗਰ ਦਾ ਨਾਂ ਉਨ੍ਹਾਂ ਨੇ ਗੁਰੂਦੇਵ ਦੀ ਆਗਿਆ ਅਨੁਸਾਰ ਚੱਕ ਰਾਮਦਾਸ ਰਖਿਆ ਜੋ ਬਾਦ ਵਿਚ ਅਮ੍ਰਿਤਸਰ ਨਾ ਵਿਚ ਬਦਲ ਗਿਆ। ਇਸ ਸਮੇਂ ਵਿਚ ਆਪ ਦੇ ਇਥੇ ਤਿਨ ਪੁਤ੍ਰਾਂ ਨੇ ਜਨਮ ਲਿਆ ਜਿਨ੍ਹਾਂ ਦੇ ਨਾਮ ਕਰਮਵਾਰ ਪ੍ਰਿਥੀਚੰਦ, ਮਹਾਦੇਵ, ਅਰਜਨ ਦੇਵ। ਸ਼੍ਰੀ ਅਮਰਦਾਸ ਜੀ ਦੇ ਵਿਕਾਸ ਦੇ ਕਾਰਜਾ ਨੂੰ ਵੇਖਣ, ਖੁਦ ਆਏ ਤਾਂ ਉਨ੍ਹਾਂ ਨੇ ਕੁਝ ਖਾਸ ਸੁਝਾਵ ਦਿਤੇ ਅਤੇ ਕਹਿਆ-ਸਾਡਾ ਮੁਖ ਟੀਚਾ ਹੈ ਕਿ ਭਵਿਖ ਵਿਚ ਗੁਰਮਤਿ ਪ੍ਰਚਾਰ ਕੇਂਦਰ ਗੋਇੰਦਵਾਲ ਦੇ ਬਦਲੇ ਇਸ ਨਗਰ ਨੂੰ ਬਣਾਇਆ ਜਾਏ। ਇਸ ਲਈ ਇਸ ਨਗਰ ਵਿਚ ਇਕ ਵਿਸਾਲ ਸਰੋਵਰ ਤਿਆਰ ਕਰਵਾਓ ਜੋ ਸਮੇਂ ਦੇ ਅੰਤਰਾਲ ਵਿਚ ਸਿੱਖਾਂ ਦੇ ਕੇਂਦਰੀ ਸਥਨ ਦੇ ਰੂਪ ਵਿਚ ਵਿਕਸਿਤ ਹੁੰਦਾ ਚਲਾ ਜਾਏ। ਜੇਠਾ ਜੀ ਨੇ ਉਨ੍ਹਾਂ ਨੂੰ ਵਿਸ਼ਵਾਸ ਦੁਆਇਆ ਕਿ ਐਸਾ ਹੀ ਹੋਵੇਗਾ। ਸਾਰੇ ਕਾਰਜਾਂ ਦੀ ਪਰਖ ਕਰਨੇ ਤੋਂ ਬਾਦ ਗੁਰਦੇਵ ਜੀ ਸੰਤੁਸਟ ਹੋਏ ਅਤੇ ਜੇਠਾ ਜੀ ਨੂੰ ਗੁਝ ਦਿਨਾਂ ਦੇ ਲਈ ਗੋਇੰਦਵਾਲ ਆਉਂਣ ਦੇ ਲਈ ਸਦਾ ਦਿਤਾ। ਅਸਲ ਵਿਚ ਓਹ ਚਾਹੁੰਦੇ ਸਨ ਕਿ ਬੱਚੇ (ਦੌਤੇ) ਕੁਝ ਦਿਨ੍ਹਾਂ ਦੇ ਲਈ ਉਨ੍ਹਾਂ ਕੋਲ ਰਹਿਣ ਉਨ੍ਹਾਂ ਦਾ ਹੁਕਮ ਸਵੀਕਾਰ ਕਰਣੇ ਹੋਏ, ਜੇਠਾ ਜੀ ਪਰਿਵਾਰ ਸਹਿਤ ਗੋਇੰਦਵਾਲ ਚਲੇ ਗਏ ਅਤੇ ਪਿਛੇ ਇਕ ਵਿਸਾਲ ਸਰੋਵਰ ਦੀ ਆਧਾਰਸ਼ਿਲਾ ਰਖਕੇ ਉਸ ਤੇ ਕਾਰਜ ਸ਼ੁਰੂਕਰਵਾ ਦਿਤਾ। ਜਿਸ ਦਾ ਨਾਂ ਗੁਰਦੇਵ ਖੁਦ ਸੁਝਾ ਗਏ ਸਨ "ਰਾਮਦਾਸ ਸਰੋਵਰ"।

## ਸੁਅਮ ਪਾਕੀ ਸੰਨਿਆਸੀ ਨੂੰ ਉਪਦੇਸ਼

ਸ਼੍ਰੀ ਗੁਰੂਅਮਰਦਾਸ ਜੀ ਦੀ ਉਸਤਤੀ ਸੁਣਕੇ ਇਕ ਸੰਨਿਆਸੀ ਉਨ੍ਹਾਂ ਦੇ ਦਰਸ਼ਨਾਂ ਲਈ ਗੋਇੰਦਵਾਲ ਆਇਆ, ਉਸਦੇ ਮਨ ਵਿਚ ਪ੍ਰਬਲ ਇੱਛਾ ਸੀ ਕਿ ਮੈਂ ਕਿਸੀ ਪੂਰਣ ਬ੍ਰਹਮਗਿਆਨੀ ਤੋਂ ਗੁਰੂਦੀਖਿਆ ਲੈਕੇ ਆਪਣਾ ਜੀਵਨ ਸਫਲ ਕਰਾਂ। ਸੇਵਕਾਂ ਦੇ ਸਮਮੁਖ ਉਸਨੇ ਗੁਰੂਜੀ ਨਾਲ ਭੇਂਟ ਕਰਵਾਣੇ ਦੀ ਇੱਛਾ ਪ੍ਰਗਟ ਕੀਤੀ। ਉੱਤਰ ਮਿਲਿਆ ਕਿ ਪਹਿਲਾ ਆਪ ਲੰਗਰ ਵਿਚੋਂ ਭੋਜਨ ਛੱਕੋ ਤਦਪਸ਼ਚਾਤ ਦ੍ਰਸ਼ਨ ਕਰ ਸਕੋਗੇ। ਉਹ ਪਵਿਤ੍ਰਤਾ ਦੀ ਦ੍ਰਿਸ਼ਟੀ ਨੂੰ ਸਮਮੁਖ ਰਖਕੇ ਅਪਣੇ ਲਈ ਖੁਦ ਭੋਜਨ ਤਿਆਰ ਕਰਦਾ ਸੀ ਅਤੇ ਕਿਸੀ ਦੁਸਰੇ ਦਾ ਤਿਆਰ ਭੋਜਨ ਨਹੀਂ ਕਰਦਾ ਸੀ। ਬੇਸ਼ਕ ਉਹ ਸਵਰਣ ਜਾਤਿ ਦਾ ਮਨੁੰਖ ਕਿਉਂ ਨ ਹੋਵੇ। ਉਸ ਸੰਨਿਆਸੀ ਨੇ ਸੇਵਕਾਂ ਨੂੰ ਬੇਨਤੀ ਕੀਤੀ ਕਿ ਮੈਂਨੂੰ ਤਾਂ ਤੁਸੀ ਰਸਦ ਦੇ ਦਿਓ। ਮੈਂ ਸਵਮ ਪਾਕੀ ਹਾਂ। ਇਹ ਮੇਰੇ ਜੀਵਨ ਭਰ ਦਾ ਵਰਤ ਹੈ। ਇਸ ਲਈ ਮੈਂ ਦੁਜਿਆਂ ਦੇ ਹਥਾਂ ਦਾ ਤਿਆਰ ਭੋਜਨ ਗ੍ਰਹਣ ਨਹੀਂ

ਕਰਦਾ। ਸੇਵਕਾਂ ਨੇ ਇਸ ਗੱਲ ਦੀ ਚਰਚਾ ਗੁਰੁਦੇਵ ਨਾਲ ਕੀਤੀ ਤਾਂ ਉਨ੍ਹਾਂ ਕਹਿਆ-ਠੀਕ ਹੈ ਹੁਣ ਤਾਂ ਉਸ ਨੂੰ ਤੁਸੀ ਰਸਟ ਹੀ ਦੇ ਦੇਵੋ। ਸੇਵਕਾਂ ਨੇ ਆਗਿਆ ਅਨੁਸਾਰ ਐਸਾ ਹੀ ਕੀਤਾ। ਸੰਨਿਆਸੀ ਰਸਦ ਲੈਕੇ ਬਿਆਸ ਦਰਿਆ ਦੇ ਕੰਡੇ ਕਿਸੀ ਇਕਾਂਤ ਥਾਂ ਤੇ ਪੱਥਰਾ ਨਾਲ ਚੁਲਹਾ ਤਿਆਰ ਕਰਕੇ ਭੋਜਨ ਛੱਕ ਆਇਆ। ਜਦੋਂ ਉਹ ਗੁਰਦੇਵ ਦੇ ਸਮਮੁਖ ਹੋਇਆ ਤਾਂ ਗੁਰਦੇਵ ਨੇ ਮੁਸਕੁਰਾ ਤੇ ਹੋਏ ਕਹਿਆ-"ਹਮਨੇ ਅੱਜ ਏਕ ਐਸਾ ਸਾਧਕ ਕੋ ਦੇਖਾ ਹੈ, ਜਿਸਨੇ ਕੜੇ ਪਰਿਸ਼੍ਰਮ ਸੇ ਤਿਆਰ ਪਵਿਤ੍ਰ ਭੋਜਨ ਗੰਦੇ ਚਮੜੇ ਦੀ ਥੈਲੀ ਮੇਂ ਡਾਲ ਦੀਆ ਹੈ।" ਗੁਰੁਦੇਵ ਦੇ ਇਸ ਵਿਅੰਗ ਨੂੰ ਸੰਨਿਆਸੀ ਸਮਝ ਨਹੀਂ ਸਕਿਆ। ਉਹ ਉੱਤਰ ਵਿਚ ਬੋਲਿਆ- **"ਐਸਾ ਕੌਨ ਸਾ ਮੂਰਖ ਹੈ? ਜਿਸ ਨੇ ਐਸਾ ਘੋਰ ਅਪਰਾਧ ਕਿਆ ਹੈ।" ਗੁਰੁਦੇਵ ਨੇ ਕਹਿਆ-"ਉਹ ਮੇਰੇ ਸਾਮਨੇ ਹੀ ਖੜਾ ਹੈ"।** ਇਸ ਤੇ ਸੰਨਿਆਸੀ ਬੋਖਲਾ ਗਿਆ। ਵਹ ਕੋਈ ਔਰ ਹੋਗਾ, ਮੈਂ ਤੋਂ ਪਵਿਤ੍ਰਤਾ ਕੀ ਅੰਤਿਮ ਸੀਸਾ ਤਕ ਧਿਆਨ ਦੇਤਾ ਹੂੰ। ਔਰ ਤਬ ਤਕ ਭੋਜਨ ਨਹੀਂ ਕਰਤਾ ਜਬ ਤਕ ਮੁਝੇ ਵਿਸ਼ਵਾਸ ਨ ਹੋ ਜਾਏ ਕਿ ਭੋਜਨ ਪੂਰਣ ਸਨਾਤਨ-ਵਿਧੀ ਅਨੁਸਾਰ ਤਿਆਰ ਹੁਆ ਹੈ।" ਗੁਰਦੇਵ ਨੇ ਉਸ ਨੂੰ ਕਹਿਆ ਕਿ ਗੱਲ ਨੂੰ ਸਮਝਣ ਕੀ ਕੋਸ਼ੀਸ਼ ਕਰੋਂ ਐਸਾਂ ਤੁਮ ਨੇ ਕੀਆ। ਹੈ ਕਿ ਪਵਿਤ੍ਰ ਭੋਜਨ ਨੂੰ ਉਸ ਨੇ ਚਮਕੇ ਦੀ ਗੰਦੀ ਥੈਲੀ ਵਿਚ ਪਾਇਆ ਹੈ। ਸੰਨਿਆਸੀ ਨੂੰ ਫਿਰ ਤੋਂ ਮਨ ਤੇ ਸੱਟ ਵਜੀ। ਉਹ ਬੋਲਿਆ ਮੈਂ ਕੁਝ ਸਮਝਿਆਂ ਨਹੀਂ। ਗੁਰਦੇਵ ਨੇ ਕਹਿਆ-ਇਹ ਸਾਡਾ ਸ਼ਰੀਰ ਇਕ ਗੰਦੇ ਚਮੜੇ ਦੀ ਥੇਲੀ ਹੀ ਤਾਂ ਹੈ, ਇਸ ਵਿਚ ਪਵਿਤ੍ਰ ਅੰਨ-ਜਲ ਪਾਉਂਦਿਆ ਹੀ ਮਲ-ਮੂਤ੍ਰ ਵਿਚ ਬਦਲ ਜਾਂਦਾ ਹੈ। ਅਤੇ ਉਸ ਵਿਚੋਂ ਭਾਰੀ ਬਦਬੂਆਂਦੀ ਹੈ। ਕੀ ਇਹ ਗੱਲ ਠੀਕ ਨਹੀਂ? ਸੰਨਿਆਸੀ ਨੇ ਸਿਰ ਝੁਕਾ ਲਿਆ ਅਤੇ ਕਹਿਆ- ਮੈਨੂੰ ਮਾਫ ਕਰਨਾਂ, ਮੈਂ ਇਹ ਪ੍ਰਕ੍ਰਿਤੀ ਦੀ ਰਮਜ਼ ਨਹੀਂ ਸਮਝ ਸਕਿਆ। ਅਣਜਾਨ ਹਾਂ, ਗਿਆਨ ਦੀ ਆਸ ਲੈਕੇ ਤੁਸਾਂ ਦੇ ਚਰਣਾਂ ਵਿਚ ਹਾਜ਼ਰ ਹੋਇਆ ਹਾਂ। ਗੁਰੁਦੇਵ ਨੇ ਕਹਿਆ-ਪਵਿਤ੍ਰਤਾ ਤੋਂ ਭਾਵਾਰਥ ਸਿਰਫ ਜੀਵਾਣੁਆਂ ਅਤੇ ਕੀਟਾਣੁਆਂ ਤੋਂ ਸੁਰਖਿਆ ਕਰਨਾ ਹੈ ਨਾ ਕਿ ਸਮਾਜ ਵਿਚ ਭ੍ਰਮ-ਜਾਲ ਫੈਲਾਣਾ ਅਤੇ ਅਮੂਲ ਜੀਵਨ ਨੂੰ ਪਵਿਤ੍ਰਤਾ ਦੇ ਨਾਂ ਤੇ ਕਰਮ ਕਾਂਡਾਂ ਵਿਚ ਨਸ਼ਟ ਕਰਨਾ। ਜਦੋਂ ਲੰਗਰ ਵਿਚ ਸਮਸਤ ਸਮਾਜ ਦੀ ਸਹਿਤ ਦਾ ਧਿਆਨ ਰਖਕੇ ਭੋਜਨ ਤਿਆਰ ਕੀਤਾ ਜਾਂਦਾ ਹੈ ਅਤੇ ਸਾਰੇ ਵਰਗਾਂ ਦੇ ਲੋਕ ਉਸ ਦੇ ਅਧਿਕਾਰੀ ਹਨ। ਤਾਂ ਆਪ ਨੇ ਉਥੋ ਭੋਜਨ ਕਰਨੇ ਤੋਂ ਕਿਉਂ ਇਨਕਾਰ ਕੀਤਾ ਹੈ? ਸੰਨਿਆਸੀ ਨੂੰ ਆਪਣੀ ਰੁੜੀਵਾਦੀ ਵਿਚਾਰਧਾਰਾ ਖੋਖਲੀ ਦ੍ਰਿਸ਼ਟਮਾਨ ਹੋ ਰਹੀ ਸੀ। ਉਸ ਨੇ ਗੁਰੁਦੇਵ ਤੋਂ ਦੁਬਾਰਾ ਖਿਮਾ ਜਾਚਨਾ ਕੀਤੀ ਅਤੇ ਕਹਿਆ- ਮੈਨੂੰ ਸਤਿ ਗਿਆਨ ਦੇਵੋ। ਗੁਰਦੇਵ ਨੇ ਕਹਿਆ-ਗਿਆਨ ਮਿਲੇਗਾ ਪਰ ਪਹਿਲਾ ਭ੍ਰਮ ਜਾਲ ਨੂੰ ਉੱਤਰ ਕੇ ਲੰਗਰ ਵਿਚੋਂ ਭੋਜਨ ਛੱਕ ਕੇ ਆਓ। ਸੰਨਿਆਸੀ ਤੁਰੰਤ ਵਾਪਸ ਲੰਗਰ ਵਿਚ ਭੋਜਨ ਕਰਨ ਗਿਆ। ਸੇਵਾਦਾਰ ਨੇ ਉਸ ਨੂੰ ਬਹੁਤ ਆਦਰ ਭਾਵ ਨਾਲ ਭੋਜਨ ਛੱਕਾਇਆ। ਸੰਨਿਆਸੀ ਨੇ ਭੋਜਨ ਕਰਦੇ

ਸਮੇਂ ਭੋਜਨ ਵਿਚੋਂ ਅਦਭੁਤ ਸੁਆਦ ਮਹਿਸੂਸ ਕੀਤਾ। ਉਸ ਨੇ ਜੀਵਨ ਵਿਚ ਪਹਲੀ ਵਾਰ ਇਤਨਾ ਸੁਆਦਿਸ਼ਟ ਭੋਜਨ ਕੀਤਾ ਸੀ ਜਿਸ ਕਾਰਨ ਉਹ ਆਨੰਦਿਤ ਹੋ ਉਠਿਆ। ਜਦੋਂ ਉਹ ਦੁਬਾਰਾ ਗੁਰਦੇਵ ਦੇ ਸਮਮੁਖ ਹਾਜ਼ਿਰ ਹੋਇਆ ਤਾਂ ਉਸਦੇ ਜੀਵਨ ਵਿਚ ਇੰਕਲਾਬ ਆ ਚੁਕਿਆ ਸੀ। ਉਹ ਕਹਿਣ ਲਗਿਆ ਕਿ ਮੈਂਨੇ ਵਿਅਰਥ ਵਿਚ ਹੀ ਜੀਵਨ ਦਾ ਅਮੁਲ ਸਮਾਂ ਕਰਮ ਕਾਂਡਾ ਵਿਚ ਗੁਵਾਇਆ ਹੈ। ਕ੍ਰਿਪਾ ਕਰਕੇ ਹੁਣ ਮੈਂਨੂੰ ਤੁਸੀ ਸ਼ਾਸ਼ਵਤ ਗਿਆ ਪ੍ਰਦਾਨ ਕਰੋ ਜੀ।

**ਤਦ ਗੁਰਦੇਵ ਨੇ ਬਾਣੀ (ਸ਼ਬਦ) ਉੱਚਾਰਣ ਕੀਤਾ –**

**ਭਗਤਾ ਕੀ ਚਾਲ ਨਿਰਾਲੀ ॥**

**ਚਾਲਾ ਨਿਰਾਲੀ ਭਗਤਾਰ ਕੇਹੀ ਬਿਖਮ ਮਾਰਗਿ ਚਲਣਾ ॥**

**ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥**

**ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥**

**ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥**

**ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥** (ਅੰਗ–918)

ਗੁਰਦੇਵ ਨੇ ਕਹਿਆ– ਜੋ ਮਨੁੱਖ ਆਧਿਆਤਮਿਕ ਮਾਰਗ ਦਾ ਪਾਂਧੀ ਬਣਨਾ ਚਾਹੁਦਾ ਹੈ ਉਹ ਪੂਰਣ ਗੁਰੂਦੇ ਸਮਪਰਕ ਵਿਚ ਰਹਿ ਕੇ ਅਪਣੇ ਅਸਤਿਤਵ ਨੂੰ ਮਿੱਟੀ ਵਿਚ ਮਿਲਾ ਲਵੇ। ਭਾਵ ਇਹ ਕਿ ਮਨੁੱਖ ਅਪਣੇ ਅਹੰਭਾਵ ਨੂੰ ਖਤਮ ਕਰਕੇ ਤ੍ਰਿਸ਼ਣਾ ਦੀ ਅੱਗ ਨੂੰ ਖਤਮ ਕਰਕੇ, ਨਿਰਇਛੁੱਕ (ਇੱਛਾ ਰਹਿਤ) ਬਣਕੇ ਇਕ ਮੁਰਦਾ ਪ੍ਰਾਣੀ ਦੀ ਤਰਹ ਜੀਵਨ ਵਿਅਤੀਤ ਕਰੇ। ਇਹ ਮਾਰਗ ਬਹੁਤ ਕਠਿਨ ਹੈ ਪਰ ਇਸੀ ਵਿਚ ਪ੍ਰਾਪਤੀਆਂ ਜਿਆਦਾ ਹਨ ਅਤੇ ਇਸ ਵਿਚ ਅਭੇਦਤਾ ਵੀ ਪ੍ਰਾਪਤ ਹੁੰਦੀ ਹੈ।

## ਗੋਇੰਦਵਾਲ ਵਿਚ ਵਿਸਾਖੀ ਪਰਵ

ਗੋਇੰਦਵਾਲ ਵਿਚ ਬਾਉਲੀ ਦੇ ਸੰਪੂਰਣ ਹੋਣ ਤੇ ਪੀਣ ਵਾਲੇ ਪਾਣੀ ਦੀ ਸੰਮਸਿਆਂ ਦਾ ਸਮਾਧਾਨ ਹੋ ਗਿਆ ਤਾਂ ਗੁਰੁਦੇਵ ਦੇ ਸਮਮੁਖ ਕੁਝ ਪ੍ਰਮੁਖ ਸਜਣਾਂ ਨੇ ਮਿਲਕੇ ਬੇਨਤੀ ਕੀਤੀ ਕਿ ਹੇ ਗੁਰਦੇਵ! ਕੀ ਅੱਛਾ ਹੋਵੇ ਜੇਕਰ ਆਪ ਇਕ ਖਾਸ ਸਮਾਗਮ ਦਾ ਆਯੋਜਨ ਕਰੋ, ਜਿਸ ਵਿਚ ਸਾਰਾ ਸਿੱਖ ਜਗਤ ਇਥੇ ਇਕਤ੍ਰ ਹੋਕੇ ਆਪਸ ਵਿਚ ਮਿਲਣੇ ਦਾ ਸੁਭਾਗ ਪ੍ਰਾਪਤ ਕਰ ਸਕਣ ਅਤੇ ਦੂਰ–ਦੂਰ ਦੇ ਖੇਤਰਾਂ ਵਿਚੋਂ ਸੰਗਤ ਨੂੰ ਇਥੇ ਆਣੇ ਦਾ ਸ਼ੁਭ ਅਵਸਰ ਪ੍ਰਾਪਤ ਹੋਵੇਗਾਂ। ਇਨ੍ਹਾਂ ਵਿਚ ਓਹ ਸਿੱਖ ਜਿਨ੍ਹਾਂ ਨੂੰ ਤੁਸਾ ਅਪਣਾਂ ਪ੍ਰਤਿਨਿਧੀ (**ਮੰਜੀਦਾਰ**) ਨਿਯੁਕਤ ਕੀਤਾ ਹੈ, ਓਹ ਵੀ ਆਪਸ ਵਿਚ ਮਿਲ ਸਕਣਗੇ ਅਤੇ ਉਸ ਖੇਰਤ ਦੀ ਸੰਗਤ ਨੂੰ ਵੀ

ਇਥੇ ਆਣੇ ਦਾ ਸ਼ੁਭ ਅਵਸਰ ਮਿਲ ਸਕੇਗਾ। ਜਿਸ ਨਾਲ ਉਨ੍ਹਾਂ ਨੂੰ ਗੁਰਮਤਿ ਦੇ ਸਿੱਧਾਂਤ ਦ੍ਰਿੜ ਕਰਵਾਣੇ ਅਤੇ (**ਸਿੱਖ-ਗੁਰ ਮਰਿਆਦਾ**) ਨੂੰ ਸਮਝਣੇ ਵਿਚ ਸਹਾਇਤਾ ਮਿਲੇਗੀ। ਗੁਰਦੇਵ ਇਹ ਪ੍ਰਸਤਾਵ ਨੂੰ ਸੁਣਕੇ ਅਤਿ ਪ੍ਰਸੰਨ ਹੋਏ। ਉਨ੍ਹਾਂ ਨੇ ਕਹਿਆ-ਸ਼ੀਤ ਰਿਤੁ ਸੰਮਾਪਤ ਹੋਣ ਤੇ ਵੈਸਾਖੀ ਪਰਵ ਨੂੰ ਇਹ ਜੋੜਮੇਲਾ ਤੈ ਕੀਤਾ ਜਾਵੇ ਅਤੇ ਸਾਰੇ ਮੰਜੀਦਾਰਾਂ ਅਤੇ ਪੀੜੇਦਾਰਾਂ ਨੂੰ ਜੋੜਮੇਲ ਵਿਚ ਅਪਣੇ ਖੇਤਰ ਦੀ ਸੰਗਤ ਦੇ ਨਾਲ ਹਾਜ਼ਰ ਹੋਣ ਲਈ ਲਿਖਿਤ ਹੁਕਮ ਭੇਜਿਆ ਜਾਵੇ। ਐਦਾ ਹੀ ਕੀਤਾ ਗਿਆ ਅਤੇ ਗੋਇੰਦਵਾਲ ਵਿਚ ਵਿਸ਼ਾਲ ਪੰਡਾਲ ਅਤੇ ਨਿਵਾਸ ਸਥਾਨ ਤਿਆਰ ਕੀਤੇ ਜਾਣ ਲਗੇ। ਸੰਗਤਾਂ ਵਿਚ ਬਹੁਤ ਉਤਸਾਹ ਸੀ। ਓਹ ਸਮੇਂ ਤੋਂ ਪਹਿਲਾਂ ਹੀ ਪੁਜਣ ਲਗੇ ਇਸ ਲਈ ਚਾਰੋ ਤਰਫ ਇਕ ਮੇਲੇ ਵਰਗਾ ਮਹੌਲ ਬਣ ਗਿਆ। ਸੰਗਤ ਦੀ ਬਹੁਤਾਤ ਦੇ ਕਾਰਣ ਕੇਂਦਰਿਏ ਸਥਲ ਤੋਂ ਇਲਾਵਾ ਹੋਰ ਕਈ ਥਾਵਾਂ ਤੇ ਵੀ ਲੰਗਰ ਦੀ ਵਿਵਸਥਾ ਕੀਤੀ ਗਈ। ਮੁਖ-ਪੰਡਾਲ ਵਿਚ ਕੀਰਤਨ, ਕੱਥਾ ਤੋਂ ਇਲਾਵਾਂ ਗੁਰਦੇਵ ਖੁਦ ਸੰਗਤ ਨੂੰ ਸੰਬੋਧਨ ਕਰਦੇ ਹੋਏ ਪ੍ਰਵਚਨ ਕਰਦੇ। ਗੁਰਦੇਵ ਕਹਿੰਦੇ-ਮਨੁੰਖ ਅਤੇ ਪ੍ਰਭੁਵਿਚ ਸਿਰਫ ਅਹੰਗਭਾਵ ਹੀ ਦੀਵਾਰ ਰੂਪ ਬਣ ਕੇ ਰੁਕਾਵਟ ਖੜੀ ਹੈ। ਜੇਕਰ ਅਸੀਂ ਅਪਣੇ ਅਹੰਗਭਾਵ ਨੂੰ ਸਮਝਣ ਦੀ ਕੋਸ਼ੀਸ਼ ਕਰਕੇ ਇਹ ਜਾਣ ਲਈ ਏ ਕਿ ਅਸੀਂ ਸਿਰਫ ਸ਼ਰੀਰ ਨਹੀਂ ਹਾਂ। ਸ਼ਰੀਰ ਤਾਂ ਸਿਰਫ ਇਕ ਸਾਧਨ ਮਾਤ੍ਰ ਹੈ ਅਰਥਾਤ ਸਾਡੀ ਆਤਮਾ ਦੇ ਰਹਿਣੇ ਦੇ ਲਈ ਘਰ ਯਾ ਮਕਾਨ ਹੈ। ਇਸ ਵਿਚ ਵਸਣੇ ਵਾਲੀ ਆਤਮਾ ਹੀ ਸ਼ੁੱਧ ਬ੍ਰਹਮ ਹੈ, ਸਿਰਫ ਆਤਮਾ ਤੇ ਅਭਿਮਾਨ ਰੂਪੀ ਮੈਲ ਲਗੀ ਹੋਈ ਹੈ, ਜਿਸ ਨੂੰ ਅਸੀਂ ਨਾਮ ਰੂਪੀ ਜਲ ਨਾਲ ਧੋਣਾ ਹੈ, ਜਿਸ ਨਾਲ ਓਹ ਪ੍ਰਗਟ ਹੋ ਜਾਏਗੀ। ਦੁਜੇ ਸ਼ਬਦਾ ਵਿਚ ਸਾਡੀ ਆਤਮਾ ਰੂਪੀ ਸ਼ੁੱਧ ਬ੍ਰਹਮ ਸੂਖਮ ਰੂਪ ਵਿਚ ਮੌਜੂਦ ਹੈ ਜੋਕਿ ਗਹਰੀ ਨਿੰਦ੍ਰਾ ਵਿਚ ਸੌਂ ਰਿਹਾ ਹੈ। ਸਾਨੂੰ ਹਰਿਨਾਮ ਦੇ ਅਮ੍ਰਿਤ ਨਾਲ ਉਸ ਨੂੰ ਸੂਖਮ ਰੂਪ ਤੋਂ ਵਿਕਸਿਤ ਕਰਨਾ ਹੈ ਯਾ ਹਰਿਨਾਮ ਦੇ ਅਮ੍ਰਿਤ ਨਾਲ ਸੁਚੇਤ ਅਵਸਥਾ ਵਿਚ ਲਿਆ ਕੇ ਜਾਗ੍ਰਿਤ ਕਰਨਾ ਹੈ। ਜਿਸ ਨਾਲ ਓਹ ਖੁਦ ਦੀ ਹੋਂਦ ਨੂੰ ਸਮਝ ਸਕੇ ਅਤੇ ਦੇਹ ਅਭਿਮਾਨ ਨੂੰ ਤਿਆਗ ਕੇ ਪੂਰਨ ਬ੍ਰਹਮ ਹੋਣ ਦਾ ਆਨੰਦ ਪ੍ਰਾਪਤ ਕਰ ਸਕੇ।

ਉਪਰੋਤਕ ਉਪਦੇਸ਼ ਸੁਣਕੇ ਉਥੇ ਆਏ ਹੋਏ, ਭਾਈ ਰਾਮੁ ਅਸਰੂਅਤੇ ਗੋਪੀ ਆਦਿ ਮਿਤ੍ਰ ਅਪਣੀ ਸੰਕਿਆ ਦਾ ਸਮਾਧਾਨ ਚਾਹੁਣ ਦੇ ਲਈ ਅਵਕਾਸੁ ਦੇ ਸਮੇਂ ਗੁਰਦੇਵ ਦੇ ਸਮਮੁਖ ਹਾਜ਼ਿਰ ਹੋਕੇ ਬੇਨਤੀ ਕਰਣ ਲਗੇ ਹੇ ਗੁਰਦੇਵ! ਅਸੀਂ ਪ੍ਰਭੁ ਦੀ ਨਿਕਟਤਾ ਚਾਹੁਦੇ ਹਾਂ ਪਰ ਕੋਸ਼ੀਸ਼ ਕਰਨੇ ਤੇ ਵੀ ਜੀਵਨ ਵਿਚ ਕੋਈ ਤਬਦੀਲੀ ਨਹੀਂ ਆਈ। ਤੁਸੀ ਸਾਡਾ ਮਾਰਗ ਦਰਸ਼ਨ ਕਰੋ। ਗੁਰਦੇਵ ਨੇ ਉਨ੍ਹਾਂ ਦੀ ਸਮਸਿਆਵਾਂ ਨੂੰ ਸਮਝਿਆ ਅਤੇ ਕਹਿਆ-ਸਾਡਾ ਭਜਨ ਤਦ ਤਕ ਫਲੀਭੁਤ ਨਹੀਂ ਹੁੰਦਾ ਜਦੋਂ ਤਕ ਅਸੀਂ ਅਪਣੀ "ਮੈਂ-ਮੈਂ" ਨੂੰ ਨਹੀਂ ਮਾਰਦੇ। ਭਾਵ ਇਹ ਹੈ ਕਿ ਅਸੀਂ ਮੈਂ-ਮੈਂ, ਕਹਿਣੇ ਦੀ ਥਾਂ ਤੇ ਤੂੰ ਹੀ -ਤੂੰ-ਹੀ ਕਰਗੇ, ਤਾਂ ਗੱਲ ਬਣ ਜਾਵੇਗੀ। ਸਿਧੇ ਸ਼ਬਦਾ ਵਿਚ ਅਸੀਂ ਕਹਿ ਸਕਦੇ ਹਾਂ ਕਿ ਵਿਚਾਰਧਾਰਾ ਵਿਚ ਤਬਦੀਲੀ ਲਿਆਉਣਾ ਹੀ

ਇਕ ਮਾਤ੍ਰ ਉਪਾਵ ਹੈ। ਜਿਥੇ ਅਸੀਂ ਇਹ ਸੋਚਦੇ ਹਾਂ ਕਿ ਇਹ ਕਾਰਜ ਮੇਰੇ ਕਾਰਣ ਪੂਰਾ ਹੋਇਆ ਹੈ ਯਾ ਮੈਂਨੇ ਕੀਤਾ ਹੈ, ਉਥੇ ਸਾਨੂੰ ਸੋਚਣਾ ਚਾਹਿਦਾ ਹੈ ਕਿ ਇਹ ਕਾਰਜ ਮੈਂਥੋ ਪ੍ਰਭੂਨੇ ਕਰਵਾਇਆ ਹੈ, ਮੈਂਨੂੰ ਇਸ ਕਾਰਜ ਦੀ ਹਿਮਤ ਅਤੇ ਅਕਲ ਉਸੀ ਨੇ ਬਖਸ਼ੀ ਹੈ। ਮੈਂ, ਮੈਂ ਨਹੀਂ ਹਾਂ, ਓਹੀ ਹੈ ਜੋ ਸਾਡੇ ਵਿਚ ਵਿਰਾਜ ਕੇ ਸਾਰੇ ਆਦੇਸ਼ ਦੇਕੇ ਕਾਰਜ ਸਮਪੂਰਣ ਕਰਵਾਉਂਦਾ ਹੈ ਅਰਥਾਤ ਸਾਨੂੰ ਅਪਣੇ ਅਹੰਭਾਵ ਨੂੰ ਜੋਕਿ ਸਾਡੇ ਵਿਚ ਸੂਖਮ ਰੂਪ ਵਿਚ ਸਦਾ ਵਿਦਏਮਾਨ ਰਹਿੰਦਾ ਹੈ, ਨੂੰ ਸਮਝਣਾ ਹੈ। ਜੇਕਰ ਅਸੀਂ ਇਸ "ਮੈਂ" ਨੂੰ ਸਮਝ ਜਾਵਾਗੇ ਤਾਂ ਇਹ ਸਾਡੇ ਅਤੇ ਪ੍ਰਭੁ ਵਿਚ ਰੁਕਾਵਟ ਨਹੀਂ ਬਣੇਗੀ ਅਤੇ ਅਸੀਂ ਪੂਰਣ ਰੂਪ ਵਿਚ ਪ੍ਰਭੂਚਰਨਾਂ ਵਿਚ ਸਮਰਪਿਤ ਹੋ ਸਕਾਗੇ। ਇਸ ਲਈ ਵਡੇ ਗੁਰੂਜੀ ਨੇ ਸਾਨੂੰ ਉਪਦੇਸ਼ ਦੇਂਦਿਆ ਕਹਿਆ ਹੈ-

**"ਹਉਮੈ ਬੁਝੈ ਤਾ ਦਰੁ ਸੂਝੈ"**

ਭਾਵਾਰਥ ਇਹ ਹੈ ਕਿ ਸਾਨੂੰ ਅਪਣੀ ਸੂਖਮ ਹਉਮੈ (ਅਭਿਮਾਨ) ਨੂੰ ਵੀ ਸਮਝ ਕੇ ਉਸ ਤੋਂ ਨਿਰਲੇਪ ਰਹਿਣਾ ਚਾਹਿਦਾ ਹੈ ਤਦ ਹੀ ਉਸ ਪ੍ਰਭੁ ਦਾ ਦਰ-ਘਰ ਦ੍ਰਿਸ਼ਟ ਮਾਨ ਹੋਵੇਗਾ। ਨਹੀਂ ਤਾਂ ਇਹੀ ਅਭਿਮਾਨ ਅਸਾਡੇ ਅਤੇ ਪ੍ਰਭੂਦੇ ਵਿਚ ਦੀਵਾਰ ਬਣਕੇ ਖੜਾ ਹੋ ਜਾਏਗਾ, ਜਿਸ ਨਾਲ ਬੰਧਨ ਪਏ ਰਹਿਣੇਗੇ ਅਤੇ ਆਵਾਗਮਨ ਦੇ ਚਕ੍ਰਵਿਯੂਹ ਤੋਂ ਮੁਕਤੀ ਨਹੀਂ ਹੋ ਸਕੇਗੀ। ਵਡੇ ਗੁਰੂਜੀ ਦਾ ਕਥਨ ਹੈ -

**ਹਉਮੈ ਏਈ ਬੰਧਨਾ ਫਿਰਿ-ਫਿਰਿ ਜੋਨੀ ਪਾਹਿ ॥** (ਅੰਗ 466)

"ਹਉਮੈ" ਅਰਥਾਤ ਅਹੰਕਾਰ ਹੀ ਸਾਡੇ ਬੰਧਨਾਂ ਦਾ ਕਾਰਣ ਹੈ, ਜੋ ਅਸਾਨੂੰ ਮੰਜਿਲ ਤੋਂ ਦੂਰ ਰਖਦਾ ਹੈ।

ਇਹ ਸਿੱਖਿਆ ਮਿਲਣ ਤੇ ਸਾਰੇ ਜਿਆਸੂਗੁਰੁਦੇਵ ਨੂੰ ਨਮਸ਼ਕਾਰ ਕਰਕੇ ਵੈਸਾਖੀ ਪਰਵ ਦਾ ਆਨੰਦ ਮਾਣਦੇ ਹੋਏ ਘਰਾਂ ਨੂੰ ਪ੍ਰਸੰਨਤਾ ਪੂਰਵਕ ਮੁੜ ਗਏ॥

## ਭਾਈ ਪ੍ਰਿਥਾ ਜੀ

ਸ਼੍ਰੀ ਗੁਰੂਅਮਰ ਦਾਸ ਜੀ ਦੇ ਦਰਸ਼ਨਾ ਲਈ ਦੂਰ-ਦੂਰ ਤੋਂ ਸੰਗਤ ਆਉਂਦੀ ਰਹਿੰਦੀ ਸੀ ਇਸ ਲਈ ਗੋਇੰਦਵਾਲ ਵਿਚ ਸੱਦਾ ਭੀੜ ਬਣੀ ਰਹਿੰਦੀ ਸੀ। ਗੁਰੁਦੇਵ ਜੀ ਦੇ ਇੰਕਲਾਬੀ ਉਪਦੇਸ਼ ਸੁਣ ਕੇ ਲੋਕਾਂ ਵਿਚ ਜਾਗ੍ਰਤੀ ਆ ਰਹੀ ਸੀ। ਇਨ੍ਹਾਂ ਦਿਨ੍ਹਾਂ 'ਚ ਗੁਰੁਦੇਵ ਦੀ ਬਿਰਾਦਰੀ ਦੇ ਕੁਝ ਲੋਕ ਜੋਕਿ ਜਾਤਿ-ਪ੍ਰਥਾ ਦੇ ਅਨੁਸਾਰ ਉਨ੍ਹਾਂ ਦੀ ਗੋ੍ਤ ਇਤਿਆਦਿ ਦੇ ਸਨ, ਉਸਤਤੀ ਸੁਣਕੇ ਦਰਸ਼ਨਾ ਨੂੰ ਆਏ। ਪਰ ਉਨ੍ਹਾਂ ਦੇ ਮਨ ਵਿਚ ਇਕ ਸੂਖਮ ਅਭਿਮਾਨ ਉਤਪੰਨ ਹੋ ਗਿਆ ਕਿ ਸਾਡੀ ਵੀ ਓਹੀ ਜਾਤਿ ਹੈ, ਜੋ ਗੁਰੁਦੇਵ ਦੀ ਹੈ। ਓਹ ਸੰਗਤ ਵਿਚ ਅਪਣੇ ਆਪ ਨੂੰ ਸਰੇਸ਼ਠ ਮਨਣ ਲਗੇ ਅਤੇ ਅਪਣੇ ਮੂੰਹੋ ਅਪਣੀ ਵਡਾਈ ਕਰਨੇ ਵਿਚ ਹੀ ਸਮਾਂ ਬਰਬਾਦ ਕਰਨ ਲਗੇ। ਜਦੋਂ ਓਹ ਗੁਰੁਦੇਵ ਦੇ ਸਮਮੁਖ ਹਾਜ਼ਿਰ ਹੋਏ ਤਾਂ ਉਥੇ ਵੀ ਉਨ੍ਹਾਂ ਨੇ ਅਖੌਤੀ

ਜਾਤਿ-ਅਭਿਮਾਨ ਨੂੰ ਪ੍ਰਗਟ ਕੀਤਾ ਅਤੇ ਕਹਿਆ- ਗੁਰੂਜੀ ਤੁਸਾਂ ਦੀ ਅਤੇ ਸਾਡੀ ਜਾਤਿ ਇਕ ਹੀ ਹੈ। ਇਸ ਲਈ ਸਾਨੂੰ ਪਹਿਲ ਮਿਲਣੀ ਚਾਹਿਦੀ ਹੈ। ਇਹ ਸੁਣਕੇ ਗੁਰਦੇਵ ਨੇ ਕਹਿਆ-ਭਾਈ ਪ੍ਰਿਥਾ ਜੀ ! ਗੁਰੂਨਾਨਕ ਦੇ ਘਰ ਵਿਚ ਸਾਰੇ ਮਨੁੱਖ ਇਕ ਸਮਾਨ ਹਨ, ਕੋਈ ਛੋਟਾ ਵਡਾ ਨਹੀਂ ਹੈ। ਇਸੀ ਪ੍ਰਕਾਰ ਪ੍ਰਭੂ ਦੀ ਦ੍ਰਿਸ਼ਟੀ ਵਿਚ ਵੀ ਸਾਰੇ ਲੋਕ ਉਸ ਦੀ ਹੀ ਸੰਤਾਨ ਹਨ, ਓਹ ਸਾਰਿਆਂ ਦਾ ਪਿਤਾ ਹੈ, ਉਸ ਦੇ ਦਰਬਾਰ ਵਿਚ ਤਾਂ ਸੱਚਾਈ ਦੇ ਆਧਾਰ ਤੇ ਨਿਆ ਹੁੰਦਾ ਹੈ ਉਥੇ ਜਾਤਿ-ਪਾਤਿ ਦਾ ਚਕ੍ਰਵਿਯੂਹ ਹੀ ਨਹੀਂ। ਇਹ ਸਬ ਮਨ- ਗੜਤ ਗੱਲਾਂ ਬਣਾ ਕੇ ਕੁਝ ਚਤੁਰ ਲੋਕਾਂ ਨੇ ਸਮਾਜ ਦਾ ਵਰਗੀਕਰਣ ਕਰਕੇ ਅਪਣਾ ਉੱਲੂ ਸਿੱਧਾ ਕੀਤਾ ਹੋਇਆ ਹੈ। ਅਧਿਆਤਮਿਕ ਦੁਨੀਆਂ ਵਿਚ ਦਾਖਲਾ ਲੈਣ ਤੇ ਤੁਸੀ ਮਹਿਸੂਸ ਕਰੋਗੇ ਕਿ ਸ਼ਰੀਰ ਦਾ ਅਭਿਮਾਨ ਯਾ ਜਾਤਿ ਅਭਿਮਾਨ ਇਕ ਵਡਾ ਬੰਧਨ ਹੈ। ਇਹ ਗੱਲਾਂ ਮਾਨਵ ਕਲਿਆਣ ਦੇ ਮਾਰਗ ਵਿਚ ਬਹੁਤ ਵਡੀ ਰੁਕਾਵਟ ਹੈ। ਕਿਉਂਕਿ ਇਨ੍ਹਾਂ ਦਾ ਅਲੌਕਿਕ ਸੰਸਾਰ ਵਿਚ ਕੋਈ ਮਹਤਵ ਨਹੀਂ ਹੈ, ਉਥੇ ਇਹ ਗਲਾਂ ਮਿਥਿਆ ਹਨ। ਇਸ ਲਈ ਜੋ ਸਿਫਰ (ਗੌਣ) ਵਸਤੂ ਹੈ ਉਸ ਤੇ ਅਭਿਮਾਨ ਕਰਨਾ ਮੂਰਖਤਾ ਤੋਂ ਇਲਾਵਾ ਕੁਝ ਵੀ ਨਹੀਂ ਹੈ। ਜੇਕਰ ਕੋਈ ਮਨੁੱਖ ਅਪਣਾ ਕਲਿਆਣ ਚਾਹੁੰਦਾ ਹੈ ਤਾਂ ਪਹਿਲਾ ਉਹ ਅਪਣੇ ਮਨ ਤੋਂ ਨਿਰੱਥਕ ਗੱਲਾ ਦਾ ਬੋਝ ਉਤਾਰ ਕੇ, ਇਕ ਸ਼ੁੱਧ ਮਨੁੱਖ ਬਣਕੇ ਗੁਰੂਜੀ ਦੀ ਸ਼ਰਣ ਵਿਚ ਆਉਂਣ ਚਾਹਿਦਾ ਹੈ, ਕਿਉਂਕਿ ਗੁਰ ਇਨ੍ਹਾਂ ਕਮਜੋਰੀਆਂ ਵਾਲੇ ਮਨੁੱਖ ਨੂੰ ਸਵੀਕਾਰ ਨਹੀਂ ਕਰਦੇ।

**ਜਾਤਿ ਦਾ ਗਰਬ ਨਾ ਕਰੀਅਹੁ ਕੋਈ ॥**

**ਬ੍ਰਹਮ ਬਿੰਦੇ ਸੋ ਬ੍ਰਾਹਮਣੁ ਹੋਈ ॥**

**ਜਾਤਿ ਦਾ ਗਰਬੁ ਨ ਕਰਿ ਮੂਰਖ ਗਵਾਰਾ ॥**

**ਇਸੁ ਗੁਰਬ ਤੇ ਚਲਹਿ ਬੁਹਤੁ ਵਿਕਾਰਾ ॥** ਰਹਾਉ ॥

**ਚਾਰੇ ਵਰਨ ਆਖੈ ਸਭੁ ਕੋਈ ॥**

**ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ ॥**

**ਮਾਟੀ ਏਕ ਸਗਲ ਸੰਸਾਰ ॥**

**ਬਹੁ ਬਿਧਿ ਭਾਂਡੇ ਘੜੈ ਕੁੰਹਾਰਾ ॥** (ਅੰਗ-1128)

ਉਪਰੋਕਤ ਉਪਦੇਸ਼ ਸੁਣਕੇ ਪ੍ਰਿਥਾ ਜੀ ਗੁਰੁ ਚਰਣਾਂ ਵਿਚ ਸੀਸ਼ ਝੁਕਾਕੇ ਜਾਤਿ ਅਭਿਮਾਨ ਦੇ ਲਈ ਖਿਮਾ ਜਾਚਨਾ ਕੀਤੀ ਅਤੇ ਕਹਿਆ ਮੈਂ ਪਿਛਲੀਆਂ ਭੁਲਾਂ ਦੇ ਲਈ ਵੀ ਪਸ਼ਚਾਤਾਪ ਕਰਾਂਗਾ ਕਿਉਂਕਿ ਮੈਂਨੇ ਬਹੁਤ ਸਾਰੇ ਛੋਟੇ ਵਰਗਾਂ ਦੇ ਲੋਕਾਂ ਦੇ ਦਿਲ ਦੁਖਾਏ ਹਨ।

## ਪੰਡਿਤ ਬੂਲਾ ਜੀ

ਸਤਿ ਦੀ ਖੋਜ ਵਿਚ ਲੀਨ ਪੰਡਿਤ ਬੂਲਾ ਜੀ ਯਾਤ੍ਰਾ ਕਰਦੇ ਹੋਏ ਸ਼੍ਰੀ ਗੁਰੂਅਮਰਦਾਸ ਜੀ ਦੇ ਦਰਬਾਰ ਵਿਚ ਹਾਜ਼ਿਰ ਹੋਏ। ਕੁਝ ਦਿਨ ਗੁਰਦੇਵ ਦੇ ਪ੍ਰਵਚਨ ਸੁਣਦੇ ਰਹੇ ਤਦ ਉਨ੍ਹਾਂ ਨੇ ਜਾਣ ਲਿਆ ਕਿ ਗੁਰਮਤਿ ਦਾ ਤਤੁਸਾਰ ਹੈ ਕਿ ਅਪਣੇ ਕਲਿਆਣ ਦੇ ਲਈ ਮਨੁੱਖ ਨੂੰ ਸਮਸਤ ਪ੍ਰਾਣੀ-ਮਾਤ੍ਰ ਦੀ ਸੇਵਾ ਕਰਨੀ ਅਤੇ ਸੁਆਸਾਂ ਦੀ ਪੂੰਜੀ ਨੂੰ ਭਜਨ-ਬੰਦਗੀ ਵਿਚ ਵਰਤਣਾ ਚਾਹਿਦਾ ਹੈ। ਨਹੀਂ ਤਾਂ ਅਮੁਲ ਮਨੁੱਖਾ ਜੀਵਨ ਨਿਸ਼ਫਲ ਹੋ ਕੇ ਨਿਰੱਥਕ ਚਲਾ ਜਾਂਦਾ ਹੈ। ਇਸ ਲਈ ਉਨ੍ਹਾਂ ਨੇ ਕੋਸ਼ੀਸ਼ ਕੀਤੀ ਕਿ ਉਹ ਸੰਗਤ ਦੀ ਸੇਵਾ ਵਿਚ ਸਮਾਂ ਬਿਤਾਣ ਪਰ ਉਨ੍ਹਾਂ ਦੇ ਨਾਜੁਕ ਸ਼ਰੀਰ ਨੂੰ ਵੇਖਕੇ ਪ੍ਰਬੰਧਕ ਉਨ੍ਹਾਂ ਪਾਸੋ ਕਿਸੀ ਪ੍ਰਕਾਰ ਦੀ ਸੇਵਾ ਨਹੀਂ ਲੈਂਦੇ ਸਨ। ਫਿਰ ਵੀ ਉਨ੍ਹਾਂ ਦਾ ਮਨ ਜਨ-ਸਾਧਾਰਣ ਦੀ ਸੇਵਾ ਕਰਨੇ ਦਾ ਮੌਕਾ ਨਹੀਂ ਮਿਲਦਾ, ਅਸਲ ਵਿਚ ਮੇਰੇ ਪਾਸੋ ਕੋਈ ਸੇਵਾ ਲੈਣ ਲਈ ਰਾਜੀ ਨਹੀਂ ਹੁੰਦਾ। ਗੁਰਦੇਵ ਨੇ ਉਨ੍ਹਾਂ ਦੇ ਹਿਰਦੇ ਦੀ ਸੱਚੀ ਭਾਵਨਾ ਵੇਖਕੇ ਆਖਿਆ-ਆਪ ਸੰਸਾਰਿਕ ਵਿਦਿਆ ਦੇ ਗਿਆਨ ਵਾਨ ਹੋ ਅਤੇ ਹੁਣ ਆਧਿਆਤਮਿਕ ਦੁਨੀਆਂ ਦਾ ਵੀ ਗਿਆਨ  ਰਖਣੇ ਲਗੇ ਹੈ। ਇਸ ਲਈ ਆਪ ਦੀ ਸੇਵਾ ਇਹੀ ਠੀਕ ਰਹਿਗੀ ਕਿ ਆਪ ਜੀ ਗੁਰਬਾਣੀ ਦੀਆਂ ਛੋਟੀਆਂ ਪੁਸਤਕਾਂ ਤਿਆਰ ਕਰਕੇ ਸੰਗਤ ਵਿਚ ਜਿਗਿਆਸੁਵਾਂ ਵਿਚ ਵੰਡਣ ਦਾ ਕਾਰਜ ਕਰੋ ਜੀ। ਜੇਕਰ ਕੋਈ ਉਸ ਦੀ ਭੇਟਾ ਦੇਵੇ ਤਾਂ ਲੈ ਵੀ ਸਕਦੇ ਹੋ, ਜਿਸ ਨਾਲ ਆਪ ਦੀ ਆਮਦਨੀ ਬਣੀ ਰਹੇਗੀ। ਇਸ ਤੋਂ ਇਲਾਵਾ ਸੰਗਤ ਯਾ ਜਨ-ਸਾਧਾਰਣ ਵਿੱਚ ਕੱਥਾ ਵੀ ਕਰਿਆ ਕਰੋ ਜਿਸ ਨਾਲ ਆਪ ਦਾ ਅਭਿਆਸ ਬਣਿਆ ਰਹੇਗਾ ਅਤੇ ਜਨਤਾ ਨੂੰ ਗਿਆਨ ਪ੍ਰਾਪਤ ਹੋਵੇਗਾ ਪਰ ਇਕ ਗਲ ਦਾ ਧਿਆਨ ਰਖਣਾ ਹੈ ਕਿ ਕੱਥਾ ਕਰਦੇ ਸਮੇਂ ਟੀਚਾ ਸਿਰਫ ਗਿਆਨ ਵੰਡਣਾ ਚਾਹਿਦਾ ਹੈ ਨਾ ਕਿ ਅਪਣੀ ਵਿਦਵਤਾ ਦਾ ਪ੍ਰਦਰਸ਼ਨ ਯਾ ਅਪਣੇ ਆਪ ਨੂੰ ਵਿਦਵਾਨ ਪ੍ਰਗਟ ਕਰਨਾ।

## ਉੱਤਰਾਧਿਕਾਰੀ ਦੀ ਚੋਣ (ਚਹਨ)

ਸ਼੍ਰੀ ਗੁਰੂਅਮਰਦਾਸ ਜੀ ਦੀ ਆਯੁ 94 ਸ਼ਾਲਾਂ ਦੀ ਹੋ ਗਈ ਸੀ ਉਹ ਅਨੁਭਵ ਕਰਨੇ ਲਗੇ ਕਿ ਮੈਂਨੂੰ ਪਰਮ ਪਿਤਾ ਪਰਮੇਸ਼ਵਰ ਦੇ ਘਰ ਤੋਂ ਵਾਪਸ ਆਉਣ ਦਾ ਸੰਦੇਸ਼ ਆ ਗਿਆ ਹੈ। ਇਸ ਲਈ ਉਨ੍ਹਾਂ ਨੇ ਅਪਣਾ ਉੱਤਰਾਧਿਕਾਰੀ ਚੁਣਨੇ ਦਾ ਫੈਸਲਾ ਲਿਆ। ਇਕ ਦਿਨ ਉਨ੍ਹਾਂ ਨੇ ਸੁਵੇਰੇ ਦੇ ਦੀਵਾਨ ਦੀ ਸੰਮਾਪਤੀ ਤੋਂ ਬਾਦ ਅਪਣੇ ਦੋਨਾਂ ਪੁਤਰਾਂ ਮੋਹਨ ਜੀ, ਮੋਹਰੀ ਜੀ ਅਤੇ ਜਵਾਈ ਰਾਮਾ ਜੀ ਅਤੇ ਜੇਠਾ ਜੀ ਨੂੰ ਬੁਲਾ ਲਿਆ। ਉਨ੍ਹਾਂ ਦੇ ਆਣੇ ਤੇ ਆਪਨੇ ਸਾਰਿਆ ਨੂੰ ਹੁਕਮ ਕੀਤਾ ਕਿ ਆਪ ਲੋਕ ਬਾਉਲੀ ਦੇ ਬਾਹਰ ਇਕ-ਇਕ ਮੰਚ (ਥੜਾ ਤਿਆਰ ਕਰੋ, ਜਿਸ ਤੇ ਅਸੀਂ ਖਾਲੀ ਸਮੇਂ ਬੈਠਕੇ ਸੰਗਤਾਂ ਨਾਲ ਵਿਚਾਰ-ਵਟਾਂਦਰਾ ਕਰ ਸਕਿਏ। ਇਹ ਅਨੋਖਾ-ਜਿਹ ਹੁਕਮ ਸੁਣਕੇ ਉਨ੍ਹਾਂ ਦੇ ਪੁਤ੍ਰਾਂ ਨੇ ਕਹਿਆ-ਹੁਣੇ ਕੋਈ ਕਾ ਕਾਰੀਗਰ  ਬੁਲਾ ਦੇਂਦੇ ਹਾਂ। ਉਹ

ਮੰਚ ਤਿਆਰ ਕਰ ਦੇਵੇਗਾ ਇਹ ਕਹਿਦੇ ਓਹ ਚਲੇ ਗਏ। ਪਰ ਰਾਮਾ ਜੀ ਅਤੇ ਜੇਠਾ ਜੀ ਮੰਚ ਤਿਆਰ ਕਰਨੇ ਵਿਚ ਲਗ ਗਏ। ਜਦੋਂ ਦੋਨੋਂ ਮੰਚ ਤਿਆਰ ਹੋ ਗਿਆ ਤਾਂ ਗੁਰਦੇਵ ਉਸ ਨੂੰ ਵੇਖਣ ਆਏ। ਨਿਰੀਖਣ ਕਰਦੇ ਹੋਏ ਉਨ੍ਹਾਂ ਵੇਖਿਆ ਕਿ ਮੰਚ ਉਨ੍ਹਾਂ ਦੀ ਲੋੜ ਅਨੁਸਾਰ ਨਹੀ ਤਿਆਰ ਹੋਏ। ਇਸ ਲਈ ਦੁਬਾਰਾ ਹੁਕਮ ਦਿਤਾ ਕਿ ਇਹ ਦੋਨੋਂ ਮੰਚ ਠੀਕ ਨਹੀਂ, ਇਨ੍ਹਾਂ ਨੂੰ ਡੇਗ ਕੇ ਮੁੜ ਸਾਡੀ ਲੋਣ ਨੂੰ ਮੁਖ ਰਖਕੇ ਤਿਆਰ ਕਰੋ। ਦੋਨ੍ਹਾਂ ਜੁਆਇਆ ਨੇ ਮੰਚ ਡੇਗ ਦਿਤੇ ਅਤੇ ਗੁਰੂਜੀ ਇੱਛਾ ਅਨੁੰਸਾਰ ਨਵੇਂ ਮੰਚ (ਥੜੇ) ਬਣਾਣ ਲਗੇ। ਪਰ ਗੁਰਦੇਵ ਨੇ ਇਨ੍ਹਾਂ ਦੋਨ੍ਹਾਂ ਮੰਚਾ ਵਿਚ ਫਿਰ ਤੂਟੀਆਂ ਕਡ ਦਿਤੀਆਂ ਅਤੇ ਫਿਰ ਤੋਂ ਨਵੇ ਮੰਚ ਤਿਆਰ ਕਰਨੇ ਨੂੰ ਕਹਿਆ। ਇਸ ਤੇ ਰਾਮਾ ਜੀ ਕਹਿਣ ਲਗੇ- ਇਹ ਮੰਚ ਤਾਂ ਤੁਸਾਂ ਦੇ ਦਸੇ ਨਾਪ ਅਤੇ ਆਕਾਰ ਦੇ ਅਨੁਸਾਰ ਹੀ ਤਿਆਰ ਕੀਤਾ ਗਿਆ ਹੈ। ਜਦੋਂ ਕਿ ਜੇਠਾ ਜੀ ਨੇ ਕੋਈ ਟਿੱਪਣੀ ਨਹੀਂ ਕੀਤੀ। ਸਿਰਫ ਸਤਵਚਨ ਕਹਿਕੇ ਪੁਰਾਣਾ ਮੰਚ ਡੇਰਾ ਦਿਤਾ ਅਤੇ ਨਵਾਂ ਮੰਚ ਤਿਆਰ ਕਰਨੇ ਵਿਚ ਲਗ ਗਏ। ਸੰਧਿਆ ਨੂੰ ਜਦੋਂ ਮੰਚ ਤਿਆਰ ਹੋਏ ਤਾਂ ਗੁਰਦੇਵ ਨੇ ਨਿਰੀਖਣ ਕਰਦੇ ਵਕਤ ਦੋਨੋਂ ਮੰਚ ਰੱਦ ਕਰ ਦਿਤੇ ਅਤੇ ਉਨ੍ਹਾਂ ਵਿਚ ਕਈ ਤੁਟੀਆਂ ਕਡ ਦਿਤੀਆਂ। ਇਸ ਵਾਰ ਰਾਮਾ ਜੀ ਸ਼ਾਂਤ ਨਹੀਂ ਰਹ ਸਕੇ, ਉਹ ਕਹਿ ਉਠੇ-ਪਿਤਾ ਜੀ ਜਿਦਾ ਤੁਸਾਂ ਦਸਿਆ ਸੀ, ਇਹ ਠੀਕ ਉਸੀ ਨਾਮ-ਤੋਲ ਦਾ ਹੈ। ਹੁਣ ਇਸ ਤੋਂ ਚੰਗਾ ਮੈਂਥੋ ਨਹੀਂ ਬਣ ਸਕਦਾ। ਇਸ ਦੇ ਉਲਟ ਜੇਠਾ ਜੀ ਨੇ ਕਹਿਆ-ਮੈਂ ਅਲਪਗ ਹਾਂ, ਮੈਂਥੋ ਜਰੂਰ ਭੁਲ ਹੋਈ ਹੈ, ਮੇਰੇ ਤੇ ਤੁਸੀ ਕ੍ਰਿਪਾ ਦ੍ਰਿਸ਼ਟੀ ਕਰੋ ਅਤੇ ਸੁਮਤਿ ਬਖਸ਼ੋ ਜਿਸ ਨਾਲ ਮੈਂ ਮੰਚ ਤੁਸਾਂ ਦੀ ਆਗਿਆ ਦੇ ਅਨੁਸਾਰ ਤਿਆਰ ਕਰ ਸਕਾਂ ਅਤੇ ਫਿਰ ਤੋਂ ਕਾਮ ਵਿਚ ਜੁਟ ਗਏ। ਅਗਲੀ ਸੰਧਿਆ ਨੂੰ ਗੁਰੂਦੇਵ ਨੇ ਮੰਚ ਵਿਚ ਫਿਰ ਕਮਰਾਂ ਕਡ ਦਿਤੀਆਂ। ਇਸ ਤੇ ਜੇਠਾ ਜੀ ਦ੍ਰਵਿਤ ਨੇਤਾਂ ਨਾਲ ਗੁਰਦੇਵ ਦੇ ਚਰਨਾਂ ਵਿਚ ਡਿਗ ਪਏ ਅਤੇ ਬੇਨਤੀ ਕਰਨ ਲਗੇ ਕਿ ਮੈਂਨੂੰ ਤੁਸੀ ਵਿਵੇਕ ਬੁੱਧਿ ਪ੍ਰਦਾਨ ਕਰੋ, ਜਿਸ ਨਾਲ ਮੈਂ ਆਪ ਦੇ ਮਨਪਸੰਦ ਮੰਚ ਤਿਆਰ ਕਰਨ ਵਿਚ ਸਫਲ ਹੋ ਜਾਵਾਂ ਬਸ ਜੇਠਾ ਜੀ ਦੀ ਨਿਮ੍ਰਤਾ ਵੇਖਕੇ ਗੁਰਦੇਵ ਨੇ ਉਨ੍ਹਾਂ ਨੂੰ ਅਪਣੇ ਕੰਠ ਨਾਲ ਲਗਾ ਲਿਆ ਅਤੇ ਕਹਿਆ ਮੈਂਨੂੰ ਇਹ ਮੰਚ (ਥੜੇ) ਨਹੀਂ ਚਾਹਿਦੇ, ਮੈਂਨੂੰ ਤਾਂ ਸਿਰਫ ਤੇਰਾ ਪਿਆਰ ਚਾਹਿਦਾ ਸੀ, ਇਸ ਪ੍ਰਕਾਰ ਉਨ੍ਹਾਂ ਨੇ ਸਾਰੀ ਸੰਗਤ ਦੇ ਸਾਮਣੇ ਇਲਾਨ ਕਰ ਦਿਤਾ ਕਿ ਮੇਰੇ ਬਾਦ ਗੁਰੂਨਾਨਕ ਦੇਵ ਜੀ ਦੀ ਗੱਦੀ ਦੇ ਨਵੇਂ ਵਾਰੀਸ ਜੇਠਾ ਜੀ ਹੋਣਗੇ। ਅਗਲੀ ਸੁਵੇਰ ਨੂੰ ਆਪ ਨੇ ਜੇਠਾ ਜੀ ਨੂੰ ਅਪਣੇ ਆਸਨ ਤੇ ਬਿਠਾਕੇ ਬਾਬਾ ਬੁੱਢਾ ਜੀ ਤੋਂ ਸਾਰੀਆਂ ਧਾਰਮਿਕ ਰਸਮਾ ਪੂਰੀਆਂ ਕਰਵਾਕੇ ਜੇਠਾ ਜੀ ਨੂੰ ਨਵੇਂ ਨਾਂ ਨਾਲ ਅਲੰਕ੍ਰਿਤ ਕੀਤਾ ਅਤੇ ਉਨ੍ਹਾਂ ਦਾ ਨਾਂ ਰਖਿਆ-ਰਾਮਦਾਸ ਫਿਰ ਉਨ੍ਹਾਂ ਦੇ ਚਰਨਾਂ ਤੇ ਅਪਣਾ ਸੀਸ ਝੁਕਾਦਿਤਾ ਉਸ ਤੋਂ ਬਾਦ ਦੋਨੋਂ ਪੁਤ੍ਰਾਂ ਅਤੇ ਜੁਆਈ ਰਾਮਾ ਜੀ ਨੂੰ ਵੀ ਸੀਸ ਝੁਕਾਣੇ ਲਈ ਕਹਿਆ-ਸਾਰੀਆਂ ਨੇ ਗੁਰੂਹੁਕਮਾਂ ਅਨੁਸਾਰ ਐਸਤਰ੍ਹਾਂ ਹੀ ਕੀਤਾ ਫਿਰ ਸਾਰੀ ਸੰਗਤ ਨੇ ਰਾਮਦਾਸ ਜੀ (ਜੇਠਾ ਜੀ) ਨੂੰ ਗੁਰੂਮਨ ਕੇ ਸੀਸ਼ ਝੁਕਾ ਦਿਤਾ।

# ਗੁਰੁਦੇਵ ਪਰਮ - ਜੋਤੀ ਵਿਚ ਵਿਲੀਨ

ਸ਼੍ਰੀ ਗੁਰੂਅਮਰਦਾਸ ਜੀ ਨੇ ਪਰਮ-ਜੋਤੀ ਵਿਚ ਵਿਲੀਨ ਹੋਣ ਤੋਂ ਪਹਿਲਾ ਅਪਣੇ ਪਰਿਵਾਰ ਦੇ ਸਾਰੇ ਸਦਸਿਆ ਨੂੰ ਅਤੇ ਸੰਗਤ ਨੂੰ ਇਕਤ੍ਰਿਤ ਕੀਤਾ ਅਤੇ ਕੁਝ ਖਾਸ ਉਪਦੇਸ਼ ਦਿਤੇ। ਇਨ੍ਹਾਂ ਉਪਦੇਸਾਂ ਨੂੰ ਉਨ੍ਹਾਂ ਦੇ ਪੜਪੋਤੇ 'ਸੁੰਦਰ ਜੀ' ਰਾਗ ਰਾਮਕਲੀ ਵਿਚ "ਸਦੁ" ਦੇ ਸਿਰਲੇਖ ਹੇਠ ਇਕ ਰਚਨਾ ਦੁਆਰਾ ਬਹੁਤ ਪਿਆਰੇ ਸ਼ਬਦਾਂ ਵਿਚ ਵਰਣਨ ਕੀਤਾ ਹੈ। ਸ਼੍ਰੀ ਸੁੰਦਰ ਜੀ ਸ਼੍ਰੀ ਆਨੰਦ ਜੀ ਦੇ ਸੁਪੁਤ੍ਰ ਅਤੇ ਬਾਬਾ ਮੋਹਰੀ ਜੀ ਦੇ ਪੋਤੇ ਸਨ। ਇਹ ਬਾਣੀ 'ਗੁਰੂਗ੍ਰੰਥ ਸਾਹਿਬ' ਵਿਚ ਦਰਜ ਹੈ। ਗੁਰਦੇਵ ਨੇ ਅਪਣੇ ਪ੍ਰਵਚਨਾ ਵਿਚ ਕਹਿਆ- ਮੇਰੇ ਦੇਹਾਂਤ ਤੋਂ ਬਾਦ ਕਿਸੀ ਦਾ ਵੀ ਵਿਯੋਗ ਵਿਚ ਰੋਣਾ ਬਿਲਕੁਲ ਉਚਿਤ ਨਹੀਂ ਹੋਵੇਗਾ ਕਿਉਂਕਿ ਮੇਨੂੰ ਐਸੇ ਰੋਣ ਵਾਲੇ ਮਨੁੰਖ ਚੰਗੇ ਨਹੀਂ ਲਗਦੇ। ਮੈਂ ਪਰਮ ਪਿਤਾ ਪਰਮੇਸ਼ਵਰ ਦੀ ਦਿਵਯ-ਜੋਤੀ ਵਿਚ ਵਿਲੀਨ ਹੋਣ ਜਾ ਰਿਹਾ ਹਾਂ। ਇਸ ਲਈ ਤੁਸਾਂ ਨੂੰ ਮੇਰੇ ਲਈ ਇਕ ਸਨੇਹੀ ਹੋਣ ਦੇ ਨਾਤੇ ਖੁਸੀ ਪ੍ਰਗਟ ਕਰਨੀ ਚਾਹਿਦੀ ਹੈ। ਗੁਰਦੇਵ ਨੇ ਕਹਿਆ -ਸੰਸਾਰ ਤਾਂ ਸਾਰਿਆਂ ਨੇ ਤਿਆਗਣਾ ਹੀ ਹੈ, ਐਸੀ ਵਿਧੀ-ਵਿਧਾਨ ਪ੍ਰਭੂਨੇ ਬਣਾਇਆ ਹੋਇਆ ਹੈ। ਕੋਈ ਵੀ ਇਥੇ ਸਥਾਈ ਰੂਪ ਵਿਚ ਨਹੀਂ ਰਹ ਸਕਦਾ, ਐਸਾ ਕੁਦਰਤ ਦਾ ਅਟਲ ਨੇਮ ਹੈ। ਇਸ ਲਈ ਸਾਨੂੰ ਉਸ ਪ੍ਰਭੂਦੇ ਨੇਮਾਂ ਨੂੰ ਸਮਝਣਾ ਚਾਹਿਦਾ ਹੈ ਅਤੇ ਸਦਾ ਇਸ ਮਨੁੰਖੀ ਜਨਮ ਨੂੰ ਸਫਲ ਕਰਨੇ ਦੇ ਯਤਨਾਂ ਵਿਚ ਲਗੇ ਰਹਿਣਾ ਚਾਹਿਦਾ ਹੈ ਤਾਕਿ ਇਹ ਮਨੂੰਖਾ ਜੀਵਨ ਵਿਅਰਥ ਨ ਚਲਾ ਜਾਵੇ।

ਗੁਰਦੇਵ ਨੇ ਕਹਿਆ ਮੇਰੇ ਸ਼ਰੀਰ ਨੂੰ ਅਗਨੀ ਭੇਟਾ ਸਮੇਂ ਕਿਸੀ ਨੂੰ ਵੀ ਪ੍ਰਚਲਿਤ ਕਰਮਕਾਂਡ ਕਰਨੇ ਦੀ ਲੋੜ ਨਹੀਂ ਹੈ। ਮੇਰੇ ਲਈ ਸਿਰਫ ਪ੍ਰਭੂ-ਚਰਨਾਂ ਵਿਚ ਬੇਨਤੀ ਕਰਨੀ ਅਤੇ ਸਾਰੀ ਸੰਗਤ ਮਿਲਕੇ ਹਰਿਜਸ (ਕੀਰਤਨ) ਕਰਨਾ ਅਤੇ ਸੁਣਨਾ। ਕਥਾ ਸਿਰਫ ਪ੍ਰਭੂਮਿਲਣ ਦੀ ਹੀ ਕੀਤੀ ਜਾਵੇ। ਇਸ ਕਾਰਜ ਦੇ ਲਈ ਵੀ ਸੰਗਤ ਵਿਚੋਂ ਹੀ ਕੋਈ ਗੁਰਮਤਿ ਦਾ ਗਿਆਨੀ ਮਨੁੰਖ ਚੁਣ ਲੈਣਾ, ਭਾਵ ਇਹ ਹੈ ਕਿ ਦੁਜੇ ਮਤਿ-ਮੰਤ੍ਰ ਦਾ ਪ੍ਰਭਾਵ ਨਹੀਂ ਹੋਣਾ ਚਾਹਿਦਾ। ਸਿਰਫ ਅਤੇ ਸਿਰਫ ਹਰਿਨਾਮ ਦੀ ਹੀ ਉਸਤਤੀ ਹੋਣੀ ਚਾਹਿਦੀ ਹੈ।

ਇਹ ਹੁਕਮ ਦੇ ਕੇਆਪ ਜੀ ਇਕ ਸਫੇਦ ਚਾਦਰ ਤਾਨ ਕਰ ਲੇਟ ਗਏ ਅਤੇ ਸ਼ਰੀਰ ਤਿਆਗ ਦਿਤਾ। ਆਪ ਜੀ ! ਸਿਤੰਬਰ, ਸੰਨ 1574 ਈ. ਨੂੰ ਤਦਨੁਸਾਰ ਭਾਦੋ ਸੁਦੀ 15 ਸੰਵਤ 1631 ਨੂੰ ਦਿਵਯ-ਜੋਤੀ ਵਿਚ ਸਮਾ ਗਏ।

**ਸਤਿਗੁਰਿ ਭਾਣੈ ਆਪਣੈ ਬਹਿ ਪਰਵਾਰੁ ਸਦਾਇਆ ॥**

**ਮਤ ਮੈ ਪਿਛੈ ਕੋਈ ਰੋਵਸੀ ਸੋ ਮੈਂ ਮੂਲਿ ਨ ਭਾਇਆ ॥**

ਯਥਾ

**ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥** (ਅੰਗ– 923)

ਉਨ੍ਹਾਂ ਦੀ ਇੱਛਾਨੁਸਾਰ ਬਿਨਾਂ ਕਿਸੀ ਕਰਮਕਾਂਡਾਂ ਦੇ ਬਿਆਸ ਨਦੀ ਦੇ ਕੰਡੇ ਚਿੱਤਾ ਸਜਾਈ ਗਈ ਅਤੇ ਉਨ੍ਹਾਂ ਦੀ ਦੇਹ ਨੂੰ ਅਗਲੀ ਭੇਟ ਕਰ ਦਿਤਾ ਗਿਆ। ਹਾੜ ਆਉਣ ਦੇ ਦਿਨਾਂ 'ਚ ਉਹ ਥਾਂ ਨਦੀ ਵਿਚ ਲਾਪਤਾ ਹੋ ਗਈ ਅਤੇ ਪਿਛੇ ਕੁਝ ਨ ਰਿਹਾ।

– – – – – – – – – – –